ਪ.ਸ਼./ਮ.ਸ਼./03.30/28.06.2022

# PUNJAB VIDHAN SABHA

*Tuesday, the 28th June, 2022*
*(Afternoon Sitting)*

*The Vidhan Sabha met in the Punjab Vidhan Sabha Hall, Vidhan Bhavan, Sector -1, Chandigarh at 3.30 P.M. Mr. Speaker (Sardar Kultar Singh Sandhwan) in the Chair.*

------

## STARRED QUESTIONS AND ANSWERS

### ਹਲਕਾ ਗੜ੍ਹਸ਼ੰਕਰ ਦੇ ਸਰਕਾਰੀ ਸਕੂਲਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ

***292 ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਗੜ੍ਹਸ਼ੰਕਰ ਵਿੱਚ ਕਿੰਨੇ ਸਰਕਾਰੀ ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ ਅਤੇ ਇਨ੍ਹਾਂ ਵਿੱਚ ਕਿੰਨੀਆਂ ਮੰਨਜੂਰਸ਼ੁਦਾ ਅਸਾਮੀਆਂ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਹਲਕਾ ਗੜ੍ਹਸ਼ੰਕਰ ਵਿੱਚ 160 ਸਰਕਾਰੀ ਐਲੀਮੈਂਟਰੀ, 120 ਹਾਈ ਅਤੇ 21 ਸੀਨੀਅਰ ਸੈਕੰਡਰੀ ਹਨ। ਇਨ੍ਹਾਂ ਸਕੂਲਾਂ ਵਿੱਚ ਮੰਨਜੂਰਸ਼ੁਦਾ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਅਸਾਮੀ ਦਾ ਨਾਂ | ਮੰਨਜੂਰਸ਼ੁਦਾ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|
| 1 | ਪ੍ਰਿੰਸੀਪਲ | 19 | 09 |
| 2 | ਮੁੱਖ ਅਧਿਆਪਕ | 21 | 12 |
| 3 | ਲੈਕਚਰਾਰ | 142 | 63 |

| | | | |
|---|---|---|---|
| 4 | ਮਾਸਟਰ ਕਾਡਰ | 491 | 134 |
| 5 | ਅਦਰ ਕੈਟਾਗਰੀ ਟੀਚਰ (O.C.T.) | 51 | 33 |
| 6 | ਵੋਕੇਸ਼ਨਲ ਟੀਚਰ | 32 | 27 |
| 7 | ਵੋਕੇਸ਼ਨਲ ਟੀਚਰ | 09 | 08 |
| 8 | ਕੰਪਿਊਟਰ ਫੈਕਲਟੀ | 73 | 08 |
| 9 | ਸੈਂਟਰ ਹੈਡ-ਟੀਚਰ (CHT) Primary Cadre | 18 | 08 |
| 10 | ਹੈੱਡ ਟੀਚਰ | 76 | 10 |
| 11 | ਈ.ਟੀ.ਟੀ/ਜੇ.ਬੀ.ਟੀ. | 238 | 115 |
| 12 | ਕਲਰਕ/ਜੂਨੀਅਰ ਸਹਾਇਕ | 42 | 16 |
| 13 | ਲਾਇਬਰੇਰੀ ਸਹਾਇਕ | 04 | 02 |
| 14 | ਲਾਇਬਰੇਰੀ ਰਿਸਟੋਰਰ | 04 | 03 |
| 15 | ਸੀਨੀਅਰ ਲੈਬਾਟਰੀ ਅਟੈਂਡੈਂਟ (ਐਸਐਲਏ) | 14 | 0 |
| 16 | ਦਰਜਾ-4 | 142 | 90 |

ਵਿਭਾਗ ਵਿੱਚ ਪ੍ਰਿੰਸੀਪਲ, ਹੈਡ ਮਾਸਟਰ, ਲੈਕਚਰਾਰ, ਓ.ਸੀ.ਟੀ., ਮਾਸਟਰ ਕਾਡਰ ਅਤੇ ਨਾਲ ਟੀਚਿੰਗ ਕਰਡਰ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਇਸ਼ਤਿਹਾਰ ਦਿੱਤੇ ਜਾ ਚੁੱਕੇ ਹਨ। ਸਲੈਕਸ਼ਨ ਹੋਣ ਉਪਰੰਤ ਇਨ੍ਹਾਂ ਅਸਾਮੀਆਂ ਨੂੰ ਜਲਦ ਹੀ ਭਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਸਿੱਧੀ ਭਰਤੀ, ਪ੍ਰਮੋਸ਼ਨ/ਬਦਲੀ ਦੀ ਵਿਧੀ ਅਤੇ ਰੈਸ਼ਨੇਲਾਈਜੇਸ਼ਨ ਰਾਹੀਂ ਭਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਧੰਨਵਾਦ ਜੀ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਵੇਂ ਬਾਰਡਰ ਬੈੱਲਟ ਹੈ, ਉਸੇ ਤਰ੍ਹਾਂ ਹੀ ਕੰਡੀ ਹਲਕਾ ਪਠਾਨਕੋਟ ਤੋਂ ਲੈ ਕੇ ਮੋਹਾਲੀ ਤੱਕ ਹੈ। ਭਰਤੀ ਭਾਵੇਂ

ਪੰਚਾਇਤ ਸਕੱਤਰਾਂ ਦੀ ਹੈ ਅਤੇ ਭਾਵੇਂ ਪਟਵਾਰੀਆਂ ਦੀ ਅਤੇ ਟੀਚਰਾਂ ਦੀ, ਇਹ ਹਮੇਸ਼ਾ ਮਾਲਵੇ ਸਾਈਡ ਤੋਂ ਰਹੀ ਹੈ। ਇਸ ਦੇ ਕਾਰਨ ਜਿਹੜੇ ਵੀ ਮੁਲਾਜ਼ਮ ਉੱਥੇ ਨਿਯੁਕਤ ਕੀਤੇ ਜਾਂਦੇ ਹਨ, ਉਹ ਉੱਥੋਂ ਬਦਲੀ ਕਰਵਾ ਕੇ ਮੁੜ ਕੇ ਆਪਣੇ ਸਟੇਸ਼ਨ ਤੇ ਚਲੇ ਜਾਂਦੇ ਹਨ।ਪਹਿਲੀ ਗੱਲ ਇਹ ਹੈ ਕਿ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ? ਦੂਸਰੀ ਬੇਨਤੀ ਇਹ ਹੈ ਕਿ ਕੀ ਕੰਡੀ ਹਲਕੇ ਲਈ ਟੀਚਰਾਂ ਦੀ ਸਪੈਸ਼ਲ ਭਰਤੀ ਕੀਤੀ ਜਾ ਸਕਦੀ ਹੈ?

**ਮੰਤਰੀ**: ਸਰ, ਇਨ੍ਹਾਂ ਦਾ ਸਵਾਲ ਬਿਲਕੁਲ ਵਾਜਬ ਹੈ ਕਿਉਂਕਿ ਬਾਰਡਰ ਏਰੀਆ ਜਿਵੇਂ ਕਿ ਤਰਨਤਾਰਨ, ਫਿਰੋਜ਼ਪੁਰ, ਗੁਰਦਾਸਪੁਰ ਆਦਿ ਜਗ੍ਹਾ ਤੇ ਤਾਂ ਟੀਚਰ ਘੱਟ ਹਨ ਪਰ ਕੰਡੀ ਏਰੀਏ ਦੇ ਵਿੱਚ ਵੀ ਬਹੁਤ ਵੱਡੀ ਦਿਕਤ ਹੈ। ਸਰ, ਜਿਹੜੀਆਂ ਨਵੀਆਂ ਭਰਤੀਆਂ ਜਿਸ ਤਰ੍ਹਾਂ ਕਿ ਅਸੀਂ ਈ.ਟੀ.ਟੀ. ਟੀਚਰਾਂ ਦੀਆਂ ਵੀ ਕਰ ਰਹੇ ਹਾਂ, ਉਹ ਬਾਰਡਰ ਏਰੀਏ ਅਤੇ ਕੰਡੀ ਏਰੀਏ ਦੇ ਹਲਕੇ ਲਈ ਹੀ ਕਰ ਰਹੇ ਹਾਂ। ਅਸੀਂ 2/4 ਦਿਨਾਂ ਦੇ ਵਿੱਚ ਇਨ੍ਹਾਂ ਦੀ ਜੁਆਨਿੰਗ ਕਰਵਾ ਰਹੇ ਹਾਂ, ਪ੍ਰਾਇਮਰੀ ਟੀਚਰ ਤੁਹਾਨੂੰ ਇਸ ਵਿੱਚ ਮਿਲ ਜਾਣੇ ਹਨ। ਉਸ ਤੋਂ ਬਾਅਦ ਵੀ ਜਿਹੜੇ ਅਸੀਂ ਮਾਸਟਰ ਕਾਡਰ ਦੇ, ਲੈਕਚਰਾਰ ਦੇ, ਹੈੱਡ ਮਾਸਟਰ ਦੇ ਇਸ਼ਤਿਹਾਰ ਦਿੱਤੇ ਹੋਏ ਹਨ, ਉਨ੍ਹਾਂ ਦੀ ਭਰਤੀ ਵੀ ਅਸੀਂ ਬਾਰਡਰ ਏਰੀਏ ਅਤੇ ਕੰਡੀ ਏਰੀਏ ਦੇ ਆਧਾਰ ਤੇ ਕਰਾਂਗੇ, ਚਾਹੇ ਉਹ ਗੜ੍ਹਸ਼ੰਕਰ ਦਾ ਹਲਕਾ ਹੈ। ਇਹ ਸਰਕਾਰ ਦੀ ਪ੍ਰਾਈਰਿਟੀ ਰਹੇਗੀ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਪੀਕਰ ਸਾਹਿਬ, ਵੈਸੇ ਤਾਂ ਜੇਕਰ ਦੁਆਬੇ ਦੇ ਵਿੱਚ ਘਾਟ ਹੈ, ਤਾਂ ਕੰਡੀ ਦੇ ਵਿੱਚ ਹੈ। ਕੰਡੀ ਵਿੱਚ ਘਾਟ ਹੈ ਤਾਂ ਹੁਸ਼ਿਆਰਪੁਰ ਦੇ ਵਿੱਚ ਹੈ। ਜੇਕਰ ਹੁਸ਼ਿਆਰਪੁਰ ਦੇ ਵਿੱਚ ਕਿਤੇ ਘਾਟ ਹੈ ਤਾਂ ਉਹ ਗੜ੍ਹਸ਼ੰਕਰ ਦੇ ਵਿੱਚ ਹੈ ਕਿਉਂਕਿ ਇਹ ਹਮੇਸ਼ਾ ਵਿਰੋਧੀ ਧਿਰ ਦੇ ਵਿੱਚ ਰਿਹਾ ਹੈ ਅਤੇ ਸਮੇਂ ਦੀਆਂ ਸਰਕਾਰਾਂ ਨੇ ਉੱਥੇ ਬਹੁਤ ਵਧੀਕੀਆਂ ਕੀਤੀਆਂ ਹਨ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਗੜ੍ਹਸ਼ੰਕਰ ਨੂੰ ਸਭ ਤੋਂ ਪਹਿਲਾਂ ਤਵੱਜੋਂ ਦਿੱਤੀ ਜਾਵੇ। ਇਹ ਦੱਸ ਦੇਣ ਕਿ ਕਦੋਂ ਤੱਕ ਇਹ ਅਸਾਮੀਆਂ ਭਰ ਦੇਣਗੇ? ਬਹੁਤ ਬਹੁਤ ਮਿਹਰਬਾਨੀ ਜੀ।

**ਮੰਤਰੀ:** ਸਰ, ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ। ਜਿਹੜੀਆਂ ਨਵੀਆਂ ਨਿਯੁਕਤੀਆਂ ਹਨ, ਉਸ ਦੇ ਵਿੱਚ ਵੀ ਅਸੀਂ ਇਹ ਏਰੀਆ ਕਵਰ ਕਰ ਰਹੇ ਹਾਂ ਅਤੇ ਗੜ੍ਹਸ਼ੰਕਰ ਵੀ ਉਸ ਦੇ ਵਿੱਚ ਕਵਰ ਹੋਵੇਗਾ। ਰੈਂਕਵਾਈਜ਼ ਜਿਹੜੇ ਵੀ ਨਿਯੁਕਤ ਕੀਤੇ ਜਾਣੇ ਹਨ, ਉਹ ਆਪਣਾ ਏਰੀਆ ਭਰਨਗੇ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਧੰਨਵਾਦ ਸਪੀਕਰ ਸਾਹਿਬ। ਮੈਂ ਮਰਹੂਮ ਮੁੱਖ ਮੰਤਰੀ ਜੀ ਦੇ ਹਲਕੇ ਤੋਂ ਆਉਂਦਾ ਹਾਂ। ਮੇਰਾ ਹਲਕਾ ਪਾਇਲ ਹੈ। ਸਾਡੇ ਹਲਕੇ ਦੇ ਵਿੱਚ ਤਿੰਨ ਸਕੂਲ ਇਸ ਤਰ੍ਹਾਂ ਦੇ ਹਨ,

ਜਿੱਥੇ ਇੱਕ ਵੀ ਟੀਚਰ ਨਹੀਂ ਹੈ। ਮੈਂ ਇਸ ਸਵਾਲ ਦੇ ਜ਼ਰੀਏ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਇੱਕ ਵੀ ਟੀਚਰ ਨਹੀਂ ਹੈ, ਕੀ ਉੱਥੇ ਟੀਚਰ ਜਲਦੀ ਤੋਂ ਜਲਦੀ ਪ੍ਰੋਵਾਈਡ ਕੀਤੇ ਜਾਣਗੇ?

**ਮਾਨਯੋਗ ਸਪੀਕਰ:** ਸਵਾਲ ਵੱਖਰਾ ਬਣਦਾ ਹੈ ਜੀ, ਜੇਕਰ ਮੰਤਰੀ ਜੀ ਚਾਹੁਣ ਤਾਂ ਜਵਾਬ ਦੇ ਸਕਦੇ ਹਨ।

**ਮੰਤਰੀ:** ਸਰ, ਉਹ ਤਕਰੀਬਨ ਸਾਰੇ ਪ੍ਰਾਇਮਰੀ ਸਕੂਲ ਹਨ। ਮੈਂ ਇਸ ਬਾਰੇ ਕਈ ਵਾਰੀ ਵਿਧਾਨ ਸਭਾ ਦੇ ਵਿੱਚ ਜਵਾਬ ਦੇ ਚੁੱਕਿਆ ਹਾਂ। 2/4 ਦਿਨਾਂ ਦੇ ਵਿੱਚ ਹੀ ਇਸ ਸਮੱਸਿਆ ਦਾ ਹੱਲ ਹੋ ਜਾਵੇਗਾ ਕਿਉਂਕਿ 6500 ਟੀਚਰਾਂ ਦੀਆਂ ਨਿਯੁਕਤੀਆਂ 2/4 ਦਿਨਾਂ ਦੇ ਵਿੱਚ ਹੀ ਹੋ ਰਹੀਆਂ ਹਨ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਤੁਹਾਡਾ ਬਹੁਤ-ਬਹੁਤ ਧੰਨਵਾਦ। ਬਦਲੀਆਂ ਦੀ ਗੱਲ ਹੋਈ ਹੈ ਤਾਂ ਮੈਨੂੰ ਲੋਕਲ ਸਮੱਸਿਆ ਵੀ ਦੱਸ ਦੇਣੀ ਚਾਹੀਦੀ ਹੈ। ਸਰ ਜਦੋਂ ਵੀ ਬਦਲੀਆਂ ਆਪਾਂ ਕਿਸੇ ਵੀ ਮਹਿਕਮੇ ਦੇ ਵਿੱਚ ਕਰਦੇ ਹਾਂ ਭਾਵੇਂ ਉਹ ਬੀ.ਡੀ.ਪੀ.ਓ ਦਾ ਮਹਿਕਮਾ ਹੈ ਅਤੇ ਭਾਵੇਂ ਸੀ.ਡੀ.ਪੀ.ਓ. ਦਾ ਮਹਿਕਮਾ ਹੈ, ਜਿਨ੍ਹਾਂ ਦੀ ਅਸੀਂ ਨਿਯੁਕਤੀ ਕਰ ਦਿੰਦੇ ਹਾਂ, ਉਹ 10/10 ਜਾਂ 15/15 ਦਿਨ ਜੁਆਇੰਨ ਹੀ ਨਹੀਂ ਕਰਦੇ ਅਤੇ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਕਿਤੇ ਨਾ ਕਿਤੇ ਜਾ ਕੇ ਕੁਝ ਕਰੀਏ। ਜਿਹੜੇ ਐਜੂਕੇਸ਼ਨ ਦਾ ਡਿਪਾਰਟਮੈਂਟ ਹੈ, ਇਸ ਦੀਆਂ ਬਦਲੀਆਂ ਤਾਂ ਆਨ-ਲਾਈਨ ਹੈ। ਬੜੇ ਲੋਕ ਬਦਲੀਆਂ ਲਈ ਆਉਂਦੇ ਹਨ ਅਤੇ ਮੁੜ ਕੇ ਚਲੇ ਜਾਂਦੇ ਹਨ, ਨਰਾਜ਼ ਵੀ ਹੋ ਜਾਂਦੇ ਹਨ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਸਿਫਾਰਸ਼ਾਂ ਨੂੰ ਪਾਸੇ ਰੱਖ ਕੇ ਆਨ ਮੈਰਿਟ ਉਤੇ ਬਦਲੀਆਂ ਆਨ ਲਾਈਨ ਕਰ ਦਿੱਤੀਆਂ। ਜਿਨਾਂ ਦੀ ਮੈਰਿਟ ਬਣੇਗੀ ਉਨ੍ਹਾਂ ਦੀਆਂ ਹੋਣਗੀਆਂ।

**3.35/ਜਸਪਾਲ/28.6.22/ਮੋਨਿਕਾ**

**ਮਾਨਯੋਗ ਸਪੀਕਰ:** ਕਿਰਪਾ ਕਰਕੇ ਸਵਾਲ ਤੇ ਕੇਂਦਰਿਤ ਰਿਹਾ ਕਰੋ।

**ਸਰਦਾਰ ਅਮ੍ਰਿਤਪਾਲ ਸਿੰਘ ਸੁੱਖਾਨੰਦ :** ਸਰ, ਮੈਂ ਇਹੀ ਬੇਨਤੀ ਕਰਦਾ ਹਾਂ। ਸਵਾਲ ਤੇ ਬੇਨਤੀ ਵੀ ਹੈ, ਦੋਨੋਂ ਚੀਜ਼ਾਂ ਹਨ ਕਿ ਜਦੋਂ ਵੀ ਕਿਤੇ ਐਪੁਆਇੰਟਮੈਂਟ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਜੁਆਇਨ ਜ਼ਰੂਰ ਕਰਵਾਇਆ ਕਰੋ, ਕਈ ਵਾਰ ਜੁਆਇਨ ਨਹੀਂ ਹੁੰਦੇ, ਵਾਪਸ ਬਦਲ ਜਾਂਦੇ ਹਨ। ਧੰਨਵਾਦ ਜੀ।

----

## ਨਿਸ਼ਾਨ ਵਾਲਾ ਪ੍ਰਸ਼ਨ ਨੰ: 8

(ਇਸ ਸਮੇਂ ਸਬੰਧਿਤ ਮਾਨਯੋਗ ਮੰਤਰੀ ਜੀ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ ਪਰੰਤੂ ਮਾਨਯੋਗ ਮੈਂਬਰ ਦੇ ਸਦਨ ਵਿੱਚ ਬਾਅਦ ਵਿੱਚ ਹਾਜ਼ਰ ਹੋਣ ਕਾਰਨ ਇਸ ਸਵਾਲ ਨੂੰ ਬਾਅਦ ਵਿੱਚ ਲਿਆ ਗਿਆ ਜੋ ਕਿ ਡਿਬੇਟਸ ਦੇ ਪੰਨਾ ਨੰ. 21 ਤੇ ਹੈ ।)

----

## ਸਤਲੁਜ ਦਰਿਆ ਦੇ ਕੰਢੇ ਪੈਂਦੇ ਪਿੰਡਾਂ ਦੇ ਨਾਲ ਬੰਨ ਬਣਾਉਣਾ

*331. **ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਾਜ਼ਿਲਕਾ ਵਿਖੇ ਸਤਲੁਜ ਦਰਿਆ ਦੇ ਕੰਢੇ ਪੈਂਦੇ ਪਿੰਡਾਂ (ਸਾਹ ਹਿਠਾੜ, ਢਾਣੀ ਸੱਦਾ ਸਿੰਘ, ਰੇਤੇ ਵਾਲੀ ਭੈਣੀ, ਗੱਟੀ ਨੰ: 1, ਝੰਗੜ ਭੈਣੀ, ਰਾਮ ਸਿੰਘ ਭੈਣ, ਮਹਾਤਮ ਨਗਰ, ਦੋਨਾਂ ਨਾਨਕ, ਤੇਜਾ ਰੋਹੇਲਾ, ਚੱਕ ਰੋਹੇਲਾ,ਮੋਹਾਰ ਜਮਸ਼ੇਰ) ਦੇ ਨਾਲ ਜੋ ਬੰਨ ਬਣੇ ਹੋਏ ਹਨ ਉਨ੍ਹਾਂ ਨੂੰ ਦੂਸਰੇ ਪਾਸੇ ਬੰਨ ਜਾਂ ਸਟੱਡ ਲਗਾ ਕੇ ਬੰਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ):** ਨਹੀਂ ਜੀ, ਹਲਕਾ ਫਾਜ਼ਿਲਕਾ ਵਿਖੇ ਸਤਲੁਜ ਦਰਿਆ ਦੇ ਕੰਢੇ ਪੈਂਦੇ ਪਿੰਡਾਂ (ਸਾਹ ਹਿਠਾੜ, ਢਾਣੀ ਸੱਦਾ ਸਿੰਘ, ਰੇਤੇ ਵਾਲੀ ਭੈਣੀ, ਗੱਟੀ ਨੰ: 1, ਝੰਗੜ ਭੈਣੀ, ਰਾਮ ਸਿੰਘ ਭੈਣ, ਮਹਾਤਮ ਨਗਰ,ਦੋਨਾਂ ਨਾਨਕ , ਤੇਜਾ ਰੋਹੇਲਾ, ਚੱਕ ਰੋਹੇਲਾ, ਮੋਹਾਰ ਜਮਸ਼ੇਰ) ਦੇ ਨਾਲ ਜੋ ਬੰਨ ਬਣੇ ਹੋਏ ਹਨ ਉਨ੍ਹਾਂ ਦੂਸਰੇ ਪਾਸੇ ਸਟੱਡ ਲਗਾ ਕੇ ਬੰਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀ ਨਰਿੰਦਰਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਸਾਡੇ ਫਾਜ਼ਿਲਕਾ ਹਲਕੇ ਦੇ ਸਰਹੱਦੀ ਪਿੰਡਾਂ ( ਵੱਲੇ ਸਾਹ ਹਿਠਾੜ, ਢਾਣੀ ਸੱਦਾ ਸਿੰਘ, ਰੇਤੇ ਵਾਲੀ ਭੈਣੀ, ਗੱਟੀ ਨੰ: 1, ਝੰਗੜ ਭੈਣੀ, ਰਾਮ ਸਿੰਘ ਭੈਣੀ, ਮਹਾਤਮ ਨਗਰ,ਦੋਨਾਂ ਨਾਨਕ , ਤੇਜਾ ਰੋਹੇਲਾ, ਚੱਕ ਰੋਹੇਲਾ, ਮੋਹਾਰ ਜਮਸ਼ੇਰ) ਦੇ ਨਾਲੋਂ ਲੰਘਦੇ ਸਤਲੁਜ ਦਰਿਆ ਵਿਚ ਮੀਂਹ ਦੇ ਦਿਨਾਂ ਵਿਚ ਪਾਣੀ ਦਾ ਪੱਧਰ ਵੱਧ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਦੇ ਘਰਾਂ ਤੇ ਫਸਲਾਂ ਵਿਚ ਦੋ ਤਿੰਨ ਫੁੱਟ ਪਾਣੀ ਖੜ੍ਹ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਦੇ ਘਰਾਂ ਅਤੇ ਫਸਲਾਂ ਤਬਾਹ ਹੋ ਜਾਂਦੀਆਂ ਸਨ ਜਿਸ ਤੋਂ ਬਾਅਦ ਸਰਕਾਰ ਵੱਲੋਂ ਇਨ੍ਹਾਂ ਲੋਕਾਂ ਨੂੰ ਮੁਆਵਜ਼ਾ ਵੀ ਨਹੀਂ ਦਿੱਤਾ ਜਾਂਦਾ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਸਵਾਲ ਤੇ ਬੇਨਤੀ ਕਰਾਂਗਾ ਕਿ ਇਨ੍ਹਾਂ ਪਿੰਡਾਂ ਦੇ ਲੋਕ ਮੀਂਹ ਦੇ ਦਿਨਾਂ ਵਿੱਚ ਹੁੰਦੇ ਨੁਕਸਾਨ ਨੂੰ ਰੋਕਣ ਲਈ ਕੋਈ ਪਾਲਿਸੀ ਬਣਾ ਕੇ ਦਰਿਆ ਵਿੱਚ ਇਕੱਠਾ ਵਿੱਚ ਹੋਇਆ ਰੇਤਾ ਕਢਵਾ ਕੇ ਸਫਾਈ ਕਰਾਈ ਜਾਵੇ ਜਿਸ ਨਾਲ ਪਾਣੀ ਨੂੰ ਅੱਗੇ ਲੰਘਣ ਦਾ ਰਾਹ ਮਿਲੇਗਾ ਅਤੇ ਇਹ ਰੇਤਾ ਵੇਚ ਕੇ ਸਰਕਾਰ ਦੇ ਖਜ਼ਾਨੇ ਵਿੱਚ ਵੀ ਵਾਧਾ ਹੋਵੇਗਾ, ਨਾਲ ਹੀ ਪਿੰਡ ਤੇਜਾ ਰੋਹੇਲਾ ਤੇ ਦੋਨਾਂ ਨਾਨਕਾ ਦੇ ਨਾਲ ਦੋ ਪੁਲ ਬਣਵਾਏ ਜਾਣ ਜਿਸ ਨਾਲ ਲੋਕ ਪਾਣੀ ਦੀ ਮਾਰ ਤੋਂ ਬਚਣ ਲਈ ਇਨ੍ਹਾਂ ਪਿੰਡਾਂ ਵਿਚੋਂ ਦੂਸਰੇ ਪਿੰਡਾਂ ਤੇ ਸ਼ਹਿਰ ਫਾਜ਼ਿਲਕਾ ਵੱਲ ਜਾ ਸਕਣ। ਕੀ ਮੰਤਰੀ ਜੀ ਇਨ੍ਹਾਂ ਗੱਲਾਂ ਉਤੇ ਵਿਚਾਰ ਕਰਕੇ ਇਨ੍ਹਾਂ ਗੱਲਾਂ ਨੂੰ ਪੂਰੀਆਂ ਕਰਨਗੇ ਤੇ ਕਿੰਨਾ ਸਮਾਂ ਲੱਗੇਗਾ ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਤਲੁਜ ਦਰਿਆ ਦੇ ਕਰੀਕ ਦੇ ਖੱਬੇ ਪਾਸੇ ਬੰਨ੍ਹ ਮੌਜੂਦ ਹੈ ਤੇ ਬੰਨ੍ਹ ਦੀ ਵਰਤੋਂ ਭਾਰਤ ਦੀ ਫੌਜ ਵਲੋਂ ਕੀਤੀ ਜਾਂਦੀ ਹੈ। ਪਰੰਤੂ ਦੇਸ਼ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਇਸ ਕਰੀਕ ਦੇ ਸੱਜੇ ਪਾਸੇ ਕੋਈ ਬੰਨ੍ਹ ਨਹੀਂ ਉਸਾਰਿਆ ਜਾ ਸਕਦਾ । ਇਸ ਲਈ ਸਰਕਾਰ ਵੱਲੋਂ ਬਾਰਡਰ ਸਾਈਡ ਸਟੱਡ ਲਗਾ ਕੇ ਬੰਨ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਲੇਕਿਨ ਕਿਉਂਕਿ ਮੈਂਬਰ ਸਾਹਿਬਾਨ ਨੇ ਇਹ ਸਾਡੇ, ਸਰਕਾਰ ਦੇ ਧਿਆਨ ਵਿਚ ਇਹ ਲਿਆਂਦਾ ਹੈ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਥੇ ਜ਼ਰੂਰ ਆਪਣੇ ਡਿਪਾਰਟਮੈਂਟ ਵੱਲੋਂ ਔਰ ਭਾਰਤੀ ਫੌਜ ਦੇ ਨਾਲ ਗੱਲ ਕਰਕੇ ਅਗਰ ਇਸ ਤਰ੍ਹਾਂ ਦਾ ਪ੍ਰੋਵੀਜ਼ਨ ਉਥੇ ਨਿਕਲ ਸਕਦਾ ਹੈ, ਉਥੇ ਕਿਸੇ ਸਾਈਡ ਦੇ ਉਤੇ ਫੌਜ ਨੂੰ ਕੋਈ ਤੰਗੀ ਨਾ ਹੋਵੇ ਔਰ ਉਥੇ ਪਾਣੀ ਦੀ ਮਾਰ ਤੋਂ ਉਹ ਪਿੰਡ ਬਚਾਏ ਜਾ ਸਕਣ, ਉਸ ਨੂੰ ਜ਼ਰੂਰ, ਉਸ ਦੇ ਲਈ ਇੱਕ ਅੱਛੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ:** ਮੰਤਰੀ ਜੀ, ਬਹੁਤ ਬਹੁਤ ਧੰਨਵਾਦ।

----

## ਹਲਕਾ ਬਟਾਲਾ ਦੇ ਸਿਵਲ ਹਸਪਤਾਲ ਨੂੰ ਆਧੁਨਿਕ ਸਿਹਤ ਸਹੂਲਤਾਂ ਦੇਣਾ

***284. ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਬਟਾਲਾ ਦੇ ਸਿਵਲ ਹਸਪਤਾਲ ਨੂੰ ਆਧੁਨਿਕ ਸਿਹਤ ਸਹੂਲਤਾਂ ਵਾਸਤੇ 500 ਬੈੱਡਾਂ ਵਾਲਾ ਹਸਪਤਾਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸ਼੍ਰੀ ਭਗਵੰਤ ਮਾਨ:** ਨਹੀਂ ਜੀ, ਬਟਾਲਾ ਦੇ ਹਸਪਤਾਲ ਨੂੰ 500 ਬੈੱਡਾਂ ਵਾਲਾ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਐਮ.ਐਲ.ਏ.ਸਾਹਿਬ ਨੇ ਬਟਾਲਾ ਵਿਖੇ 500 ਬੈੱਡਾਂ ਦੇ ਹਸਪਤਾਲ ਦਾ ਵਿਚਾਰ ਪੁੱਛਿਆ ਹੈ। ਫਿਲਹਾਲ ਬਟਾਲਾ ਵਿਖੇ 500 ਬੈੱਡ ਦਾ ਤਾਂ ਨਹੀਂ ਪਰ ਇਹ 80 ਬੈੱਡ ਦਾ ਹਸਪਤਾਲ ਹੈ ਅਸੀਂ ਇਸ ਨੂੰ 200 ਬੈੱਡ ਦਾ ਕਰ ਰਹੇ ਹਾਂ। (ਥੰਪਿੰਗ) ਉਸ ਦੇ ਵਿੱਚ ਤਰਕੀਬਨ 11500 ਮਰੀਜ਼ ਰਜਿਸਟਰ ਹੋਏ ਹਨ ਜੋ 80 ਬੈੱਡ ਦਾ ਸੀ, 400 ਆਪਰੇਸ਼ਨ, 102 ਡਿਲਿਵਰੀ ਕੇਸਿਜ਼, 1282 ਐਕਸਰੇਅ, 96 ਡਾਇਆਲਿਸਿਸ ਅਤੇ 58561 ਲੈਬ ਟੈਸਟ ਕੀਤੇ ਗਏ ਹਨ। ਅਸੀਂ ਹੁਣ ਇਸ ਨੂੰ 200 ਬੈੱਡ ਹਸਪਤਾਲ ਵਿਚ ਅਪਗਰੇਡ ਕਰਨ ਦਾ ਵਿਚਾਰ ਹੈ, ਉਹ ਸਾਡੇ ਧਿਆਨ ਵਿਚ ਹੈ।

**ਬ.ਕ./ਸ਼.ਜ./28.6.22/3.40**

ਇਸ ਨਾਲ ਵੱਖ ਵੱਖ ਵਰਗਾਂ ਦੀਆਂ 21 ਅਸਾਮੀਆਂ ਸਿਹਤ ਤੇ ਭਲਾਈ ਵਿਭਾਗ ਵਲੋਂ ਜਾਰੀ ਹੋ ਚੁੱਕੀਆਂ ਹਨ। ਵੈਸੇ ਵੀ ਮੈਂ ਐਮ.ਐਲ.ਏ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਬਜਟ ਵਿੱਚ ਵਿੱਤ ਮੰਤਰੀ ਸਾਹਿਬ ਨੇ ਜੋ ਕਿਹਾ ਹੈ ਕਿ 16 ਨਵੇਂ ਮੈਡੀਕਲ ਕਾਲਜ ਬਣਨੇ ਹਨ, 9 ਸਾਡੇ ਕੋਲ ਪਹਿਲਾਂ ਹੀ ਹਨ, ਇਸ ਤਰ੍ਹਾਂ ਕੁੱਲ 25 ਹੋ ਜਾਣਗੇ। ਇਕ ਮੈਡੀਕਲ ਕਾਲਜ ਬਟਾਲਾ, ਗੁਰਦਾਸਪੁਰ ਦੇ ਏਰੀਏ ਨੂੰ ਜ਼ਰੂਰ ਮਿਲੇਗਾ ਅਤੇ ਮੈਂ ਸਾਰੇ ਮਾਨਯੋਗ ਅਜ਼ੀਮ ਹਾਊਸ ਵਿੱਚ ਇਹ ਗੱਲ ਕਹਿੰਦਾ ਹਾਂ ਕਿ ਮਾਝੇ ਦੇ ਏਰੀਏ ਵਿੱਚ ਮੈਡੀਕਲ ਕਾਲਜ ਦੀ ਕਮੀ ਹੈ, ਸਿਰਫ ਅੰਮ੍ਰਿਤਸਰ ਹੀ ਹੈ। ਗੁਰਦਾਸਪੁਰ, ਬਟਾਲਾ, ਦੀਨਾ ਨਗਰ, ਸੁਜਾਨਪੁਰ, ਭੋਆ ਦੇ ਏਰੀਏ ਨੂੰ ਮੈਡੀਕਲ ਸਹੂਲਤਾਂ ਨਾਲ ਲੈਸ ਕਰਾਂਗੇ।

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਸਰ, ਮੈਂ ਬੜੀ ਖੁਸ਼ੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇਹ ਗੱਲ ਮੰਨ ਲਈ ਹੈ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਹੜਾ ਮੈਡੀਕਲ ਕਾਲਜ ਖੋਲ੍ਹਣਾ ਹੈ ਤਾਂ ਸਾਡੇ ਬਟਾਲਾ ਦੇ ਏਰੀਏ ਨੂੰ ਪਹਿਲ ਦਿੱਤੀ ਜਾਵੇ। ਅਸੀਂ ਜ਼ਮੀਨ ਆਦਿ ਦਾ ਉਪਰਾਲਾ ਕਰਨ ਨੂੰ ਵੀ ਤਿਆਰ ਹਾਂ। ਕਿਰਪਾ ਕਰਕੇ ਬਟਾਲਾ ਵਾਸਤੇ ਪਹਿਲ ਕਰ ਦਿੱਤੀ ਜਾਵੇ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਬਕਾ ਮੁੱਖ ਮੰਤਰੀ ਸ਼ਹੀਦ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਜਲੰਧਰ ਵਿਖੇ ਵੱਡਾ ਇੰਸਟੀਚਿਊਟ ਬਣਾਇਆ ਗਿਆ ਸੀ। ਜਿਸ ਦਾ ਨਾਂ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ PIMS ਰੱਖਿਆ ਗਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ਜੀ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਰ, ਮੈਂ ਸਵਾਲ ਹੀ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਤੁਸੀਂ ਕਿਹੜੇ ਹਸਪਤਾਲ ਦੀ ਗੱਲ ਕਰ ਰਹੇ ਹੋ?

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਰ, ਮੈਂ PIMS ਦੀ ਗੱਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ** : ਸਵਾਲ ਬਟਾਲਾ ਨਾਲ ਰਿਲੇਟਿਡ ਹੈ। ਤੁਸੀਂ ਸਿਵਲ ਹਸਪਤਾਲ, ਬਟਾਲਾ ਬਾਰੇ ਗੱਲ ਕਰਨੀ ਹੈ?

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਨਹੀਂ ਜੀ, ਮੈਂ ਬਟਾਲਾ ਬਾਰੇ ਗੱਲ ਨਹੀਂ ਕਰਨੀ।

**ਮਾਨਯੋਗ ਸਪੀਕਰ** : ਤੁਸੀਂ ਸਿਰਫ ਸਵਾਲ ਤੱਕ ਸੀਮਤ ਰਹੋ। ਹਾਂ ਜੀ, ਬੀਬਾ ਜੀ, ਤੁਸੀਂ ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ, ਸ਼ਹੀਦੇ ਆਜ਼ਮ ਉਹ ਹਨ, ਜਿਨ੍ਹਾਂ ਨੇ ਦੇਸ਼, ਸਾਡੀ ਮਿੱਟੀ ਲਈ ਆਪਣਾ ਖ਼ੂਨ ਡੋਲ੍ਹਿਆ। ਇਹ ਸ਼ਹੀਦ ਕਹਿ ਸਕਦੇ ਹਨ ਪਰ ਸ਼ਹੀਦ-ਏ-ਆਜ਼ਮ ਨਹੀਂ।(ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਸੁੱਖੀ ਜੀ, ਤੁਸੀਂ ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਂ ਮਿੰਨਤ ਕਰਕੇ ਟਾਈਮ ਨਹੀਂ ਲੈਣਾ, ਮੈਂ ਇਸ ਵਾਸਤੇ entitled ਹਾਂ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਹੈ ਕਿ ਵਿਧਾਨ ਸਭਾ ਹਲਕਾ ਬੰਗਾ ਵਿੱਚ ਖਟਕੜ ਕਲਾਂ ਵਿਖੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਹੋਰਾਂ ਦਾ ਪਿੰਡ ਹੈ। ਉਥੇ ਵੀ ਇਕ ਸ਼ਹੀਦੇ ਆਜ਼ਮ ਦੇ ਨਾਂ ਤੇ ਮੈਡੀਕਲ ਕਾਲਜ ਜਾਂ ਹਸਪਤਾਲ ਅਪਗ੍ਰੇਡ ਕੀਤਾ ਜਾਵੇ।

**ਮਾਨਯੋਗ ਸਪੀਕਰ** : ਤੁਹਾਡਾ ਵੱਖਰਾ ਸਵਾਲ ਬਣਦਾ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਮੈਂ ਬੇਨਤੀ ਕੀਤੀ ਹੈ ਜੀ।

**ਮੁੱਖ ਮੰਤਰੀ** : ਅਸੀਂ ਤਾਂ ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦੇ ਪਿੰਡ ਖਟਕੜ ਕਲਾਂ ਵਿਖੇ ਜਾ ਕੇ ਸਹੁੰ ਚੁੱਕੀ ਸੀ। ਇਹ ਨਹੀਂ ਹੋ ਸਕਦਾ ਕਿ ਅਸੀਂ ਸ਼ਹੀਦੇ ਆਜ਼ਮ ਦੇ ਪਿੰਡ ਨੂੰ ਕਿਸੇ ਸਹੂਲਤ ਤੋਂ ਵਾਂਝਾ ਰੱਖੀਏ। ਉਨ੍ਹਾਂ ਕਰਕੇ ਹੀ ਮੁੱਖ ਮੰਤਰੀ ਹਾਂ, ਉਨ੍ਹਾਂ ਕਰਕੇ ਹੀ ਮੰਤਰੀ ਹਾਂ, ਉਨ੍ਹਾਂ ਕਰਕੇ ਹੀ ਐਮ.ਐਲ.ਏ ਹਾਂ।(ਥੰਪਿੰਗ) ਉਨ੍ਹਾਂ ਕਰਕੇ ਹੀ ਸਭ ਕੁਝ ਹਾਂ। ਉਨ੍ਹਾਂ ਕਰਕੇ ਹੀ ਅਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਮਸਤੂਆਣਾ ਵਿਚ

ਪਹਿਲਾ ਕਾਲਜ ਹੈ। ਸੰਤ ਅਤਰ ਸਿੰਘ ਜੀ ਉਹ ਸ਼ਖਸੀਅਤ ਸਨ, ਜਿਨ੍ਹਾਂ ਨੇ ਵਿਸ਼ਵ ਹਿੰਦੂ ਯੂਨੀਵਰਸਿਟੀ, ਕਾਸ਼ੀ ਦਾ ਨੀਂਹ ਪੱਥਰ ਰੱਖਿਆ ਸੀ। ਉਹ ਉਸ ਵੇਲੇ ਦੇ ਪੀ.ਐਚ.ਡੀ ਸਨ। ਉਹ ਐਜੂਕੇਸ਼ਨ ਦੇ ਸੰਤ ਮੰਨੇ ਜਾਂਦੇ ਹਨ। ਇਸ ਕਰਕੇ ਮਸਤੂਆਣਾ ਸਾਹਿਬ ਦੇ ਮੈਡੀਕਲ ਕਾਲਜ ਦਾ ਨਾਂ ਅਸੀਂ ਉਨ੍ਹਾਂ ਦੇ ਨਾਂ ਤੇ ਰੱਖਿਆ ਹੈ। ਨਵਾਂ ਸ਼ਹਿਰ ਸ਼ਹੀਦੇ ਆਜ਼ਮ ਦਾ ਆਪਣਾ ਸ਼ਹਿਰ, ਆਪਣਾ ਪਿੰਡ ਹੈ। ਉਥੇ ਕੋਈ ਨਵਾਂ ਹਸਪਤਾਲ, ਨਵਾਂ ਮੈਡੀਕਲ ਕਾਲਜ ਜ਼ਰੂਰ ਆਵੇਗਾ। ਅਸੀਂ ਤਾਂ ਆਪਣੇ ਦਫਤਰਾਂ ਵਿੱਚ ਵੀ ਉਨ੍ਹਾਂ ਦੀਆਂ ਫੋਟੋਆਂ ਲਗਾਈਆਂ ਹੋਈਆਂ ਹਨ। (ਥੰਪਿੰਗ) ਇਸ ਤੋਂ ਅਸੀਂ ਕਦੇ ਵੀ ਮੁਨਕਰ ਨਹੀਂ ਹੋ ਸਕਦੇ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਸਰਦਾਰ ਹਰਮੀਤ ਸਿੰਘ ਪਠਾਣਮਾਜਰਾ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ...

**ਮਾਨਯੋਗ ਸਪੀਕਰ** : ਸਭ ਤੋਂ ਵੱਧ ਖਹਿਰਾ ਸਾਹਿਬ ਤੁਸੀਂ ਬੋਲਦੇ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪਲੀਮੈਂਟਰੀ ਦੇ ਦਿਓ ਜੀ।

**ਮਾਨਯੋਗ ਸਪੀਕਰ** : ਪੰਜ ਹੋ ਗਈਆਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ** : ਨਹੀਂ ਹੋਈਆਂ।

28.6.2022 karamjit kaur, Shubham Jain 3.45

ਇਸ ਵਿੱਚ ਤੁਹਾਡਾ ਹੀ ਫਾਇਦਾ ਹੈ, ਤੁਹਾਡੇ ਫਾਇਦੇ ਦੀ ਹੀ ਗੱਲ ਹੋਵੇਗੀ। (ਵਿਘਨ,ਸ਼ੋਰ) ਆਹ ਕੀ ਤਰੀਕਾ ਹੈ ਜੀ? ਤੁਸੀਂ ਜਦੋਂ ਇੱਧਰ ਬੈਠੇ ਹੁੰਦੇ ਸੀ ਤਾਂ ਸਮਾਂ ਲੈਣ ਲਈ ਸ਼ੋਰ ਮਚਾਉਂਦੇ ਹੁੰਦੇ ਸੀ। (ਵਿਘਨ,ਸ਼ੋਰ)

----

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 221*

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਗਈ ਹੈ।

----

## ਮਾਰਚ, 2021 ਤੋਂ ਮਿਤੀ ਅੰਤ ਤੱਕ ਪੰਜਾਬ ਦੇ ਆਂਗਨਵਾੜੀ ਕੇਂਦਰਾਂ, ਵਰਕਰਾਂ ਅਤੇ ਹੈਲਪਰਾਂ ਦੇ ਵੇਰਵੇ

***149. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਪੰਜਾਬ ਵਿੱਚ ਮਾਰਚ, 2021 ਤੋਂ ਮਿਤੀ ਅੰਤ ਤੱਕ ਕੁੱਲ ਕਿੰਨੇ ਆਂਗਨਵਾੜੀ ਵਰਕਰ ਅਤੇ ਹੈਲਪਰ ਭਰਤੀ ਕੀਤੇ ਗਏ, ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਪੰਜਾਬ ਵਿੱਚ ਮੌਜੂਦਾ ਸਮੇਂ ਚੱਲ ਰਹੇ ਆਂਗਨਵਾੜੀ ਕੇਂਦਰਾਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਆਂਗਨਵਾੜੀ ਕੇਂਦਰਾਂ ਵਿੱਚ ਤੈਨਾਤ ਵਰਕਰਾਂ ਅਤੇ ਹੈਲਪਰਾਂ ਨੂੰ ਪ੍ਰਤੀ ਮਹੀਨਾ ਵੱਖ-ਵੱਖ ਕਿੰਨੀ ਤਨਖਾਹ/ਭੱਤੇ ਦਿੱਤੇ ਜਾਂਦੇ ਹਨ, ਅਤੇ ਕੀ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਹੋਰ ਵਾਧਾ ਕਰਨ ਲਈ ਸਰਕਾਰ ਦੀ ਕੋਈ ਯੋਜਨਾ ਹੈ;

(ੲ) ਕੀ ਇਸ ਸਮੇਂ ਦੌਰਾਨ ਕੋਈ ਆਂਗਨਵਾੜੀ ਕੇਂਦਰ ਬੰਦ ਕੀਤੇ ਗਏ ਹਨ?

**ਡਾਕਟਰ ਬਲਜੀਤ ਕੌਰ:** ਸ਼੍ਰੀਮਾਨ ਜੀ, ੳ ਤੋਂ ੲ ਤੱਕ ਦਾ ਜਵਾਬ (ਅਨੁਲੱਗ-ੳ) ਤੇ ਰੱਖਿਆ ਜਾਂਦਾ ਹੈ ਜੀ।

### ਅਨੁਲੱਗ-ੳ

(ੳ) ਪੰਜਾਬ ਵਿੱਚ ਮਾਰਚ, 2021 ਤੋਂ ਮਿਤੀ ਅੰਤ ਤੱਕ ਕੋਈ ਭਰਤੀ ਨਹੀਂ ਕੀਤੀ ਗਈ ਅਤੇ ਆਂਗਨਵਾੜੀ ਵਰਕਰਾਂ ਦੀਆਂ 1682 ਅਸਾਮੀਆਂ ਖਾਲੀ ਹਨ ਅਤੇ ਹੈਲਪਰਾਂ ਦੀਆਂ 3697 ਅਸਾਮੀਆਂ ਖਾਲੀ ਹਨ।

ਆਂਗਨਵਾੜੀ ਕੇਂਦਰਾਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ ਜੀ:

| ਲੜੀ ਨੰ. | ਜਿਲ੍ਹਾ | ਮੌਜੂਦਾ ਚੱਲ ਰਹੇ ਹੁਣ ਤੱਕ ਆਂਗਣਵਾੜੀ ਸੈਂਟਰਾ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ | 1859 |
| 2 | ਬਠਿੰਡਾ | 1392 |
| 3 | ਫਰੀਦਕੋਟ | 545 |
| 4 | ਫਿਰੋਜਪੁਰ | 1261 |
| 5 | ਫਾਜਿਲਕਾ | 1068 |
| 6 | ਫਤਿਹਗੜ੍ਹ ਸਾਹਿਬ | 699 |
| 7 | ਗੁਰਦਾਸਪੁਰ | 2052 |
| 8 | ਹੁਸਿਆਰਪੁਰ | 1926 |

| | | |
|---|---|---|
| 9 | ਜਲੰਧਰ | 1654 |
| 10 | ਕਪੂਰਥਲਾ | 911 |
| 11 | ਲੁਧਿਆਣਾ | 2487 |
| 12 | ਮਾਨਸਾ | 840 |
| 13 | ਮੋਗਾ | 983 |
| 14 | ਸ੍ਰੀ ਮੁਕਤਸਰ ਸਾਹਿਬ | 894 |
| 15 | ਸਹੀਦ ਭਗਤ ਸਿੰਘ ਨਗਰ | 792 |
| 16 | ਪਠਾਨਕੋਟ | 831 |
| 17 | ਪਟਿਆਲਾ | 1828 |
| 18 | ਰੂਪਨਗਰ | 872 |
| 19 | ਸੰਗਰੂਰ | 1963 |
| 20 | ਐਸ.ਏ.ਐਸ.ਨਗਰ | 647 |
| 21 | ਤਰਨਤਾਰਨ | 1132 |
| 22 | ਬਰਨਾਲਾ | 669 |
| | **ਕੁੱਲ ਜੋੜ** | 27305 |

(ਅ) ਆਂਗਨਵਾੜੀ ਕੇਂਦਰਾਂ ਵਿੱਚ ਤੈਨਾਤ ਵਰਕਰਾਂ ਅਤੇ ਹੈਲਪਰਾਂ ਨੂੰ ਪ੍ਰਤੀ ਮਹੀਨਾ ਵੱਖ-ਵੱਖ ਤਨਖਾਹ/ਭੱਤੇ ਹੇਠ ਲਿਖੇ ਅਨੁਸਾਰ ਹੈ ਜੀ:

| ਅਸਾਮੀ ਦਾ ਨਾਂ | ਭਾਰਤ ਸਰਕਾਰ ਵੱਲੋਂ ਨਿਰਧਾਰਿਤ ਮਾਣਭੱਤਾ (ਕੇਂਦਰ ਸ਼ੇਅਰ 60% ਅਤੇ ਸਟੇਟ ਸ਼ੇਅਰ 40%) | ਸਟੇਟ ਵੱਲੋਂ ਦਿੱਤਾ ਜਾਂਦਾ ਵਾਧੂ ਮਾਣਭੱਤਾ (100%) | ਕੁੱਲ ਮਾਣਭੱਤਾ ਪ੍ਰਤੀ ਮਹੀਨਾ |
|---|---|---|---|
| ਮੇਨ ਆਂਗਣਵਾੜੀ ਵਰਕਰ | ਕੇਂਦਰੀ ਹਿੱਸਾ 2700/-, ਸਟੇਟ ਹਿੱਸਾ 1800/-<br>ਕੁੱਲ 4500/- ਰੁ: | 5000/- ਰੁ: | 9500/- |
| ਮਿੰਨੀ ਆਂਗਣਵਾੜੀ ਵਰਕਰ | ਕੇਂਦਰੀ ਹਿੱਸਾ 2100/-, ਸਟੇਟ ਹਿੱਸਾ 1400/- | 2800/- ਰੁ: | 6300/- |

| | | | |
|---|---|---|---|
| | ਕੁੱਲ 3500/- ਰੁ: | | |
| ਆਂਗਣਵਾੜੀ ਹੈਲਪਰ | ਕੇਂਦਰੀ ਹਿੱਸਾ 1350/-, ਸਟੇਟ ਹਿੱਸਾ 900/-<br>ਕੁੱਲ 2250/- ਰੁ: | 2850/- ਰੁ: | 5100/- |

ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਹੋਰ ਵਾਧਾ ਕਰਨ ਲਈ ਸਰਕਾਰ ਦੀ ਹਾਲ ਦੀ ਘੜੀ ਕੋਈ ਯੋਜਨਾ ਨਹੀਂ ਹੈ ਜੀ ਪ੍ਰੰਤੂ ਸਰਕਾਰ ਵੱਲੋਂ ਨੋਟੀਫਿਕੇਸ਼ਨ ਪਿੱ.ਅੰ.ਨੰ. 4/1/2022-5ਸਸ/29-35, ਮਿਤੀ, ਚੰਡੀਗੜ੍ਹ: 04.01.2022 ਰਾਹੀਂ ਆਂਗਨਵਾੜੀ ਵਰਕਰਾਂ ਦੇ 500 ਰੁਪਏ, ਮਿੰਨੀ ਆਂਗਨਵਾੜੀ ਵਰਕਰਾਂ ਦੇ 250 ਰੁਪਏ ਅਤੇ ਹੈਲਪਰਾਂ ਦੇ ਸਲਾਨਾ 250 ਰੁਪਏ, ਸਲਾਨਾ ਵਾਧਾ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ ਜੀ। ਇਹ ਨੋਟੀਫਿਕੇਸ਼ਨ ਜਨਵਰੀ, 2023 ਤੋਂ ਲਾਗੂ ਹੋਵੇਗਾ।

(ੲ) ਨਹੀਂ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੇ ਮਾਰਫਤ ਮੈਂ ਵਜ਼ੀਰ ਸਾਹਿਬਾ ਨੂੰ ਇੱਕ ਬੇਨਤੀ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਬਜਟ ਵਿੱਚ 26,000 ਤੋਂ ਵੱਧ ਅਸਾਮੀਆਂ ਭਰਨ ਦਾ ਪ੍ਰਾਵਧਾਨ ਰੱਖਿਆ ਗਿਆ ਹੈ। ਕੀ ਵਜ਼ੀਰ ਸਾਹਿਬਾ ਇਹ ਤਸਦੀਕ ਕਰ ਦੇਣਗੇ ਕਿ ਇਹ ਜਿਹੜੀਆਂ 1682 ਪਲੱਸ 3697 ਵੈਕੇਂਸੀਆਂ ਇਸ ਟਾਈਮ ਆਂਗਨਵਾੜੀ ਵਰਕਰਾਂ ਦੀਆਂ ਹਨ, ਕੀ ਇਹ ਇਨ੍ਹਾਂ ਦੇ ਵਿੱਚ ਭਰੀਆਂ ਜਾਣਗੀਆਂ? ਜੇ ਭਰੀਆਂ ਜਾਣਗੀਆਂ ਤਾਂ ਇਨ੍ਹਾਂ ਨੂੰ ਟਾਈਮ ਬਾਊਂਡ ਕੀਤਾ ਜਾਵੇ।

ਸਪੀਕਰ ਸਾਹਿਬ, ਮੇਰੀ ਦੂਜੀ ਬੇਨਤੀ ਹੈ ਕਿ ਆਂਗਨਵਾੜੀ ਹੈਲਪਰ ਇਸ ਅਜ਼ੀਮ ਹਾਊਸ ਵਿੱਚ ਅੱਜ ਆਮ ਆਦਮੀ ਪਾਰਟੀ ਨੂੰ ਜਿਹੜੀ ਇੰਨੀ ਵੱਡੀ ਬਹੁਮਤ ਮਿਲੀ ਹੈ, ਉਸ ਵਿੱਚ ਸਭ ਤੋਂ ਵੱਡਾ ਨੀਂਹ-ਪੱਥਰ ਆਮ ਆਦਮੀ ਪਾਰਟੀ ਆਪਣੇ ਸਕੂਲਾਂ ਨੂੰ ਮੰਨਦੀ ਹੈ। ਸਪੀਕਰ ਸਾਹਿਬ, ਅਗਰ ਗਰੀਬ ਲੋਕਾਂ ਦੇ ਬੱਚਿਆਂ ਦਾ ਨੀਂਹ ਪੱਥਰ ਰੱਖਿਆ ਜਾਣਾ ਹੈ ਤਾਂ ਉਹ ਆਂਗਨਵਾੜੀ ਤੋਂ ਰੱਖਿਆ ਜਾਣਾ ਹੈ। ਜੇਕਰ ਅਸੀਂ ਉਨ੍ਹਾਂ ਆਂਗਨਵਾੜੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਭਾਵ ਮੇਨ ਆਂਗਨਵਾੜੀ ਵਰਕਰ ਨੂੰ 9500 ਰੁਪਿਆ ਪ੍ਰਤੀ ਮਹੀਨਾ, ਮਿੰਨੀ ਆਂਗਨਵਾੜੀ ਵਰਕਰ ਨੂੰ ਸਿਰਫ 6300 ਰੁਪਿਆ ਪ੍ਰਤੀ ਮਹੀਨਾ ਅਤੇ ਆਂਗਨਵਾੜੀ ਹੈਲਪਰ ਨੂੰ ਸਿਰਫ 5100 ਰੁਪਿਆ ਪ੍ਰਤੀ ਮਹੀਨਾ ਦੇਵਾਂਗੇ ਤਾਂ ਮੈਨੂੰ ਨਹੀਂ ਲਗਦਾ ਕਿ ਇਸ ਦੇ ਵਿੱਚ ਅਸੀਂ ਆਪਣੇ ਸਕੂਲਾਂ ਦੀ ਮੁਨਿਆਦ ਵਧਾ ਸਕਦੇ ਹਾਂ, ਜਦੋਂ ਬੇਸਿਕ ਨਾਲੇਜ ਤੋਂ ਹੀ ਸ਼ੁਰੂ ਨਹੀਂ ਹੋਣਾ। ਸੋ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਕੀ ਇਨ੍ਹਾਂ ਮੁਲਾਜ਼ਮਾਂ ਦੀ ਤਨਖਾਹ ਕਮ-ਜ਼-ਕਮ ਦੁੱਗਣੀ ਕਰਨ ਦੀ

ਕੋਈ ਪ੍ਰੋਵੀਜ਼ਨ ਰੱਖੀ ਗਈ ਹੈ? ਜਿਹੜਾ 200-250 ਜਾਂ 500 ਰੁਪਏ ਦੀ ਪ੍ਰੋਵੀਜ਼ਨ ਰੱਖੀ ਗਈ ਹੈ, ਉਹ ਦਿਉ ਜਾਂ ਨਾ ਦਿਉ, ਉਹ ਇੱਕੋ ਬਰਾਬਰ ਗੱਲ ਹੈ।

**ਮਾਨਯੋਗ ਸਪੀਕਰ:** ਕੀ ਤੁਸੀਂ ਨਹੀਂ ਚਾਹੁੰਦੇ ਕਿ ਇਹ 250 ਰੁਪਿਆ ਦਿੱਤਾ ਜਾਵੇ?

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਮੈਂ ਤਾਂ ਇਹ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਮਾਣਭੱਤਾ/ ਤਨਖਾਹ ਦੁੱਗਣੀ ਕਰਨੀ ਚਾਹੀਦੀ ਹੈ। ਕੀ ਸਰਕਾਰ ਦਾ ਕੋਈ ਅਜਿਹਾ ਪ੍ਰਾਵਧਾਨ ਹੈ ਕਿ ਇਹ ਅਮਾਊਂਟ ਦੁੱਗਣੀ ਕੀਤੀ ਜਾਵੇ?

**ਮੰਤਰੀ:** ਸਪੀਕਰ ਸਾਹਿਬ, ਪਿਛਲੀ ਸਰਕਾਰ ਦੌਰਾਨ ਆਂਗਨਵਾੜੀ ਵਰਕਰਾਂ ਦੀ ਨਵੀਂ ਭਰਤੀ ਲਈ ਜੋ ਪ੍ਰਪੋਜ਼ਲ ਭੇਜੀ ਗਈ ਸੀ, ਉਸ ਬਾਰੇ ਵਿਧਾਨ ਸਭਾ ਕਮੇਟੀ ਵੱਲੋਂ ਕੁਝ ਆਬਜੈਕਸ਼ਨਜ਼ ਲਗਾਈਆਂ ਗਈਆਂ ਹਨ। ਜਿਨ੍ਹਾਂ ਆਬਜੈਕਸ਼ਨਜ਼ ਨੂੰ ਨਵੀਂ ਸਰਕਾਰ ਆਉਣ ਤੇ ਕਲੀਅਰ ਕਰ ਦਿੱਤਾ ਗਿਆ ਹੈ ਤੇ ਅਸੀਂ ਕੁਝ ਮਹੀਨਿਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਭਰਨ ਜਾ ਰਹੇ ਹਾਂ। (ਥੰਪਿੰਗ)

**ਮਾਨਯੋਗ ਸਪੀਕਰ:** ਹੁਣ ਤਾਂ ਬੈਂਚ ਵੀ ਥਪਥਪਾ ਦਿੱਤੇ ਹਨ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ ਪਰ ਮੇਰੀ ਹੱਥ ਜੋੜ ਕੇ ਰਿਕੁਐਸਟ ਹੈ ਕਿ ਇਹ ਕਿੰਨੀ ਦੇਰ ਵਿੱਚ ਐਡਵਰਟਾਈਜ਼ਮੈਂਟ ਕੱਢ ਦੇਣਗੇ, ਕਿਉਂਕਿ ਆਲਰੈਡੀ ਇਨ੍ਹਾਂ ਨੇ ਪ੍ਰਕਿਰਿਆ ਤਾਂ ਸ਼ੁਰੂ ਕੀਤੀ ਹੋਈ ਹੈ । Obviously ਮੈਡਮ ਇਸ ਸਬੰਧੀ ਜਾਗਰੂਕ ਹਨ। ਸੋ, ਕੀ ਇਹ ਇੱਕ ਮਹੀਨੇ ਵਿੱਚ ਜਾਂ ਦੋ ਮਹੀਨੇ ਵਿੱਚ ਅਜਿਹਾ ਕਰ ਦੇਣਗੇ?

ਮੇਰੇ ਸਵਾਲ ਦੇ ਦੂਜੇ ਭਾਗ (ਅ) ਦਾ ਮੰਤਰੀ ਜੀ ਨੇ ਕੋਈ ਜਵਾਬ ਨਹੀਂ ਦਿੱਤਾ ਕਿ ਕੀ ਇਹ ਵਿਚਾਰ ਅਧੀਨ ਹੈ ਕਿ ਉਨ੍ਹਾਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਤਨਖਾਹ ਵਧਾਈ ਜਾਵੇਗਾ ਜਾਂ ਭੱਤੇ ਵਧਾਏ ਜਾਣਗੇ?

**28.06.2022/03.50/ਹਰਪ੍ਰੀਤ ਸਿੰਘ/ਹਰਜਿੰਦਰ ਸਿੰਘ ਟਿਵਾਣਾ**

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਸਪਲੀਮੈਂਟਰੀ ।

**ਮਾਨਯੋਗ ਸਪੀਕਰ:** ਹੋ ਗਿਆ ਜੀ। ਦੋ ਸਪਲੀਮੈਂਟਰੀਜ਼ ਹੀ ਅਲਾਊਡ ਹੁੰਦੀਆਂ ਹਨ।

----

## ਡੇਰਾ ਬੱਸੀ ਦੇ ਪਿੰਡ ਭਾਂਖਰਪੁਰ ਸੜਕ ਤੇ ਕੋਈ ਸਬ-ਵੇਅ ਜਾਂ ਰਸਤਾ ਬਣਾਉਣਾ

***200 ਸਰਦਾਰ ਕੁਲਜੀਤ ਸਿੰਘ ਰੰਧਾਵਾ:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਦੇ ਪਿੰਡ ਭਾਂਖਰਪੁਰ ਵੱਲੋਂ ਸੜਕ ਪਾਰ ਕਰਨ ਸਮੇਂ ਹਰ ਰੋਜ਼ ਹੋ ਰਹੀਆਂ ਸੜਕੀ ਦੁਰਘਟਨਾਵਾਂ ਵਾਪਰਨ ਤੇ ਕੰਟਰੋਲ ਕਰਨ ਲਈ ਸਬ-ਵੇਅ ਜਾਂ ਰਸਤਾ/ਲਾਂਘਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸਰਦਾਰ ਹਰਭਜਨ ਸਿੰਘ:** ਡੇਰਾਬੱਸੀ ਦਾ ਪਿੰਡ ਭਾਂਖਰਪੁਰ ਜ਼ੀਰਕਪੁਰ-ਅੰਬਾਲਾ ਹਾਈਵੇ ਦੇ ਨੇੜੇ ਸਥਿਤ ਹੈ। ਜ਼ੀਰਕਪੁਰ-ਅੰਬਾਲਾ ਹਾਈਵੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI), ਭਾਰਤ ਸਰਕਾਰ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI) ਨੇ ਸੂਚਿਤ ਕੀਤਾ ਹੈ ਕਿ ਭਾਂਖਰਪੁਰ ਨੇੜੇ ਸਬਵੇਅ ਦੀ ਵਿਵਸਥਾ ਦਾ ਪ੍ਰਸਤਾਵ ਸ਼ੁਰੂਆਤੀ ਪੜਾਅ ਉੱਤੇ ਹੈ। ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਦੇ ਉਪਰੰਤ ਹੀ ਇਸ ਦੀ ਉਸਾਰੀ ਨੂੰ ਹੱਥ ਵਿੱਚ ਲਿਆ ਜਾ ਸਕਦਾ ਹੈ। ਪ੍ਰਵਾਨਗੀ ਉਪਰੰਤ ਇਹ ਕੰਮ 15 ਮਹੀਨੇ ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਇਹ ਜਿਹੜੇ ਕਾਜ਼ ਵੇਅ ਦੀ ਗੱਲ ਕੀਤੀ ਜਾ ਰਹੀ ਹੈ। ਇਹ ਮੇਰੇ ਹਲਕੇ ਦੇ ਲਗਭੱਗ 20 ਪਿੰਡਾਂ ਦਾ ਰਸਤਾ ਹੈ। ਉਥੇ ਹਰ ਰੋਜ਼ ਕੋਈ ਨਾ ਕੋਈ ਐਕਸੀਡੈਂਟ ਹੁੰਦਾ ਹੈ। ਉਸ ਦੇ ਆਪੋਜ਼ਿਟ ਹੀ ਸਕੂਲ ਹੈ ਅਤੇ ਹਸਪਤਾਲ ਹੈ। ਜੇਕਰ ਇਹ ਕਾਜ਼ਵੇਅ ਬਣਦਾ ਹੈ ਤਾਂ ਲੋਕਾਂ ਦੀਆਂ ਜਾਨਾਂ ਦਾ ਬਚਾਅ ਹੋ ਸਕਦਾ ਹੈ। ਜਿਵੇਂ ਜ਼ੀਰਕਪੁਰ ਵਾਲਾ ਫਲਾਈਓਵਰ ਬਣਨਾ ਹੈ ਤਾਂ ਜੇਕਰ ਇਹ ਕਾਜ਼ਵੇਅ ਬਣਦਾ ਹੈ ਤਾਂ ਭਾਰੀ ਟਰੈਫਿਕ ਤੋਂ ਬੜੀ ਨਿਜਾਤ ਮਿਲ ਸਕਦੀ ਹੈ।

----

## ਜੰਗਲਾਤ ਵਿਭਾਗ ਦੀ ਰਿਜ਼ਰਵ ਜ਼ਮੀਨ ਨੂੰ ਗੈਰ ਰਾਖਵੀਂ ਦਿਖਾ ਕੇ ਮਹਿਕਮੇ ਨੂੰ ਵੇਚਣਾ

***264. ਸ਼੍ਰੀ ਦਿਨੇਸ਼ ਚੱਢਾ.** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੋਪੜ ਜ਼ਿਲ੍ਹੇ ਵਿੱਚ ਪਿਛਲੇ ਸਮੇਂ ਕੁਝ ਲੋਕਾਂ ਵੱਲੋਂ ਜੰਗਲਾਤ ਵਿਭਾਗ ਦੀ ਦਫਾ 4 ਅਤੇ 5 ਅਧੀਨ ਰਿਜ਼ਰਵ ਜ਼ਮੀਨ ਨੂੰ ਹੀ ਗੈਰ ਰਾਖਵੀਂ ਦਿਖਾ ਕੇ ਮਹਿਕਮੇ ਨੂੰ ਵੇਚ ਦਿੱਤਾ ਗਿਆ ਸੀ; ਜੇਕਰ ਹਾਂ ਤਾਂ ਕੀ ਇਸ ਮਾਮਲੇ ਵਿੱਚ ਕੋਈ ਵਿਭਾਗੀ ਅਤੇ ਫੌਜਦਾਰੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਲਾਲ ਚੰਦ :** ਹਾਂ ਜੀ, ਸ਼੍ਰੀਮਾਨ,

ਕੁੱਝ ਲੋਕਾਂ ਵੱਲੋਂ ਪੰਜਾਬ ਲੈਂਡ ਪ੍ਰੀਜਰਵੇਸ਼ਨ ਐਕਟ-1900 ਦੀ ਦਫਾ 4 ਅਤੇ 5 ਅਧੀਨ ਆਉਂਦੀ ਜ਼ਮੀਨ ਵਣ ਵਿਭਾਗ ਨੂੰ ਵੇਚੀ ਗਈ ਹੈ। ਪ੍ਰੰਤੂ ਪਿੰਡ ਕਰੂਰਾਂ, ਤਹਿਸੀਲ ਸ਼੍ਰੀ ਆਨੰਦਪੁਰ ਸਾਹਿਬ, ਜਿਲ੍ਹਾ ਰੂਪਨਗਰ ਵਿੱਚ ਮੌਜੂਦ ਇਸ ਜ਼ਮੀਨ ਦੀ ਮਲਕੀਅਤ ਪ੍ਰਾਈਵੇਟ ਲੋਕਾਂ ਪਾਸ ਸੀ। ਸਰਕਾਰ ਵੱਲੋਂ 4 ਸੀਨੀਅਰ ਅਧਿਕਾਰੀਆਂ ਵਿਰੁੱਧ ਕਾਰਵਾਈ ਆਰੰਭ ਕਰਦੇ ਹੋਏ All Indl Services (Discipline and Appeal) Rules, 1969 ਦੇ ਰੂਲ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਹੈ। ਜ਼ਮੀਨ ਵੇਚਣ ਵਾਲੇ ਮਾਲਕਾਂ ਤੋਂ ਰਕਮ ਦੀ ਵਸੂਲੀ ਕਰਨ ਅਤੇ ਰਜਿਸਟਰੀ ਰੱਦ ਕਰਵਾਉਣ ਸਬੰਧੀ ਮਾਨਯੋਗ ਸਿਵਲ ਜੱਜ (ਸੀਨੀਅਰ ਡਵੀਜ਼ਨ) ਸ਼੍ਰੀ ਆਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਵਿਖੇ ਕੇਸ (ਸਿਵਲ ਸੂਟ ਨੰ. 67 ਆਫ 2021) ਦਾਇਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਮੀਨ ਵੇਚਣ ਵਾਲੇ ਪ੍ਰਾਈਵੇਟ ਲੋਕਾਂ ਵਿਰੁੱਧ ਐਫ.ਆਈ.ਆਰ. ਦਰਜ ਕਰਨ ਲਈ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਅਤੇ ਡਿਪਟੀ ਕਮਿਸ਼ਨਰ, ਰੂਪਨਗਰ ਨੂੰ ਲਿਖਿਆ ਜਾ ਚੁੱਕਾ ਹੈ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇਨ੍ਹਾਂ ਦੀ ਲਿਖਣ ਦੀ ਸਪੀਡ ਬਹੁਤ ਤੇਜ਼ ਹੈ। ਤੁਹਾਡੇ ਜਵਾਬ ਦੇਣ ਤੋਂ ਪਹਿਲਾਂ ਹੀ ਇਸ ਬਹੁਕਰੋੜੀ ਘੁਟਾਲੇ ਵਿਚ ਪਰਚਾ ਦਰਜ ਵੀ ਹੋ ਗਿਆ ਹੈ। ਜੰਗਲਾਤ ਵਿਭਾਗ ਦੀ ਜਿਹੜੀ ਸਕੀਮ ਗੈਰ ਰਾਖਵੇਂ ਏਰੀਏ ਨੂੰ ਰਾਖਵਾਂ ਕਰਨ ਵਾਸਤੇ ਸੀ ਤਾਂ ਕਿ ਜੰਗਲਾਤ ਦਾ ਏਰੀਆ ਵਧਾਇਆ ਜਾ ਸਕੇ ਪਰ ਪਿਛਲੀ ਸਰਕਾਰ ਦੇ ਵਿਚ ਕੁੱਝ ਲੋਕਾਂ ਨੇ ਪੂਰੇ ਪੰਜਾਬ ਅੰਦਰ ਜਿਹੜਾ ਰਕਬਾ ਪਹਿਲਾਂ ਹੀ ਗੈਰ ਰਾਖਵਾਂ ਸੀ, ਉਸ ਨੂੰ ਰਾਖਵਾਂ ਦਿਖਾ ਕੇ ਜੰਗਲਾਤ ਵਿਭਾਗ ਨੂੰ ਵੇਚ ਦਿੱਤਾ। ਜਦੋਂ ਦਫਾ 4 ਅਤੇ 5 ਅਧੀਨ ਰਾਖਵੇਂ ਏਰੀਏ ਨੂੰ ਗੈਰ ਰਾਖਵਾਂ ਦੱਸ ਕੇ ਵੇਚਿਆ ਗਿਆ, ਉਸ ਤੇ ਮਹਿਕਮੇ ਦੀ ਬਕਾਇਦਾ ਰਿਪੋਰਟ ਹੋਈ ਕਿ ਇਹ ਏਰੀਆ ਗੈਰ ਰਾਖਵਾਂ ਹੈ। ਇਹ ਜਿਹੜਾ ਸਕੈਮ ਹੈ, ਇਹ ਉਸ ਵੇਲੇ ਦੀ ਸਰਕਾਰ ਵਿਚ ਬੈਠੇ ਤਾਕਤਵਰ ਲੋਕਾਂ ਦੀ ਮਿਲੀਭੁਗਤ ਤੋਂ ਬਗੈਰ ਨਹੀਂ ਹੋ ਸਕਦਾ। ਸੋ, ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਇਕ ਤਾਂ ਤੁਸੀਂ ਪਹਿਲਾਂ ਹੀ ਸਾਧੂਆਂ ਸੰਤਾਂ ਵਾਲਾ ਕੰਮ ਕੀਤਾ ਹੈ। ਸਾਧੂ ਨਾਮ ਚਾਹੇ ਜਿਸ ਮਰਜ਼ੀ ਦਾ ਹੋਵੇ ਪਰ ਅਸਲੀ ਸਾਧੂ ਸੰਤਾਂ ਵਾਲਾ ਕੰਮ ਤੁਸੀਂ ਕੀਤਾ ਹੈ। ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਪੂਰੇ ਪੰਜਾਬ ਅੰਦਰ ਜਿੰਨਾ ਵੀ ਰਕਬਾ ਇਸ ਪਰਪਜ਼ ਲਈ ਪਰਚੇਜ਼ ਹੋਇਆ ਹੈ,।

**ਅ.ਕ/ਹ.ਸ/3.55/28.6.2022**

ਕੀ ਤੁਸੀਂ ਸਾਰੇ ਦੀ ਜਾਂਚ ਕਰ ਰਹੇ ਹੋ ਜਾਂ ਹੋਰ ਜਗ੍ਹਾ ਵੀ ਜਿੱਥੇ ਇਹ ਚੀਜ਼ਾਂ ਹੋਈਆਂ ਹੋਣਗੀਆਂ ਉਨ੍ਹਾਂ ਦੀ ਵੀ ਜਾਂਚ ਕਰ ਰਹੇ ਹੋ? ਸਪੀਕਰ ਸਾਹਿਬ ਨਾਲ ਹੀ ਜਿਹੜੇ ਹੋਰ ਲੋਕ ਸੱਤਾ ਵਿੱਚ ਬੈਠੇ ਇਸ ਦੇ ਵਿੱਚ

ਇਨਵਾਲਵ ਸਨ, ਜਿਨ੍ਹਾਂ ਦੇ ਇਸ਼ਾਰੇ ਨਾਲ ਅਤੇ ਜਿਨ੍ਹਾਂ ਦੀ ਮਿਲੀਭੁਗਤ ਨਾਲ ਇਹ ਹੋਇਆ, ਉਨ੍ਹਾਂ ਦੀ ਉੱਚ ਪੱਧਰੀ ਜਾਂਚ ਤੁਸੀਂ ਕਿਸੇ ਏਜੰਸੀ ਤੋਂ, ਵਿਜੀਲੈਂਸ ਤੋਂ ਕਰਵਾਉਣ ਬਾਰੇ ਕੀ ਤੁਹਾਡੀ ਕੋਈ ਤਜਵੀਜ਼ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਜਿਹੜੀ ਮੇਰੇ ਕੋਲ ਲੇਟੈਸਟ ਜਾਣਕਾਰੀ ਇਸ ਸਬੰਧੀ ਪਹੁੰਚੀ ਹੈ, ਇਸ ਕੇਸ ਨਾਲ ਸਬੰਧਿਤ ਕੱਲ੍ਹ ਚਾਰ ਸਿਵਲ ਲੋਕਾਂ ਦੇ ਖਿਲਾਫ ਥਾਣਾ ਨੂਰਪੁਰ ਬੇਦੀ ਮਿਤੀ 27.6.2022 ਨੂੰ ਮੁਕੱਦਮਾ ਦਰਜ ਕੀਤਾ ਹੈ। ਜਿਹੜਾ ਮਾਨਯੋਗ ਮੈਂਬਰ ਸਾਹਿਬ ਨੇ ਕੁਝ ਹੋਰ ਥਾਵਾਂ ਦਾ ਜ਼ਿਕਰ ਕੀਤਾ ਹੈ, ਇਸ ਦੇ ਵਿੱਚ ਦੋ ਹੋਰ ਵੀ ਐਫ.ਆਈ.ਆਰ ਦਰਜ ਕਰਵਾਈਆਂ ਹਨ, ਜਿਹੜੀਆਂ ਕਿ ਮੋਹਾਲੀ ਜ਼ਿਲ੍ਹੇ ਨਾਲ ਸਬੰਧਿਤ ਹਨ। ਸੋ, ਜਿੱਥੇ ਕਿਤੇ ਵੀ ਲੋਕਾਂ ਵੱਲੋਂ ਇਸ ਸਬੰਧੀ ਅਵੱਗਿਆ ਕੀਤੀ ਗਈ ਹੈ, ਜਿਸ ਵੀ ਪੱਧਰ ਤੱਕ ਕਾਨੂੰਨੀ ਕਾਰਵਾਈ ਕਰਨ ਦੀ ਲੋੜ ਪਵੇਗੀ, ਅਸੀਂ ਇਹ ਮੈਂਬਰ ਸਾਹਿਬ ਨੂੰ ਅਤੇ ਇਸ ਪਵਿੱਤਰ ਸਦਨ ਨੂੰ ਵੀ ਭਰੋਸਾ ਦਿਵਾਉਂਦੇ ਹਾਂ ਕਿ ਅਸੀਂ ਲਾਜ਼ਮੀ ਕਾਰਵਾਈ ਕਰਾਂਗੇ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਮੰਤਰੀ ਸਾਹਿਬ, ਇੱਕ ਤਾਂ ਜਿਹੜੀ ਫੌਜਦਾਰੀ ਕਾਰਵਾਈ ਤੁਸੀਂ ਕਰਵਾਈ ਹੈ, ਇਹ ਬੜੀ ਵਧੀਆ ਗੱਲ ਹੈ ਪਰ ਨਾਲ ਹੀ ਇਸ ਦੇ ਵਿੱਚ ਜਿਹੜਾ ਵਿੱਤੀ ਨੁਕਸਾਨ ਹੈ ਕਿਉਂਕਿ ਇਹ ਜਿਹੜੀ ਜ਼ਮੀਨ ਹੈ ਉਹ ਕੁਝ ਦਿਨਾਂ ਦੇ ਵਿੱਚ ਹੀ 1 ਲੱਖ ਰੁਪਿਆ ਏਕੜ ਖਰੀਦ ਕੇ 9-10 ਲੱਖ ਰੁਪਿਆ ਏਕੜ ਮਹਿਕਮੇ ਨੂੰ ਵੇਚੀ ਗਈ। ਇਸ ਵਿੱਤੀ ਨੁਕਸਾਨ ਦੀ ਭਰਪਾਈ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਜਿਹੜਾ ਚੂਨਾ ਵਿਭਾਗ ਨੂੰ ਲੱਗਿਆ, ਪੰਜਾਬ ਨੂੰ ਲੱਗਿਆ, ਉਸ ਦੀ ਰਿਕਵਰੀ ਹੋ ਸਕੇ।

**ਮੰਤਰੀ:** ਮੈਂ ਦੱਸ ਦਿੱਤਾ ਹੈ ਕਿ ਰਕਮ ਦੀ ਵਸੂਲੀ ਵੀ ਕਰਾਂਗੇ ਤੇ ਰਜਿਸਟਰੀ ਰੱਦ ਕਰਵਾਉਣ ਲਈ ਕੇਸ ਕੀਤਾ ਹੈ।

----

## ਹਲਕਾ ਭਦੌੜ ਵਿੱਚ ਸਰਵਪੱਖੀ ਸਟੇਡੀਅਮ ਬਣਾਉਣਾ

*325 **ਸਰਦਾਰ ਲਾਭ ਸਿੰਘ ਉਗੋਕੇ:** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਵਿੱਚ ਕੋਈ ਵੀ ਸਰਵਪੱਖੀ ਸਟੇਡੀਅਮ ਨਹੀਂ ਹੈ: ਜੇਕਰ ਅਜਿਹਾ ਹੋਵੇ ਤਾਂ, ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਨਹੀਂ ਹੈ ਕਿ ਹਲਕਾ ਭਦੌੜ ਵਿੱਖੇ ਕੋਈ ਸਰਵਪੱਖੀ ਖੇਡ ਸਟੇਡੀਅਮ ਨਹੀਂ ਹੈ। ਭਦੌੜ ਵਿਖੇ ਨਗਰ ਕੌਂਸਲ ਦੀ ਮਲਕੀਅਤ ਨਾਲ ਇੱਕ ਸਰਵਪੱਖੀ ਸਟੇਡੀਅਮ ਬਣਿਆ ਹੋਇਆ ਹੈ। ਜਿਸ ਦੇ ਵਿੱਚ 4 ਕਮਰੇ ਬਣੇ ਹੋਏ ਹਨ, ਇੱਕ ਜਿੰਮ ਹੈ, ਇੱਕ ਪੈਵੀਲੀਅਨ ਬਲਾਕ ਹੈ, ਚਾਰ ਮੀਟਰ ਦਾ ਐਥਲੈਟਿਕ ਟਰੈਕ ਬਣਿਆ ਹੋਇਆ ਹੈ, ਫੁੱਟਬਾਲ ਗਰਾਊਂਡ ਹੈ, ਵਾਲੀਵਾਲ ਗਰਾਊਂਡ ਹੈ। ਭਦੌੜ ਵਿੱਚ

ਹੁਣ ਵੀ ਇਹ ਸੁਵਿਧਾ ਉਪਲਬਧ ਹੈ। ਐਮ.ਪੀ ਲੈਂਡ ਫੰਡ ਵਿੱਚੋਂ ਬਣਿਆ ਹੈ ਜੋ ਸਾਨੂੰ ਮੁੱਖ ਸਾਹਿਬ ਨੇ ਸਾਨੂੰ ਦਿੱਤਾ ਸੀ।

**ਸਰਦਾਰ ਲਾਭ ਸਿੰਘ ਉਗੋਕੇ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਕੁਝ ਦਿਨ ਪਹਿਲਾਂ ਉਥੇ ਵਿਜ਼ਿਟ ਕੀਤਾ ਹੈ? ਜਿਹੜੇ ਹਾਲਾਤ ਹਨ ਉਹ ਬਦ ਤੋਂ ਬਦਤਰ ਹਨ। ਸਾਡੇ ਖਾਸ ਕਰਕੇ ਜਿਹੜੀ ਭਦੌੜ ਦੀ ਭੂਗੋਲਿਕ ਸਥਿਤੀ ਹੈ, ਸਾਡਾ 78 ਕਿਲੋਮੀਟਰ ਵਿੱਚ ਹਲਕਾ ਪੈਂਦਾ ਹੈ, ਭਦੌੜ ਸਟੇਡੀਅਮ ਜ਼ਰੂਰ ਬਣਿਆ ਹੋਇਆ ਹੈ ਪਰ ਉਹ ਬਿਲਕੁਲ ਕੋਨੇ ਤੇ ਹੈ। ਹਲਕਾ ਭਦੌੜ ਦੀ ਲੰਬਾਈ 78 ਕਿਲੋਮੀਟਰ ਹੈ। ਇੱਕ ਕੋਨੇ ਤੇ ਬਣਨ ਨਾਲ ਸਿਰਫ ਭਦੌੜ ਹਲਕਾ ਇਸ ਦੇ ਨੇੜੇ ਹੈ। ਮੈਂ ਪੂਰੇ ਹਲਕੇ ਦੀ ਗੱਲ ਕਰ ਰਿਹਾ ਹਾਂ। ਅਸੀਂ ਹਲਕੇ ਦੇ ਅੱਧ/ਸੈਂਟਰ ਦੇ ਵਿੱਚ ਜਿੱਥ ਮੇਰਾ ਪਿੰਡ ਉਗੋਕੇ ਹੈ, 13 ਕਿਲੋਮੀਟਰ ਦੇ ਵਿੱਚ ਬਿਨ੍ਹਾਂ ਸਰਕਾਰ ਦੀ ਮਦਦ ਤੋਂ ਸਾਲ 2020 ਦੇ ਵਿੱਚ ਅਸੀਂ ਗਰਾਊਂਡ ਬਣਾਇਆ ਹੈ ਜਿਸ ਦੇ ਵਿੱਚ 400 ਮੀਟਰ ਟਰੈਕ ਹੈ, ਜਿਸ ਨੂੰ ਕਿ ਜਾਲੀਦਾਰ boundary ਵੀ ਕੀਤੀ ਗਈ ਹੈ। ਜਿਸ ਤਰ੍ਹਾਂ ਮਾਨਯੋਗ ਮੰਤਰੀ ਸਾਹਿਬ ਨੇ ਜਿਸ ਤਰ੍ਹਾਂ ਕਿਹਾ ਹੈ ਕਿ ਗਰਾਊਂਡ ਬਣਾਓ ਤਾਂ ਮੈਂ ਪਲੀਜ਼ ਇਨ੍ਹਾਂ ਨੂੰ ਪੁੱਛਣਾ ਚਾਹਾਂਗਾ ਕਿ ਜਿਹੜੇ ਗਰਾਊਂਡ ਪਿੰਡਾਂ ਦੀਆਂ ਪੰਚਾਇਤਾਂ ਨੇ ਆਪਣੇ ਲੈਵਲ ਤੇ ਡਿਵੈਲਪ ਕੀਤੇ ਹਨ, ਕੀ ਆਉਣ ਵਾਲੇ ਸਮੇਂ ਦੇ ਵਿੱਚ ਇਸ ਤਰ੍ਹਾਂ ਦੇ ਗਰਾਊਂਡਾਂ ਨੂੰ ਸਰਕਾਰ ਕੀ ਸਹੂਲਤਾਂ ਦੇ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਮੇਰਾ ਬਰਨਾਲਾ ਆਪਣਾ ਜ਼ਿਲ੍ਹਾ ਹੈ। ਇਨ੍ਹਾਂ ਨੇ ਆਪਣੇ ਪਿੰਡ ਦਾ ਵੀ ਜ਼ਿਕਰ ਕੀਤਾ ਹੈ। ਇਨ੍ਹਾਂ ਨੇ ਮੈਨੂੰ ਪਹਿਲਾਂ ਵੀ ਦੱਸਿਆ ਹੈ ਕਿ ਇਨ੍ਹਾਂ ਨੇ ਉਥੇ ਬਹੁਤ ਅੱਛਾ ਗਰਾਊਂਡ ਬਣਾਇਆ ਹੈ। ਅਸੀਂ ਤਾਂ ਕਹਿੰਦੇ ਹਾਂ ਐਮ.ਐਲ.ਏ ਸਾਹਿਬ ਬੜੇ ਹਿੰਮਤੀ ਹਨ, ਸਾਰੇ ਪਿੰਡਾਂ ਦੇ ਵਿੱਚ ਇੱਦਾਂ ਦੇ ਗਰਾਊਂਡ ਬਨਣ। ਬਾਕੀ ਕੋਈ ਨਹੀਂ ਜੋ ਵੀ ਇਹ ਮਦਦ ਕਰਨ ਨੂੰ ਕਹਿਣਗੇ ਤਾਂ ਸਰਕਾਰ ਹਮੇਸ਼ਾ ਜਿਵੇਂ ਕਿ ਮਾਨ ਸਾਹਿਬ ਦੀ ਸਰਕਾਰ ਦੀ ਇਹ priority ਹੈ ਕਿ ਸਪੋਰਟਸ ਨੂੰ ਅੱਗੇ ਲੈ ਕੇ ਆਉਣਾ। ਜੋ ਇਹ ਫੰਡ ਕਹਿਣਗੇ ਇਨ੍ਹਾਂ ਨੂੰ ਮੁਹਈਆ ਕਰਵਾਏ ਜਾਣਗੇ। ਜਿਹੜੇ ਜਿਹੜੇ ਪਿੰਡਾਂ ਵਿੱਚ ਜੋ ਚੀਜ਼ਾਂ ਲੋੜੀਂਦੀਆਂ ਹਨ ਜਾਂ ਜੇਕਰ ਭਦੌੜ ਦੇ ਗਰਾਊਂਡ ਵਿੱਚ ਵੀ ਕੋਈ ਚੀਜ਼ ਰਿਪੇਅਰ ਕਰਨ ਵਾਲੀ ਹੈ, ਉਹ ਵੀ ਅਸੀਂ ਕਰਵਾ ਦਿਆਂਗੇ।

**4.00 / 28.06.2022 (AS) ਤਰਲੋਚਨ ਸਿੰਘ / ਬਰਿੰਦਰਾ ਸਿੰਘ**

**ਸ਼੍ਰੀ ਗੁਰਲਾਲ ਘਨੌਰ** : ਸਪੀਕਰ ਸਾਹਿਬ, ਖੇਡਾਂ ਦੇ ਸਬੰਧ ਵਿੱਚ ਪਹਿਲਾਂ ਪਿੰਡਾਂ ਵਿੱਚ ਯੁਵਕ ਸੇਵਾਵਾਂ ਕਲੱਬ ਬਣੇ ਸਨ। ਜਿਵੇਂ ਮੇਰੇ ਨਾਲ ਦੇ ਐਮ.ਐਲ.ਏ. ਸਾਹਿਬਾਨ ਗਰਾਊਂਡਾਂ ਦੀ ਮੰਗ ਕਰ ਰਹੇ ਹਨ ਅਤੇ ਆਪਾਂ ਕਹਿ ਰਹੇ ਹਾਂ ਗਰਾਊਂਡ ਹੈ ਕਿ ਨਹੀਂ ਹੈ। ਖੇਡਾਂ ਅਤੇ ਯੁਵਕ ਸੇਵਾਵਾਂ ਸਬੰਧੀ ਇੱਕ ਜ਼ਿਲ੍ਹਾ ਪੱਧਰ ਤੇ ਪੋਸਟ ਹੁੰਦੀ ਸੀ ਜਿਹੜੀ ਕਿ ਪਿਛਲੀਆਂ ਸਰਕਾਰ ਵੱਲੋਂ ਖਤਮ ਕਰ ਦਿੱਤੀ ਗਈ ਹੈ ਅਤੇ ਕਿਤੇ ਕਿਤੇ ਹੀ

ਰਹਿ ਗਈ ਹੈ। ਇਹ ਪੋਸਟ ਫਿਜ਼ੀਕਲ ਐਜੂਕੇਸ਼ਨ ਦੇ ਸੀਨੀਅਰ ਟੀਚਰਾਂ ਲਈ ਸੀ। ਉਨ੍ਹਾਂ ਕੋਲ ਸਪੋਰਟਸ ਕਲੱਬਾਂ, ਸਟੇਡੀਅਮ ਅਤੇ ਰੂਰਲ ਏਰੀਏ ਦੇ ਸਪੋਰਟਸਮੈਨਾਂ ਦਾ ਡਾਟਾ ਹੁੰਦਾ ਸੀ।

**ਮਾਨਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਗੁਰਲਾਲ ਘਨੌਰ:** ਸਪੀਕਰ ਸਾਹਿਬ, ਇਹ ਵੱਖਰਾ ਤਾਂ ਬਣਦਾ ਹੈ ਪਰ ਇਸ ਦੇ ਨਾਲ ਹੀ ਮਿਲਦਾ ਜੁਲਦਾ ਹੈ। ਇਨ੍ਹਾਂ ਵੱਲੋਂ ਸਟੇਡੀਅਮ, ਕਲੱਬ ਅਤੇ ਰੂਰਲ ਏਰੀਏ ਦੇ ਸਪੋਰਟਸਮੈਨ ਹਨ, ਉਨ੍ਹਾਂ ਸਾਰਿਆਂ ਦਾ ਡਾਟਾ ਰੱਖਿਆ ਜਾ ਸਕਦਾ ਹੈ। ਇਸ ਬਾਰੇ ਪਰਗਟ ਸਿੰਘ ਜੀ ਨੂੰ ਵੀ ਪਤਾ ਹੈ ਕਿਉਂਕਿ ਇਨ੍ਹਾਂ ਦੇ ਹੁੰਦਿਆਂ ਹੀ ਇਹ ਸਭ ਕੁਝ ਹੋਇਆ ਸੀ। ਮੈਂ ਮੀਤ ਜੀ ਨੂੰ ਕਹਿੰਦਾ ਹਾਂ ਕਿ ਜਿਵੇਂ ਅਸੀਂ ਕਹਿ ਰਹੇ ਹਾਂ ਕਿ ਘੱਟ ਤੋਂ ਘੱਟ ਸਟੇਡੀਅਮ ਬਣਾਉਣੇ ਹਨ, ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਪਾਂ ਗਰਾਊਂਡ ਕਦੋਂ ਤੋਂ ਬਣਾਉਣੇ ਸ਼ੁਰੂ ਕਰਨੇ ਹਨ ਅਤੇ ਕਿੰਨੇ ਕੁ ਬਜਟ ਦੇ ਬਣਾਉਣੇ ਹਨ? ਇਸ ਲਈ ਕੀ ਪ੍ਰੋਵੀਜ਼ਨ ਰੱਖੀ ਗਈ ਹੈ ਕਿ ਇਨ੍ਹਾਂ ਗਰਾਊਂਡਾਂ ਨੂੰ ਕਿੰਨੇ ਕੁ ਸਮੇਂ ਵਿੱਚ ਚੱਲਦਾ ਕਰ ਦਿਆਂਗੇ?

**ਮਾਨਯੋਗ ਸਪੀਕਰ** : ਗੁਰਲਾਲ ਜੀ, ਸਮਾਂ ਬਹੁਤ ਕੀਮਤੀ ਹੈ। ਕਿਸੇ ਵੀ ਸਵਾਲ ਦਾ ਜਵਾਬ ਵਾਸਤੇ ਮਾਨਯੋਗ ਮੰਤਰੀ ਸਾਹਿਬ ਨੂੰ ਬਹੁਤ ਵੱਡੀ ਐਕਸਰਸਾਈਜ਼ ਕਰਨੀ ਪੈਂਦੀ ਹੈ। ਵਿਭਾਗ ਤੋਂ ਕਾਫੀ ਸਾਰੀਆਂ ਜਾਣਕਾਰੀਆਂ ਲੈਣੀਆਂ ਪੈਂਦੀਆਂ ਹਨ। ਸੋ, ਇੱਥੇ ਸਿਰਫ ਹਾਜ਼ਰੀ ਲਵਾਉਣ ਵਾਸਤੇ ਆਪਾਂ ਸਵਾਲ ਨਹੀਂ ਦੇਣੇ। ਜਿਹੜਾ ਸਵਾਲ ਆਇਆ ਹੋਇਆ ਹੈ ਉਸ ਦੀ ਕੰਪਲੀਟ ਜਾਣਕਾਰੀ ਮੰਤਰੀ ਸਾਹਿਬਾਨ ਕੋਲ ਹੁੰਦੀ ਹੈ। ਜਿਹੜੀ ਕੋਈ ਕਸਰ ਹੁੰਦੀ ਹੈ ਉਹ ਕੱਢ ਸਕਦੇ ਹਨ। ਇਸ ਕਰਕੇ ਸਬੰਧਿਤ ਸਵਾਲ ਦੀ ਹੀ ਸਪਲੀਮੈਂਟਰੀ ਪੁੱਛਿਆ ਕਰੋ ਤਾਂ ਠੀਕ ਰਹੇਗਾ। ਬਾਕੀ ਤੁਹਾਡੀ ਭਾਵਨਾ ਸ਼ੁੱਧ ਹੈ, ਇਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ।

----

## ਫਿਲੌਰ ਅਤੇ ਰੁੜਕਾ ਕਲਾਂ ਦੇ ਪਿੰਡਾਂ ਵਿੱਚ ਜਲ ਨਿਕਾਸੀ ਅਤੇ ਸੀਵਰੇਜ ਸਿਸਟਮ ਦੇ ਪ੍ਰਬੰਧ ਕਰਨਾ

*184. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: –

(ੳ) ਵਿਧਾਨ ਸਭਾ ਹਲਕਾ ਫਿਲੌਰ ਵਿੱਚ ਪੈਂਦੇ ਬਲਾਕ ਫਿਲੌਰ ਅਤੇ ਰੁੜਕਾ ਕਲਾਂ ਦੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿੱਥੇ ਕਿ ਉਚਿਤ ਜਲ ਨਿਕਾਸੀ ਅਤੇ ਸੀਵਰੇਜ ਸਿਸਟਮ ਨਹੀਂ ਹਨ?

(ਅ) ਸਰਕਾਰ ਵੱਲੋਂ ਉਪਰੋਕਤ ਪਿੰਡਾਂ ਵਿੱਚ ਜਲ ਨਿਕਾਸ ਅਤੇ ਸੀਵਰੇਜ ਸਿਸਟਮ ਪਾਉਣ ਲਈ ਕੀ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਸਵਾਲ ਪੁੱਛਿਆ ਹੈ, ਉਸ ਦਾ ਜਵਾਬ ਹੈ: –

(ੳ) ਵਿਧਾਨ ਸਭਾ ਹਲਕਾ ਫਿਲੌਰ ਅਧੀਨ ਬਲਾਕ ਫਿਲੌਰ ਅਤੇ ਬਲਾਕ ਰੁੜਕਾ ਕਲਾਂ ਵਿੱਚ ਕੁੱਲ 3 ਪਿੰਡ ਹਨ ਜਿਨ੍ਹਾਂ ਵਿੱਚ ਉਚਿਤ ਜਲ ਨਿਕਾਸੀ ਅਤੇ ਸੀਵਰੇਜ ਸਿਸਟਮ ਨਹੀਂ ਹੈ।

(ਅ) ਵਿਭਾਗ ਇਸ ਮਾਮਲੇ ਦਾ ਨਿਰੀਖਣ ਕਰ ਰਿਹਾ ਹੈ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸਿਰਫ 3 ਐਸੇ ਪਿੰਡ ਹਨ, ਪਰ 140 ਪਿੰਡਾਂ ਵਿੱਚੋਂ ਜ਼ਿਆਦਾਤਰ ਪਿੰਡਾਂ ਵਿੱਚ ਵਿਭਾਗ ਵਿੱਚੋਂ ਜੇਕਰ ਸਰਵੇ ਕੀਤਾ ਜਾਵੇ ਤਾਂ ਹਰ ਪਿੰਡ ਵਿੱਚ ਲੋਕ ਸੀਵਰੇਜ ਅਤੇ ਡਰੇਨੇਜ ਦੀ ਸਮੱਸਿਆ ਦੱਸਣਗੇ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਸਬੰਧੀ ਵਿਭਾਗ ਦੀ ਦੁਬਾਰਾ ਡਿਊਟੀ ਲਗਾਉ ਤਾਂ ਕਿ ਤੁਹਾਨੂੰ ਇਗਜ਼ੈਕਟ ਫਿੱਗਰ ਪਤਾ ਲੱਗੇ ਕਿ ਇਹ ਸਮੱਸਿਆ ਕਿੰਨੇ ਪਿੰਡਾਂ ਦੀ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਕਿਹਾ ਹੈ, ਇਸ ਸਬੰਧੀ ਮੈਂ ਪਤਾ ਕੀਤਾ ਸੀ ਅਤੇ ਮੈਨੂੰ ਇਨ੍ਹਾਂ ਤਿੰਨਾਂ ਪਿੰਡਾਂ ਦੀ ਹੀ ਰਿਪੋਰਟ ਆਈ ਹੈ। ਬਾਕੀ ਹਰ ਥਾਂ ਤੇ ਸੀਵਰੇਜ ਸਿਸਟਮ ਹੈ ਪਰ ਕੁਝ ਥਾਵਾਂ ਸਬੰਧੀ ਮੈਨੂੰ ਬੀ.ਡੀ.ਓ. ਨੇ ਦੱਸਿਆ ਸੀ ਕਿ ਪ੍ਰਾਬਲਮ ਹੈ, ਉਹ ਅਸੀਂ ਠੀਕ ਕਰ ਦਿਆਂਗੇ। ਇਨ੍ਹਾਂ ਤਿੰਨਾਂ ਪਿੰਡਾਂ ਵਿੱਚ ਵੀ ਜਲਦੀ ਹੀ ਸੀਵਰੇਜ ਦਾ ਸਿਸਟਮ ਠੀਕ ਕਰ ਦਿਆਂਗੇ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ ਮੰਤਰੀ ਸਾਹਿਬ ਕੋਲ ਗਲਤ ਇਨਫਰਮੇਸ਼ਨ ਹੈ। ਤੁਸੀਂ ਕਾਈਂਡਲੀ ਦੁਬਾਰਾ ਤੋਂ ਪੜਤਾਲ ਕਰਵਾਉ ਤਾਂ ਕਿ ਤੁਹਾਨੂੰ ਇਗਜ਼ੈਕਟ ਰਿਐਲਿਟੀ ਪਤਾ ਲੱਗੇ। ਕੀ ਪੜਤਾਲ ਕਰਵਾਉਣ ਤੋਂ ਬਾਅਦ ਜਿਨ੍ਹਾਂ ਪਿੰਡਾਂ ਵਿੱਚ ਸੀਵਰੇਜ ਦੀ ਸਮੱਸਿਆ ਪਾਈ ਜਾਵੇਗੀ, ਉਨ੍ਹਾਂ ਪਿੰਡਾਂ ਦਾ ਮਸਲਾ ਹੱਲ ਕਰੋਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇ ਉਨ੍ਹਾਂ ਕੋਲ ਵੱਧ ਜਾਣਕਾਰੀ ਹੈ ਤਾਂ ਉਹ ਲਿਖ ਕੇ ਦੇ ਦੇਣ। ਮੈਂ ਉਸ ਦੀ ਜਾਂਚ ਕਰਵਾ ਲਵਾਂਗਾ ਅਤੇ ਇਹ ਸਮੱਸਿਆ ਠੀਕ ਕਰ ਦਿਆਂਗੇ। ਜੇਕਰ ਇਨ੍ਹਾਂ ਕੋਲ ਕੁਝ ਜਾਣਕਾਰੀ ਹੈ ਤਾਂ ਮੈਨੂੰ ਲਿਖ ਕੇ ਦੇ ਦੇਣ।

----

## ਅਬੋਹਰ ਵਿਖੇ ਬੱਸ ਸਟੈਂਡ ਦਾ ਨਵੀਨੀਕਰਨ ਕਰਨਾ

**54. ਸ਼੍ਰੀ ਸੰਦੀਪ ਜਾਖੜ** : ਬੱਸ ਸਟੈਂਡ, ਅਬੋਹਰ ਦੇ ਨਵੀਨੀਕਰਨ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਭਗਵੰਤ ਮਾਨ**: ਮਾਨਯੋਗ ਸਪੀਕਰ ਸਾਹਿਬ, ਐਮ.ਐਲ.ਏ. ਅਬੋਹਰ ਮਾਨਯੋਗ ਸੰਦੀਪ ਜਾਖੜ ਸਾਹਿਬ ਨੇ ਜੋ ਪ੍ਰਸ਼ਨ ਪੁੱਛਿਆ ਹੈ, ਉਨ੍ਹਾਂ ਨੇ ਬੱਸ ਅਬੋਹਰ ਦੇ ਨਵੀਨੀਕਰਨ ਬਾਰੇ ਮੌਜੂਦਾ ਹਾਲਾਤ/ਸਟੇਟਸ ਪੁੱਛਿਆ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਅਬੋਹਰ ਕਸਬਾ ਹੈ, ਉਹ ਰਾਜਸਥਾਨ ਦੀ ਸਰਹੱਦ

ਨਾਲ ਲੱਗਦਾ ਸਾਡਾ ਆਖਰੀ ਕਸਬਾ ਹੈ। ਉਥੋਂ ਦਾ ਬੱਸ ਸਟੈਂਡ ਬਿਲਕੁਲ ਲੇਟੈਸਟ ਅਤੇ ਰੈਨੋਵੇਟਿਡ ਹੋਣਾ ਚਾਹੀਦਾ ਹੈ।

ਬੱਸ ਸਟੈਂਡ ਅਬੋਹਰ ਦੇ ਨਵੀਨੀਕਰਨ ਦਾ ਕੰਮ ਲਗਭਗ 25% ਮੁਕੰਮਲ ਹੋ ਚੁੱਕਾ ਹੈ। ਟਰਾਂਸਪੋਰਟ ਵਿਭਾਗ ਵੱਲੋਂ ਇਸ ਬੱਸ ਸਟੈਂਡ ਲਈ 2.92 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਗਈ ਹੈ। ਫੰਡਜ਼ ਪ੍ਰਾਪਤ ਹੋਣ ਉਪਰੰਤ ਇਸ ਪ੍ਰਾਜੇਕਟ ਨੂੰ ਮੁਕੰਮਲ ਕਰਨ ਵਿੱਚ ਲਗਭਗ 3 ਮਹੀਨੇ ਦਾ ਸਮਾਂ ਲੱਗੇਗਾ।

**ਮ/ਬ.ਸ./4.05/28.06.2022**

ਰੈਨੋਵੇਟਿਡ ਹੋਣਾ ਚਾਹੀਦਾ ਹੈ। ਸਰ, 25% ਦੇ ਲਗਭਗ ਅਬੋਹਰ ਦੇ ਬੱਸ ਸਟੈਂਡ ਦੇ ਨਵੀਨੀਕਰਨ ਦਾ ਕੰਮ ਮੁਕੰਮਲ ਹੋ ਗਿਆ ਹੈ। ਟਰਾਂਸਪੋਰਟ ਵਿਭਾਗ ਵੱਲੋਂ ਇਸ ਬੱਸ ਸਟੈਂਡ ਲਈ 2.92 ਕਰੋੜ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਵੀ ਹੋ ਗਈ ਹੈ ਤੇ ਫੰਡਜ਼ ਵੀ ਆ ਗਏ ਹਨ। ਅਸੀਂ ਤਾਂ ਵੈਸੇ ਹੀ ਕੱਲ੍ਹ 45 ਨਵੇਂ ਆਧੁਨਿਕ ਬੱਸ ਸਟੈਂਡ ਬਣਾਉਣ ਬਾਰੇ ਬਜਟ ਵਿੱਚ ਤਜਵੀਜ਼ ਦਿੱਤੀ ਹੈ ਕਿਉਂਕਿ ਇਹ ਜਿਹੜਾ ਅਬੋਹਰ ਦਾ ਬੱਸ ਸਟੈਂਡ ਹੈ, ਇਹ ਨਗਰ ਨਿਗਮ ਦੀ ਮਲਕੀਅਤ ਵਾਲੀ ਜ਼ਮੀਨ ਵਿੱਚ ਹੈ। ਸੋ, ਇਸ ਦੀ ਰੈਨੋਵੇਸ਼ਨ ਦੀ ਸਖਤ ਜ਼ਰੂਰਤ ਹੈ ਤੇ ਮੈਨੂੰ ਉਮੀਦ ਹੈ ਕਿ ਇਸ ਬੱਸ ਸਟੈਂਡ ਨੂੰ ਅਸੀਂ ਤਿੰਨ-ਚਾਰ ਮਹੀਨਿਆਂ ਦੇ ਅੰਦਰ-ਅੰਦਰ ਬਿਲਕੁਲ ਅਪਗ੍ਰੇਡ ਕਰ ਦਿਆਂਗੇ ਕਿਉਂਕਿ ਜਿਵੇਂ ਚੰਡੀਗੜ੍ਹ ਇੱਧਰਲੀ ਟੇਲ ਹੈ ਤਾਂ ਪੰਜਾਬ ਉੱਧਰਲੇ ਪਾਸਿਓਂ ਵੀ ਤਾਂ ਸ਼ੁਰੂ ਹੁੰਦਾ ਹੈ ਕਿਉਂਕਿ ਇੱਥੋਂ ਰਾਜਸਥਾਨ, ਹਰਿਆਣਾ ਲਈ ਵੀ ਤਾਂ ਇੰਟਰ ਸਟੇਟ ਬੱਸਾਂ ਚਲਦੀਆਂ ਹਨ। So, it will be done within three or four months. ਔਰ ਅਪਗ੍ਰੇਡਿਡ ਬੱਸ ਸਟੈਂਡ ਹੋਵੇਗਾ ਜਿੱਥੇ ਹਰ ਇੱਕ ਆਧੁਨਿਕ ਕਿਸਮ ਦੀ ਸੁਵਿਧਾ ਹੋਵੇਗੀ।

**ਸ਼੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਇੱਕ ਤਾਂ ਮੈਂ ਸੀ.ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ 25% ਕੰਮ ਦੱਸਿਆ ਹੈ, ਇਸ ਦੀ ਪਲੀਜ਼ ਇਨਕੁਆਰੀ ਕਰਵਾਈ ਜਾਵੇ ਕਿਉਂਕਿ ਮੇਰਾ ਖਿਆਲ ਹੈ ਕਿ ਆਨ ਗਰਾਊਂਡ 5% ਤੋਂ ਜ਼ਿਆਦਾ ਕੰਮ ਨਹੀਂ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਹੋਰ ਗੱਲ ਚੇਤੇ ਕਰਵਾਉਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਆਮ ਆਦਮੀ ਦੀ ਸਵਾਰੀ ਬੱਸ ਹੀ ਹੈ ਅਤੇ ਦੋ ਮਹੀਨਿਆਂ ਤੋਂ ਕੰਮ ਬੰਦ ਹੈ ਤੇ ਲੋਕ ਖੱਜਲ-ਖੁਆਰ ਹੋ ਰਹੇ ਹਨ ਤੇ ਜਿਵੇਂ ਕਿ ਸੀ.ਐਮ. ਸਾਹਿਬ ਨੇ ਆਸ਼ਵਾਸਨ ਦਿੱਤਾ ਹੈ, ਮੈਨੂੰ ਉਮੀਦ ਹੈ ਕਿ ਮਹਿਕਮੇ ਨੂੰ ਜਾਂ ਜਿਹੜੇ ਬੰਦੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪੁਲਅੱਪ ਕੀਤਾ ਜਾਵੇਗਾ ਤੇ ਛੇਤੀ ਕੰਮ ਸ਼ੁਰੂ ਕਰਵਾਇਆ ਜਾਵੇ।

**ਮੁੱਖ ਮੰਤਰੀ:** ਬਿਲਕੁਲ, ਜੇ ਕੋਈ ਇਸ ਤਰ੍ਹਾਂ ਦੀ ਕੁਤਾਹੀ ਹੋਈ ਹੈ ਕਿ 25% ਦੀ ਜਗ੍ਹਾ 5% ਕੰਮ ਹੋਇਆ ਹੈ ਤਾਂ ਉਸ ਦੀ ਵੀ ਜਾਂਚ ਕਰਵਾਈ ਜਾਵੇਗੀ ਕਿਉਂਕਿ ਤੁਸੀਂ ਉਸ ਹਲਕੇ ਨੂੰ ਰੀਪ੍ਰੈਜ਼ੈਂਟ ਕਰਦੇ ਹੋ। ਇਹ ਵੀ ਮੈਂ ਤੁਹਾਨੂੰ ਆਸ਼ਵਾਸਨ ਦਿੰਦਾ ਹਾਂ ਕਿ ਜੇਕਰ ਕੋਈ ਇਸ ਤਰ੍ਹਾਂ ਦੀ ਅਫਸਰ ਲੈਵਲ ਤੇ ਜਾਂ ਪ੍ਰਸ਼ਾਸਕੀ ਲੈਵਲ ਤੇ ਕੁਤਾਹੀ ਹੋਈ ਹੈ ਤਾਂ ਉਸ ਦੀ ਵੀ ਜਾਂਚ ਕਰਵਾਈ ਜਾਵੇਗੀ ਪਰ ਇਸ ਨੂੰ ਤਿੰਨ-ਚਾਰ ਮਹੀਨੇ ਵਿੱਚ ਕੰਪਲੀਟ ਕਰਵਾਉਣ ਲਈ ਟਾਈਮ ਬਾਊਂਡ ਕਰਕੇ ਉਦਘਾਟਨ ਵੀ ਤੁਹਾਡੇ ਤੋਂ ਕਰਵਾਵਾਂਗੇ। (ਥੰਪਿੰਗ)

**ਮਾਨਯੋਗ ਸਪੀਕਰ:** ਧੰਨਵਾਦ ਤਾਂ ਕਰ ਦਿਓ ਹੁਣ ਸੰਦੀਪ ਜੀ।

**ਸ਼੍ਰੀ ਸੰਦੀਪ ਜਾਖੜ:** ਧੰਨਵਾਦ ਸੀ.ਐਮ. ਸਾਹਿਬ ਅਤੇ it will be an honour, Chief Minister Sahib ਜੇ ਤੁਸੀਂ ਆਪ ਆ ਕੇ ਉਦਘਾਟਨ ਕਰੋਗੇ।

**ਮੁੱਖ ਮੰਤਰੀ:** ਮੈਂ ਆਵਾਂਗਾ ਪਰ ਰਿਬਨ ਤੁਸੀਂ ਕੱਟੋਗੇ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੇ ਮਾਰਫਤ ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਸਮਾਰਟ ਬੱਸ ਸਟੈਂਡ ਅਬੋਹਰ ਬਣ ਰਿਹਾ ਹੈ ਤੇ ਜਿਹੜੇ ਬਜਟ ਵਿੱਚ ਹੋਰ ਬੱਸ ਸਟੈਂਡ ਬਣ ਰਹੇ ਹਨ ਕੀ ਉਨ੍ਹਾਂ ਵਿੱਚ ਵਾਟਰ ਹਾਰਵੈਸਟਿੰਗ ਦੀ ਪ੍ਰੋਵੀਜ਼ਨ, ਕੀ ਉਸ ਵਿੱਚ ਸੋਲਰ ਪੈਨਲਿੰਗ ਦੀ ਪ੍ਰੋਵੀਜ਼ਨ, ਕੀ ਡਿਸਏਬਲ ਬੰਦਿਆਂ ਵਾਸਤੇ ਰੈਂਪਸ ਦੀ ਪ੍ਰੋਵੀਜ਼ਨ ਕਿਉਂਕਿ ਉਹ ਲੋਕ ਬੱਸ ਸਟੈਂਡ ਤੇ ਬਹੁਤ ਖੱਜਲ-ਖੁਆਰ ਹੁੰਦੇ ਹਨ, ਕੀ ਲੈਕਟੇਟਿੰਗ ਮਦਰਜ਼ ਵਾਸਤੇ ਰੂਮ ਤੇ ਟੌਡਲਰਜ਼ ਵਾਸਤੇ ਸੈਪਰੇਟ ਰੂਮਜ਼ ਦੀ ਪ੍ਰੋਵੀਜ਼ਨ ਰੱਖੀ ਗਈ ਹੈ? ਅਗਰ ਇਨ੍ਹਾਂ ਵਿੱਚ ਨਹੀਂ ਰੱਖੀ ਗਈ ਤਾਂ ਕੀ ਜਿਹੜੇ ਹੋਰ ਨਵੇਂ ਬੱਸ ਸਟੈਂਡ ਬਣਨੇ ਹਨ ਉਨ੍ਹਾਂ ਵਿੱਚ ਇਹ ਪ੍ਰੋਵੀਜ਼ਨ ਰੱਖੀ ਜਾਵੇਗੀ?

**ਮੁੱਖ ਮੰਤਰੀ:** ਐਮ.ਐਲ.ਏ. ਸਾਹਿਬ, ਜਿੰਨੇ ਵੀ ਆਧੁਨਿਕ ਬੱਸ ਸਟੈਂਡ ਬਣਨਗੇ, ਜਿਹੜੇ ਤੁਸੀਂ ਕਿਹਾ ਕਿ ਡਿਸਏਬਲਡ ਪਰਸਨਜ਼ ਵਾਸਤੇ ਰੈਂਪ ਹੋਵੇਗਾ, ਲਿਫਟ ਹੋਵੇਗੀ ਔਰ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਜਿਹੜੀਆਂ ਚੀਜ਼ਾਂ ਦੀ ਘਾਟ ਹੈ ਉਹਨ੍ਹਾਂ ਤੇ ਅੱਗੇ ਅਸੀਂ ਲੱਗੇ ਹੋਏ ਹਾਂ। Toilets ਬਿਲਕੁਲ ਸਾਫ ਸੁਥਰੀਆਂ ਹੋਣਗੀਆਂ ਕਿਉਂਕਿ ਅੱਜ ਜੇ ਤੁਸੀਂ ਪੰਜਾਬ ਵਿੱਚ ਜਾਓ ਤਾਂ ਸ਼ਾਇਦ ਢਾਬੇ ਵਾਲਿਆਂ ਨੂੰ ਵੀ ਇਹ ਲਿਖਣਾ ਪੈਂਦਾ ਹੈ ਕਿ ਸਾਡੇ ਕੋਲ ਬਾਥਰੂਮ ਹਨ। ਪੈਟਰੋਲ ਪੰਪ ਵੀ ਹਨ ਪਰ ਕਈ ਪੈਟਰੋਲ ਪੰਪ ਵੀ ਐਸੇ ਹਨ ਜਿਹੜੇ ਆਪਣੇ ਬਾਥਰੂਮ ਨੂੰ ਤਾਲਾ ਲਗਾ ਕੇ ਰੱਖਦੇ ਹਨ। ਜੇ ਕੋਈ ਜਾਣਾ ਚਾਹੇ ਤਾਂ ਬਾਥਰੂਮ ਖੋਲਦੇ ਹਨ, ਅਦਰਵਾਈਜ਼ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੈ ਕਿ ਪੈਟਰੋਲ ਪੰਪ ਦਾ ਲਾਇਸੈਂਸ ਲੈਣ ਵਾਸਤੇ ਬਾਥਰੂਮ ਜ਼ਰੂਰੀ ਹਨ। ਸੋ, ਇਹ ਹੋ ਨਹੀਂ ਸਕਦਾ ਕਿ ਜਿੱਥੇ ਬੱਸ ਸਟੈਂਡ ਵਰਗੀ ਕੋਈ

ਤਜਵੀਜ਼ ਆਵੇ ਜਿੱਥੇ ਹਜ਼ਾਰਾਂ ਲੋਕਾਂ ਨੇ ਇੱਕ ਦਿਨ ਵਿੱਚ ਮੂਵਮੈਂਟ ਕਰਨੀ ਹੈ ਉੱਥੇ ਇੱਕ ਨਹੀਂ, ਦੋ ਨਹੀਂ, ਪੰਜ, ਸੱਤ, ਦਸ ਜਾਂ ਉਸ ਹਲਕੇ ਦੀ ਅਬਾਦੀ ਦੇ ਮੁਤਾਬਿਕ ਬਾਥਰੂਮ ਹੋਣਗੇ ਔਰ ਉੱਥੇ ਡਿਜ਼ੀਟਲ ਸਕਰੀਨਾਂ ਲਗੀਆਂ ਹੋਣਗੀਆਂ ਜਿਵੇਂ ਆਪਾਂ ਏਅਰਪੋਰਟ ਤੇ ਦੇਖਦੇ ਹਾਂ।

**ਸ.ਸ.–ਰ.ਕ./4:10/28.06.2022**

ਇੰਨੇ ਵੱਜ ਕੇ ਇੰਨੇ ਮਿੰਟ ਵਾਲੀ ਬੱਸ ਇੱਥੇ ਆਵੇਗੀ ਅਤੇ ਉਹ ਇੰਨੇ ਨੰਬਰ ਸਟੈਂਡ ਤੇ ਲੱਗੇਗੀ। ਸੋ, ਬਿਲਕੁਲ ਆਧੁਨਿਕ ਬੱਸ ਸਟੈਂਡ ਹੋਣਗੇ, ਉਨ੍ਹਾਂ ਨੂੰ ਵੇਖ ਕੇ ਤੁਸੀਂ ਕਹੋਗੇ ਕਿ "ਹਾਂ" ਜੇ ਬਣਾਉਣੇ ਹਨ ਤਾਂ ਇਹੋ–ਜਿਹੇ ਬਣਾਉ। ਨਹੀਂ ਤਾਂ ਫਿਰ ਇਕੱਲੀ ਬਿਲਡਿੰਗ ਬਣਾਉਣ ਦਾ ਕੋਈ ਫਾਇਦਾ ਨਹੀਂ। (ਥੰਪਿੰਗ)

**ਮਾਨਯੋਗ ਸਪੀਕਰ:** ਤੁਹਾਡੀ ਸਪਲੀਮੈਂਟਰੀ ਹੋ ਗਈ ਜੀ। ਹੈਨਰੀ ਸਾਹਿਬ, ਹੁਣ ਤੁਸੀਂ ਧੰਨਵਾਦ ਕਰ ਦਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸੋਲਰ ਪੈਨਲਜ਼ ਬਾਰੇ ਵੀ ਜ਼ਿਕਰ ਕਰ ਦਿਉ ਜੀ।

**ਮੁੱਖ ਮੰਤਰੀ:** ਵੇਖੋ ਸੋਲਰ ਪੈਨਲ ਤਾਂ ਅਸੀਂ ਸਕੂਲਾਂ ਤੇ ਵੀ ਲਗਾ ਰਹੇ ਹਾਂ, ਬੱਸ ਸਟੈਂਡ ਤੇ ਕਿਉਂ ਨਹੀਂ ਲਗਾਵਾਂਗੇ? ਸਾਰਾ ਕੁਝ ਹੋਵੇਗਾ। ਸਪੀਕਰ ਸਾਹਿਬ ਕੋਈ ਗੱਲ ਨਹੀਂ, ਇਨ੍ਹਾਂ ਨੂੰ ਬੋਲ ਲੈਣ ਦਿਉ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਮੈਂ ਸਵਾਲ ਤੇ ਵੀ ਇਨ੍ਹਾਂ ਦੇ ਕਹੇ ਤੋਂ ਬਗੈਰ ਆਪਣਾ ਬੈਂਚ ਥਪਥਪਾਇਆ ਹੈ ਤੇ ਮੁੱਖ ਮੰਤਰੀ ਸਾਹਿਬ ਦੇ ਕਹਿਣ ਤੇ ਵੀ ਹੁਣ ਥਪਥਪਾਇਆ ਹੈ, ਵਜ਼ੀਰ ਸਾਹਿਬ (ਖੇਡਾਂ ਤੇ ਯੁਵਕ ਮਾਮਲੇ ਮੰਤਰੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਵੱਲ ਇਸ਼ਾਰਾ) ਨੂੰ ਕਹਿਣ ਦੀ ਲੋੜ ਨਹੀਂ, ਇਹ ਆਪਣਾ ਬੈਂਚ ਥਪਥਪਾ ਲਿਆ ਕਰਨ।

**ਮੁੱਖ ਮੰਤਰੀ:** ਮੈਨੂੰ ਲੱਗਦਾ ਹੈ ਕਿ ਅਗਲੇ ਸੈਸ਼ਨ ਤੱਕ ਤੁਸੀਂ ਕੋਈ ਨਾ ਕੋਈ ਬੱਸ ਸਟੈਂਡ ਜ਼ਰੂਰ ਵੇਖ ਕੇ ਆਇਓ ਜਿਹੜਾ ਅਸੀਂ ਬਣਾਇਆ ਹੋਵੇਗਾ ਤੇ ਉਸ ਤੋਂ ਬਾਅਦ ਫਿਰ ਮੇਜ਼ ਥਪਥਪਾਉਣ ਦੇ ਨਾਲ ਨਾਲ ਬੋਲ ਕੇ ਧੰਨਵਾਦ ਕਰ ਦਿਉ।

**ਸ਼੍ਰੀ ਨਰੇਸ਼ ਪੁਰੀ:** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਜੀ। ਮੈਂ ਇਸ ਵਾਸਤੇ ਖੜ੍ਹਾ ਹੋਇਆ ਹਾਂ ਕਿ ਸੀ.ਐਮ. ਸਾਹਿਬ ਬੱਸ ਸਟੈਂਡ ਨਾਲ ਰਿਲੇਟਿਡ ਗੱਲ ਕਰ ਰਹੇ ਹਨ ਜਿਸ ਤਰ੍ਹਾਂ ਜਾਖੜ ਸਾਹਿਬ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੰਦੀਪ ਜਾਖੜ ਦਾ ਜ਼ਿਕਰ ਕਰਦੇ ਹੋਏ) ਨੇ ਕਿਹਾ ਕਿ ਪੰਜਾਬ ਅਬੋਹਰ ਸਾਈਡ ਤੋਂ ਸ਼ੁਰੂ ਹੁੰਦਾ ਹੈ। ਉਸੇ ਤਰ੍ਹਾਂ ਸੁਜਾਨਪੁਰ ਜੇ.ਐਂਡ.ਕੇ. ਦਾ ਬਾਰਡਰ ਹੈ ਔਰ ਮੇਰੇ ਪਿਤਾ ਜੀ ਜਦੋਂ ਸੰਨ 1985 ਤੋਂ ਵਜ਼ੀਰ ਅਤੇ ਐਮ.ਐਲ.ਏ. ਰਹੇ ਹਨ ਪਰ ਉਨ੍ਹਾਂ ਨੂੰ ਸ਼ਾਇਦ ਇਹ ਪ੍ਰਮਾਤਮਾ ਦਾ

ਹੁਕਮ ਨਹੀਂ ਹੋਇਆ ਕਿ ਇਹ ਕੰਮ ਪੂਰਾ ਨਹੀਂ ਕਰਵਾ ਸਕੇ। ਸੁਜਾਨਪੁਰ ਬੱਸ ਸਟੈਂਡ ਦੀ ਬੜੀ ਪ੍ਰਾਬਲਮ ਹੈ ਔਰ ਮੈਂ ਤੁਹਾਡੇ ਮਾਰਫਤ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਜਿਸ ਤਰ੍ਹਾਂ ਆਪਾਂ ਬਜਟ ਵਿੱਚ ਪ੍ਰੋਵੀਜ਼ਨ ਕੀਤਾ ਹੈ ਔਰ ਸੁਜਾਨਪੁਰ ਬੱਸ ਸਟੈਂਡ ਨੂੰ ਬਣਾਇਆ ਜਾਵੇ। ਉੱਥੇ ਸੱਤ ਏਕੜ ਪੁੱਡਾ ਦੀ ਜ਼ਮੀਨ ਪਈ ਹੈ, ਸਿਰਫ ਇੱਕ ਨਹਿਰ ਦੇ ਉੱਪਰ ਪੁਲ ਪਾਉਣਾ ਹੋਵੇਗਾ ਤੇ ਬੱਸ ਸਟੈਂਡ ਵਾਸਤੇ ਜ਼ਮੀਨ ਅਵੇਲੇਬਲ ਹੋ ਜਾਵੇਗੀ।

**ਮਾਨਯੋਗ ਸਪੀਕਰ:** ਪੁਰੀ ਸਾਹਿਬ, ਵੱਖਰਾ ਸਵਾਲ ਬਣਦਾ ਹੈ। ਜੇ ਸੀ.ਐਮ ਚਾਹੁੰਦੇ ਹਨ ਤਾਂ ਜਵਾਬ ਦੇ ਸਕਦੇ ਹਨ।

**ਮੁੱਖ ਮੰਤਰੀ:** ਸਰ, ਕੋਈ ਗੱਲ ਨਹੀਂ। ਮੈਂ ਹਰ ਗੱਲ ਦਾ ਜਵਾਬ ਦੇਵਾਂਗਾ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ, ਦੁੱਖ ਦੀ ਗੱਲ ਇਹ ਹੈ ਕਿ 15 ਅਗਸਤ ਆਉਣ ਵਾਲੀ ਹੈ, 75ਵਾਂ ਸਾਲ ਆਜ਼ਾਦੀ ਦਾ ਹੋ ਗਿਆ, ਅਜੇ ਬੱਸ ਸਟੈਂਡ ਤੇ ਹੀ ਫਿਰਦੇ ਹਨ ਕਿ ਸਾਡਾ ਨਹੀਂ ਬਣਿਆ ਜੀ, ਸਾਡਾ ਨਹੀਂ ਬਣਿਆ ਜੀ। ਉਹ ਪਤਾ ਨਹੀਂ ਕਿੱਥੇ ਤੱਕ ਚਲੇ ਗਏ ਜਿਹੜੇ ਸਾਨੂੰ ਦੋ-ਦੋ ਸਾਲ ਪਹਿਲਾਂ ਛੱਡ ਗਏ ਸੀ। ਉਨ੍ਹਾਂ ਨੇ ਤਾਂ ਪਤਾ ਨਹੀਂ ਕਿੱਥੇ ਸਪੇਸ ਵਿੱਚ ਵੀ ਬੱਸ ਸਟੈਂਡ ਬਣਾ ਲਏ। ਸੋ, ਸੁਜਾਨਪੁਰ, ਦੀਨਾਨਗਰ ਇਲਾਕਾ ਜਿਸ ਦੀਆਂ ਹੱਦਾਂ ਜੇ.ਐਂਡ.ਕੇ. ਨਾਲ ਲੱਗਦੀਆਂ ਹਨ, ਦਰਿਆ ਨਾਲ ਲੱਗਦਾ ਹੈ, ਇੰਟਰਸਟੇਟ ਬੱਸਾਂ ਵੀ ਜਿਹੜੀਆਂ ਜੰਮੂ, ਕਠੂਆ ਤੋਂ ਚੱਲਦੀਆਂ ਹਨ ਅਤੇ ਦਿੱਲੀ ਨੂੰ ਜਾਂਦੀਆਂ ਹਨ। ਸੋ, ਬਹੁਤ ਸਾਰੀ ਟਰੈਫਿਕ ਸੁਜਾਨਪੁਰ, ਪਠਾਨਕੋਟ ਪਹਾੜੀ ਏਰੀਏ ਦੀ ਹੈ, ਇਕੱਲੇ ਬੱਸ ਸਟੈਂਡ ਦੀ ਗੱਲ ਨਹੀਂ ਹੈ, ਪੁਰੀ ਸਾਹਿਬ, ਬੱਸ ਸਟੈਂਡ ਵੀ ਬਣੇਗਾ। ਇਸ ਦੇ ਨਾਲ-ਨਾਲ ਜਿਹੜਾ ਕੰਢੀ ਦਾ ਨੈਸ਼ਨਲ ਹਾਈਵੇਅ ਹੈ, ਉਸ ਸਬੰਧੀ ਅਸੀਂ ਮਨਿਸਟਰ ਸਾਹਿਬ ਤੇ ਨੈਸ਼ਨਲ ਹਾਈਵੇਅ ਅਥਾਰਟੀ ਨਾਲ ਗੱਲ ਕਰ ਰਹੇ ਹਾਂ। ਪਠਾਨਕੋਟ ਤੋਂ ਚੰਡੀਗੜ੍ਹ ਵਾਇਆ ਤਲਵਾੜਾ ਇੰਨਾ ਖੂਬਸੂਰਤ ਹਾਈਵੇਅ ਹੋਵੇਗਾ, ਇੱਕ ਪਾਸੇ ਪਹਾੜ, ਇੱਕ ਪਾਸੇ ਪਾਪੂਲਰ ਦੇ ਦਰੱਖਤ, ਸਿੱਧੇ ਆ ਕੇ ਪੀ.ਜੀ.ਆਈ. ਦੇ ਕੋਲ ਨਿਕਲਿਆਂ ਕਰੋਗੇ। ਸੋ, ਅੱਗੇ ਭਾਵੇਂ ਤੁਸੀਂ ਦੇਹਰਾਦੂਨ ਜਾਂ ਦਿੱਲੀ ਜਾਣਾ ਹੈ। ਇਹ ਤਾਂ ਹੀ ਪਾਸੀਬਲ ਹੋਵੇਗਾ ਜੇ ਬੱਸ ਸਟੈਂਡ ਹੋਵੇਗਾ। ਬੱਸਾਂ ਤਾਂ ਹੀ ਕਾਮਯਾਬ ਹੋਣਗੀਆਂ ਜੇ ਉੱਥੇ ਵਧੀਆ ਬੱਸ ਸਟੈਂਡ ਹੋਵੇਗਾ। ਉੱਥੇ ਲੋਕ ਬਿਨਾਂ ਕਿਸੇ ਦਿੱਕਤ ਤੋਂ ਚੜ੍ਹ ਸਕਣਗੇ। ਸੋ, ਸੁਜਾਨਪੁਰ ਦੇ ਏਰੀਆ ਦਾ ਬੱਸ ਸਟੈਂਡ ਵੀ ਅਪਗ੍ਰੇਡ ਹੋਵੇਗਾ।

----

## ਪਿੰਡ ਮਦਨੀਪੁਰ ਤਹਿ. ਪਾਇਲ ਵਿਖੇ ਉਦਯੋਗ ਲਗਾਉਣ ਸਬੰਧੀ

*8. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਮਦਨੀਪੁਰ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਸਥਿਤ ਫੋਕਲ ਪੁਆਇੰਟ ਖੰਡਰ ਹੋਏ ਪਏ ਹਨ, ਜਿਸ ਤੇ ਕਰੋੜਾਂ ਰੁਪਏ ਖਰਚੇ ਗਏ, ਜੇਕਰ ਅਜਿਹਾ ਹੋਵੇ ਤਾਂ ਕੀ ਇੱਥੇ ਖੇਤੀ ਨਾਲ ਸਬੰਧਿਤ (ਫੂਡ ਪ੍ਰੋਸੈਸਿੰਗ) ਉਦਯੋਗ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸ਼੍ਰੀਮਾਨ ਜੀ, ਹਾਂ ਜੀ, ਇਹ ਠੀਕ ਹੈ ਕਿ ਗਰਾਮ ਪੰਚਾਇਤ ਮਦਨੀਪੁਰ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਸਥਿਤ ਫੋਕਲ ਪੁਆਇੰਟ ਖਸਤਾ ਹਾਲਤ ਵਿੱਚ ਹੈ ਪ੍ਰੰਤੂ ਸਰਕਾਰ ਪਾਸ ਖੇਤੀ ਨਾਲ ਸਬੰਧਿਤ (ਫੂਡ ਪ੍ਰੋਸੈਸਿੰਗ) ਉਦਯੋਗ ਲਗਾਉਣ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਪਾਇਲ ਹਲਕਾ ਜਿਹੜਾ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਜੱਦੀ ਹਲਕਾ ਹੈ, ਸਾਡਾ ਪੂਰਾ ਪੇਂਡੂ ਹਲਕਾ ਹੈ। ਉੱਥੇ 106 ਪਿੰਡ ਹਨ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਉੱਥੇ ਜ਼ਮੀਨ ਐਕੁਆਇਰ ਕੀਤੀ ਹੈ ਔਰ ਉੱਥੇ ਖੰਡਰ ਬਣੇ ਹੋਏ ਹਨ। ਐਸੀ ਐਕੁਆਇਰ ਕੀਤੀ ਜ਼ਮੀਨ ਲਈ ਮਨਸ਼ਾ ਕੀ ਸੀ? ਉਸ ਵਿੱਚ ਕਿਹੜੇ-ਕਿਹੜੇ ਲੋਕ ਇਨਵਾਲਵ ਸੀ, ਕਿਸੇ ਤੇ ਕੋਈ ਇਨਕੁਆਰੀ ਹੋ ਸਕਦੀ ਹੈ ਕਿ ਉਹ ਲੋਕਾਂ ਨੇ ਸਰਕਾਰ ਦਾ ਪੈਸਾ ਕਿਉਂ ਬਰਬਾਦ ਕੀਤਾ ਜਦੋਂ ਉੱਥੇ ਕੋਈ ਉਦਯੋਗ ਲਗਾਉਣਾ ਹੀ ਨਹੀਂ ਸੀ।

**ਗ.ਕੌ./ਰ.ਕ./4.15/28.06.2022**

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 1977-78 ਵਿੱਚ, ਉਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਸੀ, ਉਸ ਸਮੇਂ ਫੋਕਲ ਪੁਆਇੰਟ ਸਕੀਮ ਲਾਗੂ ਕੀਤੀ ਗਈ ਸੀ। ਜਿਸ ਦਾ ਮੁੱਢਲਾ ਉਦੇਸ਼ ਲਾਹੇਵੰਦ ਰੁਜ਼ਗਾਰ ਪ੍ਰਦਾਨ ਕਰਨਾ, ਸਥਾਨਕ ਸਾਧਨਾਂ ਦਾ ਵਿਕਾਸ ਕਰਨਾ ਅਤੇ ਕਮਜ਼ੋਰ ਵਰਗ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਉਣਾ ਸੀ। ਰਾਜ ਵਿੱਚ ਕੁੱਲ 600 ਫੋਕਲ ਪੁਆਇੰਟ, 6484 ਏਕੜ ਜ਼ਮੀਨ ਵਿੱਚ ਬਣਾਏ ਗਏ ਸੀ। ਗ੍ਰਾਮ ਪੰਚਾਇਤ ਮਦਨੀਪੁਰ ਬਲਾਕ ਮਲੌਦ ਤਹਿਸੀਲ ਪਾਇਲ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਫੋਕਲ ਪੁਆਇੰਟ ਦੀ ਉਸਾਰੀ ਸਾਲ 1998 ਵਿੱਚ ਕੀਤੀ ਸੀ। ਫੋਕਲ ਪੁਆਇੰਟ ਲਗਭਗ 12 ਏਕੜ ਗ੍ਰਾਮ ਪੰਚਾਇਤ ਦੀ ਸ਼ਾਮਲਾਤ ਜ਼ਮੀਨ ਵਿੱਚ ਬਣਾਇਆ

ਗਿਆ ਸੀ। ਗ੍ਰਾਮ ਪੰਚਾਇਤ ਮਦਨੀਪੁਰ ਵਿਖੇ ਸਥਿਤ ਫੋਕਲ ਪੁਆਇੰਟ ਵਿੱਚ ਆਮ ਲੋਕਾਂ ਦੀ ਜ਼ਰੂਰਤ ਲਈ ਇੱਕ ਕਮਿਊਨਿਟੀ ਹਾਲ, ਪਸ਼ੂ ਹਸਪਤਾਲ, ਦਾਣਾ ਮੰਡੀ, ਬੈਂਕ ਲਈ ਬਿਲਡਿੰਗ ਦਫਤਰ ਅਤੇ ਆੜ੍ਹਤੀਆਂ ਲਈ ਦੁਕਾਨਾਂ ਬਣਾਈਆਂ ਗਈਆਂ ਸਨ। ਇਹ ਸਾਰੀਆਂ ਇਮਾਰਤਾਂ ਇਸ ਸਮੇਂ ਖਾਲੀ ਪਈਆਂ ਹਨ ਅਤੇ ਖਸਤਾ ਹਾਲਤ ਵਿੱਚ ਹਨ। ਕੇਵਲ ਪਸ਼ੂ ਹਸਪਤਾਲ ਚੱਲ ਰਿਹਾ ਹੈ ਪਰੰਤੂ ਖੇਤੀ ਨਾਲ ਸਬੰਧਿਤ ਫੂਡ ਪ੍ਰੋਸੈਸਿੰਗ ਉਦਯੋਗ ਲਗਾਉਣ ਲਈ ਕੋਈ ਤਜਵੀਜ਼ ਪ੍ਰਾਪਤ ਨਹੀਂ ਹੋਈ। ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਸਾਡਾ ਹਲਕਾ ਪਛੜਿਆ ਹੋਇਆ ਹਲਕਾ ਹੈ। ਜਿਹੜੇ ਸਾਡੇ ਹਲਕੇ ਦੇ ਨੌਜਵਾਨ ਹਨ ਉਨ੍ਹਾਂ ਲਈ ਉੱਥੇ ਕੋਈ ਵੀ ਇੰਡਸਟਰੀ ਨਹੀਂ ਹੈ। ਜਿਹੜੇ ਗਰੀਬ ਐਸ.ਸੀ. ਪਰਿਵਾਰਾਂ ਨਾਲ ਸਬੰਧਿਤ ਨੌਜਵਾਨ ਹਨ ਉਨ੍ਹਾਂ ਲਈ ਕੋਈ ਰੁਜ਼ਗਾਰ ਨਹੀਂ ਹੈ। ਜਿਵੇਂ ਬਜਟ ਵਿੱਚ ਰੁਜ਼ਗਾਰ ਦੀ ਗੱਲ ਕੀਤੀ ਗਈ ਹੈ ਕੀ ਉੱਥੇ ਇੱਕ ਇੰਡਸਟਰੀ ਏਰੀਆ ਡਿਵੈਲਪ ਕਰਕੇ ਉੱਥੇ ਕੋਈ ਐਗਰੀਕਲਚਰ ਨਾਲ ਸਬੰਧਿਤ ਕੋਈ ਹੋਰ ਉਦਯੋਗ ਸਥਾਪਿਤ ਕੀਤੇ ਜਾ ਸਕਦੇ ਹਨ? ਆਉਣ ਵਾਲੇ ਸਮੇਂ ਵਿੱਚ ਕੀ ਇਸ ਤੇ ਕੋਈ ਵਿਚਾਰ ਹੋ ਸਕਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ 600 ਦੇ ਕਰੀਬ ਫੋਕਲ ਪੁਆਇੰਟ ਹਨ ਉਨ੍ਹਾਂ ਸਾਰਿਆਂ ਦੀ ਹਾਲਤ ਬਹੁਤ ਖਸਤਾ ਹੈ। ਇਸ ਤੇ ਵਿਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਬਹੁਤ ਸਾਰੀ ਜ਼ਮੀਨ 6500 ਏਕੜ ਜ਼ਮੀਨ ਇਸ ਦੇ ਥੱਲੇ ਆਈ ਹੈ। ਇਸ ਬਾਰੇ ਸੀ.ਐਮ. ਸਾਹਿਬ ਨਾਲ ਗੱਲ ਕਰਕੇ ਪ੍ਰਬੰਧ ਕਰ ਰਹੇ ਹਾਂ। ਇਹ ਸੋਚ ਰਹੇ ਹਾਂ ਕਿ ਇਸ ਤੇ ਹੋਰ ਕੀ ਕੀਤਾ ਜਾ ਸਕਦਾ ਹੈ। ਇਸ ਜ਼ਮੀਨ ਨੂੰ ਕਿਵੇਂ ਵਰਤੋਂ ਵਿੱਚ ਲਿਆਂਦਾ ਜਾਵੇ ਕਿਉਂਕਿ ਬਹੁਤ ਸਾਰੇ ਫੋਕਲ ਪੁਆਇੰਟ ਬੰਦ ਹੋ ਚੁੱਕੇ ਹਨ। ਇਸ ਬਾਰੇ ਮਹਿਕਮੇ ਵੱਲੋਂ ਪੂਰੀ ਨੀਤੀ ਬਣਾ ਕੇ ਮਾਨਯੋਗ ਮੈਂਬਰ ਸਾਹਿਬ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਵੀ ਦੱਸਾਂਗੇ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪਲੀਮੈਂਟਰੀ ਜੀ।

**ਮਾਨਯੋਗ ਸਪੀਕਰ:** ਗਿਆਸਪੁਰਾ ਜੀ ਬੈਠੋ। ਦੋ ਸਪਲੀਮੈਂਟਰੀਆਂ ਹੀ ਅਲਾਓ ਹੁੰਦੀਆਂ ਹਨ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:**ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਦੱਸਿਆ ਹੈ ਕਿ 600 ਫੋਕਲ ਪੁਆਇੰਟ ਬਣੇ ਹਨ ਪਰ ਇਨ੍ਹਾਂ ਵਿੱਚੋਂ ਪੂਰੇ ਪੰਜਾਬ ਵਿੱਚ ਕੋਈ ਵੀ ਫੰਕਸ਼ਨਲ ਨਹੀਂ ਹੈ। ਕੀ ਮੰਤਰੀ ਜੀ ਇਸ ਦੀ ਇਨਕੁਆਰੀ ਕਰਵਾਉਣਗੇ ਕਿ ਅਰਬਾਂ ਰੁਪਏ ਦੇ ਹਿਸਾਬ ਨਾਲ ਖਰਚਾ ਹੋਇਆ ਹੈ। ਇਹੋ ਫੋਕਲ ਪੁਆਇੰਟ ਬਣਾਉਣ ਵਿੱਚ ਤਿੰਨ ਸ਼੍ਰੋਮਣੀ ਅਕਾਲੀ ਦਲ ਦੀਆਂ ਗੌਰਮਿੰਟਾਂ ਵੀ ਲੰਘ ਗਈਆਂ। ਇਨ੍ਹਾਂ

ਵਿੱਚੋਂ ਕੋਈ ਵੀ ਫੰਕਸ਼ਨਲ ਨਹੀਂ ਹੈ। ਕੀ ਮੰਤਰੀ ਸਾਹਿਬ ਇਸ ਦੀ ਕੋਈ ਇਨਕੁਆਰੀ ਕਰਵਾਉਣਗੇ ਕਿ ਇੰਨੇ ਪੈਸੇ ਕਿਉਂ ਬਰਬਾਦ ਹੋਏ?

**ਮੰਤਰੀ:** ਨਹੀਂ ਜੀ। ਇਨਕੁਆਰੀ ਵਾਲੀ ਪਾਲਿਸੀ ਸਾਡੇ ਵਿਚਾਰ ਅਧੀਨ ਨਹੀਂ ਹੈ। ਇਹ ਬਹੁਤ ਪੁਰਾਣੀ ਸਕੀਮ ਹੈ। ਇੱਕ ਸਮੇਂ ਇਹ ਸਕੀਮ ਬਹੁਤ ਚੱਲੀ ਸੀ। ਅਸੀਂ ਉਦੋਂ ਛੋਟੇ ਹੀ ਸਨ। ਇਹ ਦੇਖਿਆ ਜਾਵੇਗਾ ਕਿ ਇਸ ਜ਼ਮੀਨ ਨੂੰ ਫੋਕਲ ਪੁਆਇੰਟਾਂ ਨੂੰ ਦੁਬਾਰਾ ਵਰਤੋਂ ਵਿੱਚ ਕਿਵੇਂ ਲਿਆਂਦਾ ਜਾਵੇ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 42**

**ਮਾਨਯੋਗ ਸਪੀਕਰ:** ਇਸ ਸਵਾਲ ਦੀ ਐਕਸਟੈਂਸ਼ਨ ਮੰਗ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

----

**ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਦੇ ਵੇਰਵੇ**

*228. **ਡਾਕਟਰ ਨਛੱਤਰ ਪਾਲ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਵਿਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਨੂੰ ਕਾਫੀ ਸਮੇਂ ਤੇ ਬੀ.ਸੀ./ਓ.ਬੀ.ਸੀ. ਅਤੇ ਐਸ.ਸੀ./ਐਸ.ਟੀ. ਵਿਦਿਆਰਥੀਆਂ ਨਾਲ ਸਬੰਧਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਬਣਦਾ ਪੈਸਾ ਜਾਰੀ ਨਹੀਂ ਕੀਤਾ ਗਿਆ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਦਿਅਠਾਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਰਾਸ਼ੀ ਜਾਰੀ ਹੋਣ ਨਾ ਹੋਣ ਕਰਕੇ ਵਿੱਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਵੱਲੋਂ ਬਹੁਤ ਲੰਬੇ ਸਮੇਂ ਤੋਂ ਡਿਗਰੀਆਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ;

(ੲ) ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਕਿੰਨੀ ਰਾਸ਼ੀ ਪੈਂਡਿੰਗ ਪਈ ਹੈ ਅਤੇ ਇਸ ਨੂੰ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ;

(ਸ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਕਿੰਨੀ ਰਾਸ਼ੀ ਸਰਕਾਰ ਵੱਲੋਂ ਬਕਾਇਆ ਹੈ ਅਤੇ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ?

**ਡਾਕਟਰ ਬਲਜੀਤ ਕੌਰ:** (ੳ) ਭਾਰਤ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਅਤੇ ਓ.ਬੀ.ਸੀ. ਸਕੀਮ ਤਹਿਤ ਰਾਸ਼ੀ ਜਾਰੀ ਨਾ ਕਰਨ ਕਾਰਨ ਪੰਜਾਬ ਦੇ ਵਿੱਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਨੂੰ ਹੇਠ ਲਿਖੇ ਸਾਲਾਂ ਦੀ ਰਾਸ਼ੀ ਜਾਰੀ ਨਹੀਂ ਕੀਤੀ ਗਈ:-

| **ਸਕੀਮ ਦਾ ਨਾਮ** | **ਸਾਲ** |
|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. | 2017-18, 2018-19 ਅਤੇ 2019-20 |
| ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. | 2018-19, 2019-20 , 2020-21 ਅਤੇ 2021-22 |

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਤਹਿਤ ਸਾਲ 2020-21 ਅਤੇ 2021-22 ਦੇ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

(ਅ) ਰਾਜ ਸਰਕਾਰ ਦੇ ਮਿਤੀ 18.06.2021 ਦੇ ਫੈਸਲੇ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਰਾਸ਼ੀ ਜਾਰੀ ਹੋਣ ਨਾ ਹੋਣ ਕਰਕੇ ਵਿੱਦਿਅਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਵੱਲੋਂ ਡਿਗਰੀਆਂ ਨਹੀਂ ਰੋਕੀਆਂ ਜਾ ਸਕਦੀਆਂ।

(ੲ) ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਭਾਰਤ ਸਰਕਾਰ ਵੱਲੋਂ ਰਾਸ਼ੀ ਪ੍ਰਾਪਤ ਨਾ ਹੋਣ ਕਾਰਨ ਹੇਠ ਲਿਖੇ ਸਾਲਾਂ ਦੀ ਰਾਸ਼ੀ ਪੈਂਡਿੰਗ ਹੈ:-

| ਸਾਲ | ਬਕਾਇਆ ਰਾਸ਼ੀ (ਕਰੋੜਾਂ ਵਿੱਚ) |
|---|---|
| 2017-18 | 624.72 |
| 2018-19 | 505.48 |
| 2019-20 | 433.57 |
| ਕੁੱਲ ਜੋੜ | 1563.77 |

(ਸ) ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਬਕਾਇਆ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੇ:-

| Years | No. of Students | Fee |
|---|---|---|
| 2015-16 | 1428 | 12833255 |
| 2016-17 | 1438 | 24239976 |
| 2017-18 | 1418 | 26557466 |
| 2018-19 | 1584 | 40093948 |
| 2019-20 | 1643 | 35527100 |

| | | |
|---|---|---|
| Grand Total | 7511 | 139251745 |

ਕ੍ਰ.ਕ/ਮ.ਸ/4.20/28.06.2022

**ਡਾਕਟਰ ਨਛੱਤਰ ਪਾਲ:** ਕੀ ਮਾਨਯੋਗ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਹ ਰਾਸ਼ੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਕਦੋਂ ਤੱਕ ਦਿੱਤੀ ਜਾ ਸਕਦੀ ਹੈ?

**ਮੰਤਰੀ:** ਆਨਰੇਬਲ ਸਪੀਕਰ ਸਾਹਿਬ, ਕਿਉਂਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਪਹਿਲਾਂ ਵੀ ਵਿਵਾਦਾਂ ਦੇ ਘੇਰੇ ਵਿੱਚ ਰਹੀ ਹੈ। ਸੋ, ਮੈਂ ਇਹੀ ਚਾਹਾਂਗੀ ਕਿ ਇਸ ਦਾ ਆਡਿਟ ਹੋਣ ਤੋਂ ਬਾਅਦ ਹੀ ਅਸੀਂ ਇਸ ਦੀ ਪੇਮੈਂਟ ਕਰਾਂਗੇ।

**ਡਾਕਟਰ ਨਛੱਤਰ ਪਾਲ:** ਮਾਨਯੋਗ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਲਗਭਗ 4 ਲੱਖ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੀਆਂ ਡਿਗਰੀਆਂ ਕਾਲਜਾਂ ਨੇ ਅਤੇ ਯੂਨੀਵਰਸਿਟੀਆਂ ਨੇ ਰੋਕੀਆਂ ਹੋਈਆਂ ਹਨ। ਉਹ ਵਿਦਿਆਰਥੀ ਬਾਹਰ ਜਾਣ ਲਈ ਅਤੇ ਨੌਕਰੀਆਂ ਲਈ ਤਰਸ ਰਹੇ ਹਨ। ਸੋ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਯੂਨੀਵਰਸਿਟੀਆਂ/ਕਾਲਜਾਂ ਨੂੰ ਕੋਈ ਹਦਾਇਤ ਜਾਰੀ ਕੀਤੀ ਜਾਵੇਗੀ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਡਿਗਰੀਆਂ ਜਾਰੀ ਕੀਤੀਆਂ ਜਾਣ।

**ਮਾਨਯੋਗ ਸਪੀਕਰ:** ਮੰਤਰੀ ਜੀ ਕੀ ਡਿਗਰੀਆਂ ਰੋਕਣ ਵਾਲੇ ਕਾਲਜ/ਯੂਨੀਵਰਸਿਟੀਆਂ ਨੂੰ ਕੋਈ ਹਦਾਇਤ ਜਾਰੀ ਕਰੋਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ ਇਸ ਸਬੰਧੀ ਪਹਿਲਾਂ ਵੀ ਹਦਾਇਤ ਜਾਰੀ ਕੀਤੀ ਜਾ ਚੁੱਕੀ ਹੈ। ਅਗਰ ਕੋਈ ਇਸ ਤਰ੍ਹਾਂ ਦੇ ਕੇਸ ਧਿਆਨ ਵਿੱਚ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਤੇ ਕਾਰਵਾਈ ਕਰਾਂਗੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਮੇਰੇ ਦੋ ਸਵਾਲ ਹਨ। ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਸੈਂਟਰ ਦੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਰੁਕੇ ਹਨ? ਦੂਜਾ ਸਵਾਲ ਇਹ ਹੈ ਕਿ ਜਿਸ ਬੱਚੇ ਦੀ ਇਸ ਸਕੀਮ ਦੇ ਤਹਿਤ ਐਡਮਿਸ਼ਨ ਹੋ ਜਾਂਦੀ ਹੈ, by chance, ਇੱਕ ਜਾਂ ਡੇਢ ਸਾਲ ਬਾਅਦ ਉਹ ਆਪਣਾ ਕੋਰਸ ਪੂਰਾ ਨਹੀਂ ਕਰ ਪਾਉਂਦਾ ਜਾਂ ਉਹ IELTS ਵਗੈਰਾ ਕਰਕੇ ਬਾਹਰ ਜਾਣਾ ਚਾਹੁੰਦਾ ਹੈ। ਇਸ ਕੇਸ ਵਿੱਚ ਕਾਲਜ ਵਾਲੇ ਕਹਿੰਦੇ ਹਨ ਕਿ ਪਹਿਲਾਂ ਪੂਰੀ ਫੀਸ ਜਮ੍ਹਾਂ ਕਰਵਾਈ ਜਾਵੇ। ਉਸ ਤੋਂ ਬਾਅਦ ਸਰਟੀਫਿਕੇਟ ਮੋੜੇ ਜਾਣਗੇ। ਕੀ ਇਸ ਸਬੰਧੀ ਅਸੀਂ ਕਾਲਜਾਂ ਨੂੰ ਕੋਈ instruction ਦੇ ਸਕਦੇ ਹਾਂ?

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਡਾਕਟਰ ਰਾਜ ਕੁਮਾਰ:** ਸਪੀਕਰ ਸਾਹਿਬ, ਇਹ ਵਾਕਿਆ ਹੀ ਬਹੁਤ ਸੀਰੀਅਸ ਪ੍ਰਾਬਲਮ ਹੈ। ਬੱਚਿਆਂ ਨੂੰ ਡਿਗਰੀਆਂ ਨਹੀਂ ਦਿੱਤੀਆਂ ਜਾ ਰਹੀਆਂ, ਡਿਟੇਲਡ ਮਾਰਕਸ ਨਹੀਂ ਮਿਲ ਰਹੇ। ਸਰ, ਇੱਕ ਤਾਂ ਸਰਕਾਰ ਵੱਲੋਂ ਜ਼ਰੂਰ ਕੋਈ ਨਾ ਕੋਈ ਐਸੀ ਪਾਲਿਸੀ ਬਣਾਈ ਜਾਣੀ ਚਾਹੀਦੀ ਹੈ ਜਿਸ ਦੇ ਤਹਿਤ ਵਿਦਿਆਰਥੀਆਂ ਨੂੰ ਡਿਗਰੀਆਂ ਤੇ ਡਿਟੇਲਡ ਮਾਰਕਸ ਸਰਟੀਫਿਕੇਟ ਮਿਲ ਸਕਣ। ਦੂਸਰਾ ਮੈਂ ਮੰਤਰੀ ਸਾਹਿਬਾਨ ਨੂੰ ਆਪ ਜੀ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਾਰ ਵੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਲਈ ਫੰਡ ਰੱਖਿਆ ਗਿਆ ਹੈ, ਉਸ ਦੇ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਕੀ ਇਹ ਇਸ ਵਿੱਚ ਵਾਧਾ ਕਰਨਗੇ, ਕੀ ਉਸ ਨੂੰ ਦੁਬਾਰਾ ਵਿਚਾਰਣਗੇ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

----

## ਕਿਸਾਨਾਂ ਨੂੰ ਮੋਟਰਾਂ ਦੇ ਕੁਨੈਕਸ਼ਨ ਦੇਣਾ

***254 ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿੰਚਾਈ ਕਰਨ ਵਾਲੀਆਂ ਮੋਟਰਾਂ ਦੇ ਕੁਨੈਕਸ਼ਨਾਂ ਦੀ ਸਕਿਊਰਿਟੀ ਕਿਸਾਨਾਂ ਵੱਲੋਂ ਜਮ੍ਹਾਂ ਕਰਵਾਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਦਿੱਤੇ ਗਏ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਰਕਾਰ ਕਦੋਂ ਤੱਕ ਕਿਸਾਨਾਂ ਨੂੰ ਕੁਨੈਕਸ਼ਨ ਮੁਹੱਈਆ ਕਰਵਾ ਦੇਵੇਗੀ?

**ਸਰਦਾਰ ਹਰਭਜਨ ਸਿੰਘ:** ਸਿੰਚਾਈ ਕਰਨ ਵਾਲੀਆਂ ਮੋਟਰਾਂ ਦੇ ਕੁਨੈਕਸ਼ਨਾਂ ਦੀ ਸਕਿਊਰਿਟੀ ਕਿਸਾਨਾਂ ਵੱਲੋਂ ਜਮ੍ਹਾਂ ਕਰਵਾਉਣ ਉਪਰੰਤ ਏ.ਪੀ. ਪਾਲਿਸੀ ਅਨੁਸਾਰ ਸੀਨੀਆਰਤਾ ਦੇ ਅਧਾਰ ਤੇ ਉਨ੍ਹਾਂ ਨੂੰ ਟਿਊਬਵੈਲ ਕੁਨੈਕਸ਼ਨ ਜ਼ਾਰੀ ਕੀਤੇ ਜਾਂਦੇ ਹਨ।

14 ਮਾਰਚ, 2018 ਨੂੰ ਜ਼ਾਰੀ ਕੀਤੀ ਏ.ਪੀ. ਪਾਲਿਸੀ ਅਨੁਸਾਰ ਨਵੇਂ ਖੇਤੀਬਾੜੀ ਪੰਪ ਸੈਟ ਕੁਨੈਕਸ਼ਨ ਜ਼ਾਰੀ ਕਰਨ ਤੇ ਰੋਕ ਲਗਾ ਦਿੱਤੀ ਗਈ ਸੀ।

ਊਰਜਾ ਵਿਭਾਗ, ਖੇਤੀਬਾੜੀ ਅਤੇ ਜਲ ਸਰੋਤ ਵਿਭਾਗਾਂ ਨਾਲ ਸਲਾਹ ਕਰਨ ਉਪਰੰਤ ਲੰਬਿਤ ਕੁਨੈਕਸ਼ਨਾਂ ਬਾਰੇ ਅਗਲੇਰੀ ਕਾਰਵਾਈ ਕਰਨ ਸਬੰਧੀ ਵਿਚਾਰ ਕਰੇਗਾ।

ਪ.ਸ਼./ਮ.ਸ਼./04.25/28.06.2022

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਤਿੰਨ ਏਕੜ ਵਾਲਾ ਜਾਂ ਛੋਟਾ ਕਿਸਾਨ ਹੈ,

ਜਿਨ੍ਹਾਂ ਦੇ ਖੇਤਾਂ ਦੇ ਵਿੱਚ ਨਹਿਰੀ ਪਾਣੀ ਵੀ ਨਹੀਂ ਜਾਂਦਾ, ਜਿਸ ਦੇ ਮੋਟਰ ਕੁਨੈਕਸ਼ਨ ਵੀ ਨਹੀਂ ਹੈ, ਜਿਸ ਨੂੰ ਆਪਣੇ ਗਵਾਂਢ ਤੋਂ ਵੀ ਪਾਣੀ ਨਹੀਂ ਮਿਲਦਾ, ਉਹ ਆਪਣੀ ਜ਼ਮੀਨ ਹੋਣ ਦੇ ਬਾਵਜੂਦ ਵੀ ਬੇਜ਼ਮੀਨਾ ਹੈ। ਇਸ ਕਰਕੇ ਮੈਨੂੰ ਇਹ ਦੱਸਿਆ ਜਾਵੇ ਕਿ ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ 14 ਮਾਰਚ 2018 ਤੋਂ ਰੋਕ ਲਗਾ ਦਿੱਤੀ ਹੈ, ਇਹ ਰੋਕ ਕਦੋਂ ਤੱਕ ਹਟਾ ਦਿੱਤੀ ਜਾਵੇਗੀ। ਕਿਉਂਕਿ ਜਿਸ ਕਿਸਾਨ ਕੋਲ ਪਾਣੀ ਨਹੀਂ ਹੈ, ਜਦੋਂ ਉਹ ਆਪਣੀ ਜ਼ਮੀਨ ਨੂੰ ਠੇਕੇ ਤੇ ਦਿੰਦਾ ਹੈ ਤਾਂ ਉਸ ਨੂੰ ਠੇਕਾ ਵੀ ਅੱਧਾ ਮਿਲਦਾ ਹੈ। ਦੂਸਰਾ, ਮੰਤਰੀ ਸਾਹਿਬ ਨੇ ਇਹ ਕਿਹਾ ਹੈ ਕਿ ਸੀਨੀਅਰਤਾ ਦੇ ਅਧਾਰ ਤੇ ਕੁਨੈਕਸ਼ਨ ਜਾਰੀ ਹੁੰਦੇ ਹਨ। ਮੇਰੇ ਧਿਆਨ ਦੇ ਵਿੱਚ ਇਹ ਆਇਆ ਹੈ ਕਿ ਹੁਣ ਤੱਕ ਕਿਸੇ ਨੂੰ ਵੀ ਕੁਨੈਕਸ਼ਨ ਨਹੀਂ ਦਿੱਤੇ ਜਾ ਰਹੇ। ਕਿਰਪਾ ਕਰਕੇ ਮੰਤਰੀ ਸਾਹਿਬ ਮੈਨੂੰ ਸੀਨੀਅਰਤਾ ਸ਼ਬਦ ਬਾਰੇ ਡਿਟੇਲ ਦੇ ਵਿੱਚ ਦੱਸਣ।

**ਮਾਨਯੋਗ ਸਪੀਕਰ**: ਮੰਤਰੀ ਜੀ, ਜਵਾਬ ਤਾਂ ਤੁਸੀਂ ਵੈਸੇ ਦੇ ਦਿੱਤਾ ਹੈ। ਡਿਟੇਲ ਵਿੱਚ ਦੱਸ ਦਿਓ।

**ਮੰਤਰੀ**: ਪੰਜਾਬ ਸਟੇਟ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਜਾਰੀ ਸਪਲਾਈ ਕੋਡ 2014 ਦੇ ਨਿਯਮ 5.3 ਅਨੁਸਾਰ ਰਾਜ ਸਰਕਾਰ ਵਾਤਾਵਰਣ ਅਤੇ ਧਰਤੀ ਹੇਠਲੇ ਪਾਣੀ ਦੇ ਘਟਣ ਦੀਆਂ ਸੰਭਾਵਨਾਵਾਂ ਅਤੇ ਪਾਣੀ ਦੇ ਪੱਧਰ ਦੇ ਵਿੱਚ ਗਿਰਾਵਟ ਜਾਂ ਕਿਸੇ ਹੋਰ ਕਾਰਨ ਕਰਕੇ ਹਰ ਸਾਲ ਜਾਰੀ ਕੀਤੇ ਜਾਣ ਵਾਲੇ ਖੇਤੀਬਾੜੀ ਪੰਪ ਸੈੱਟ ਕੁਨੈਕਸ਼ਨਾਂ ਦੀਆਂ ਸੰਖਿਆ ਜਾਂ ਇਨ੍ਹਾਂ ਨੂੰ ਜਾਰੀ ਕਰਨ ਦੇ ਤਰੀਕੇ ਬਾਰੇ ਫੈਸਲਾ ਲੈ ਸਕਦੀ ਹੈ। 14 ਮਾਰਚ 2018 ਨੂੰ ਜਾਰੀ ਕੀਤੀ ਏ.ਪੀ ਪਾਲਿਸੀ ਅਨੁਸਾਰ ਨਵੇਂ ਕੁਨੈਕਸ਼ਨ ਜਾਰੀ ਕਰਨ ਤੇ ਰੋਕ ਲਗੀ ਹੋਈ ਹੈ। ਇਸ ਤੋਂ ਪਹਿਲਾਂ ਹੀ ਜਿਹੜੇ ਕੁਨੈਕਸ਼ਨ ਦਿੱਤੇ ਗਏ ਹਨ, ਉਹ ਉਕਤ ਮਿਤੀ ਤੋਂ ਪਹਿਲਾਂ ਹੀ ਦਿੱਤੇ ਗਏ ਹਨ। ਹੁਣ ਬਿਜਲੀ ਵਿਭਾਗ ਕੋਈ ਵੀ ਡਿਮਾਂਡ ਨੋਟਿਸ ਜਾਰੀ ਨਹੀਂ ਕਰ ਰਿਹਾ।

**ਡਾਕਟਰ ਚਰਨਜੀਤ ਸਿੰਘ**: ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਪਾਣੀ ਦਾ ਪੱਧਰ ਪਹਿਲਾਂ ਹੀ ਬਹੁਤ ਥੱਲੇ ਜਾ ਚੁੱਕਿਆ ਹੈ, ਇਸ ਲਈ ਲਿਫਟ ਇਰੀਗੇਸ਼ਨ ਸਕੀਮ ਨੂੰ ਵਰਤੋਂ ਵਿੱਚ ਲਿਆਂਦਾ ਜਾਵੇ। ਕੀ ਸਰਕਾਰ ਇਸ ਬਾਰੇ ਵਿਚਾਰ ਰੱਖਦੀ ਹੈ?

**ਮਾਨਯੋਗ ਸਪੀਕਰ:** ਵੱਖਰਾ ਸਵਾਲ ਬਣਦਾ ਹੈ ਜੀ। ਹਾਂ ਜੀ ਪੁਰੀ ਸਾਹਿਬ।

**ਸ਼੍ਰੀ ਨਰੇਸ਼ ਪੁਰੀ**: ਮਿਹਰਬਾਨੀ ਜਨਾਬ। ਸਰ, ਮੈਂ ਆਪਣੇ ਬਿਜਲੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਧਰਤੀ ਦਾ ਪਾਣੀ ਘੱਟ ਰਿਹਾ ਹੈ, ਇਸ ਲਈ ਕੁਨੈਕਸ਼ਨ ਬੰਦ ਕੀਤੇ ਗਏ ਹਨ ਪਰ ਮੇਰੀ ਜਾਣਕਾਰੀ ਦੇ ਵਿੱਚ ਆਇਆ ਹੈ ਕਿ 15/15 20/20 ਸਾਲ ਪਹਿਲਾਂ ਲੋਕਾਂ ਨੇ ਕੁਨੈਕਸ਼ਨ ਵਾਸਤੇ ਪੈਸੇ ਜਮ੍ਹਾਂ ਕਰਵਾਏ ਹੋਏ ਹਨ। ਸਰ, ਉਸ ਦਾ ਕੋਈ ਹੱਲ ਨਹੀਂ ਨਿਕਲ ਰਿਹਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਨ੍ਹਾਂ ਨੇ ਸਿਕਿਉਰਿਟੀ ਕਲੀਅਰ ਵਾਲਿਆਂ ਦੇ ਕੁਨੈਕਸ਼ਨ ਰਿਲੀਜ਼ ਕੀਤੇ ਹਨ?

**ਮਾਨਯੋਗ ਸਪੀਕਰ**: ਸਵਾਲ ਤਾਂ ਵੱਖਰਾ ਹੈ, ਪਰ ਜੇ ਮੰਤਰੀ ਸਾਹਿਬ ਜਵਾਬ ਦੇਣਾ ਚਾਹੁਣ ਤਾਂ ਦੇ ਸਕਦੇ ਹਨ।

**ਮੰਤਰੀ:** ਸਰ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ 14 ਮਾਰਚ 2018 ਨੂੰ ਜਾਰੀ ਕੀਤੀ ਏ.ਪੀ ਪਾਲਿਸੀ ਅਨੁਸਾਰ ਨਵੇਂ ਕੁਨੈਕਸ਼ਨ ਜਾਰੀ ਕਰਨ ਤੇ ਰੋਕ ਲੱਗੀ ਹੋਈ ਹੈ।ਇਸ ਤੋਂ ਬਾਅਦ ਕੋਈ ਵੀ ਡਿਮਾਂਡ ਨੋਟਿਸ ਜਾਰੀ ਨਹੀਂ ਕੀਤਾ ਗਿਆ।

----

**ਹਲਕਾ ਖੇਮਕਰਨ ਵਿਖੇ ਨੌਜਵਾਨਾਂ ਲਈ ਸਪੋਰਟਸ ਕਾਲਜ਼/ਯੂਨੀਵਰਸਿਟੀ ਖੋਲ੍ਹਣਾ**

*12. **ਸਰਦਾਰ ਸਰਵਨ ਸਿੰਘ ਧੁੰਨ:**ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖੇਮਕਰਨ ਵਿੱਚ ਨੌਜਵਾਨਾਂ ਲਈ ਕੋਈ ਸਪੋਰਟਸ ਕਾਲਜ ਜਾਂ ਯੂਨੀਵਰਸਿਟੀ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਨਹੀਂ ਜੀ।

**ਸਰਦਾਰ ਸਰਵਨ ਸਿੰਘ ਧੁੰਨ**: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਕੋਲੋਂ ਖੇਡਾਂ ਲਈ ਕਾਲਜ ਜਾਂ ਯੂਨੀਵਰਸਿਟੀ ਦੀ ਮੰਗ ਕੀਤੀ ਸੀ ਅਤੇ ਜੇ ਇਹ ਨਹੀਂ ਦੇ ਸਕਦੇ ਤਾਂ ਮੇਰੀ ਇਨ੍ਹਾਂ ਨੂੰ ਇਹ ਬੇਨਤੀ ਹੈ ਕਿ ਜਿਹੜਾ ਮੇਰਾ ਖੇਮਕਰਨ ਹਲਕਾ ਹੈ, ਉਹ ਬਹੁਤ ਪਛੜਿਆ ਹੋਇਆ ਹਲਕਾ ਹੈ ਅਤੇ ਉਸ ਹਲਕੇ ਦੇ ਵਿੱਚੋਂ ਬਹੁਤ ਵੱਡੇ ਨਾਮਵਾਰ ਪਹਿਲਵਾਨ ਜਿਵੇਂ ਕਿ ਕਰਤਾਰ ਸਿੰਘ ਪਹਿਲਵਾਨ, ਜਿਨ੍ਹਾਂ ਨੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣਾ ਨਾਮ ਕਮਾਇਆ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਉਸ ਹਲਕੇ ਦੇ ਵਿੱਚ ਖੇਡ ਵਿੰਗ ਹੀ ਸਥਾਪਤ ਕਰ ਦੇਣ ਜਾਂ ਚੰਗੇ ਕੋਚ ਦਿੱਤੇ ਜਾਣ, ਜਿਸ ਦੇ ਨਾਲ ਸਾਡੇ ਬੱਚੇ ਖੇਡਾਂ ਵਾਲੇ ਪਾਸੇ ਵੀ ਮੱਲ੍ਹਾਂ ਮਾਰ ਸਕਣ।

**ਮਾਨਯੋਗ ਸਪੀਕਰ**: ਮੰਤਰੀ ਜੀ, ਖੇਡ ਵਿੰਗ ਤਾਂ ਦੇ ਦਿਓ।

**ਮੰਤਰੀ**: ਮੈਂ ਮਾਨਯੋਗ ਮੈਂਬਰ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਲਰੇਡੀ ਤਰਨਤਾਰਨ ਜ਼ਿਲ੍ਹੇ ਦੇ ਵਿੱਚ ਛੇ ਸਟੇਡੀਅਮ ਚੱਲ ਰਹੇ ਹਨ ਜਿਵੇਂ ਕਿ ਗੁਰੂ ਅਰਜਨ ਦੇਵ ਜੀ ਸਟੇਡੀਅਮ, ਉੱਥੇ Synthetic Track ਵੀ ਹਨ, ਮਲਟੀਪਰਪਸ ਇੰਡੋਰ ਹਾਲ ਵੀ ਹੈ। ਇੱਕ ਗੁਰੂ ਅਰਜਨ ਦੇਵ ਜੀ ਸਟੇਡੀਅਮ ਪੱਟੀ ਦੇ ਵਿੱਚ ਹੈ। ਚੋਹਲਾ ਸਾਹਿਬ ਵੀ ਸਪੋਰਟਸ ਸਟੇਡੀਅਮ ਹੈ। ਬੰਟੇਭੈਣੀ ਸ਼੍ਰੀ ਬਲਬੀਰ ਸਿੰਘ ਨੌਸ਼ਹਿਰਾ ਪਨੂੰ ਹੈ। ਇਹ ਛੇ

ਸਟੇਡੀਅਮ ਚੱਲ ਰਹੇ ਹਨ। ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉੱਥੇ ਵਿੰਗ ਦੇ ਦੇਣ, ਇਸ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਜੀ।

**4.30/ਜਸਪਾਲ/ਜੈਨ/28.6.22**

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਹਲਕਾ ਸ੍ਰੀ ਮੁਕਤਸਰ ਸਾਹਿਬ ਵਿਖੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰਨਾ

*333. **ਸਰਦਾਰ ਜਗਦੀਪ ਸਿੰਘ ਕਾਕਾ ਬਰਾੜ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਵਾਟਰ ਵਰਕਸ ਦੁਆਰਾ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਸ਼ਹਿਰ ਵਿੱਚ ਜੋ ਪਾਈਪ ਲਾਈਨ ਪਾਈ ਹੋਈ ਹੈ, ਉਹ ਬਹੁਤ ਪੁਰਾਣੀ ਹੋਣ ਕਾਰਨ ਉਸ ਵਿੱਚ ਸੀਵਰੇਜ ਦਾ ਗੰਦਾ ਪਾਣੀ ਮਿਕਸ ਹੋ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ):** ਇਹ ਠੀਕ ਹੈ ਕਿ ਸ਼੍ਰੀ ਮੁਕਤਸਰ ਸਾਹਿਬ ਸ਼ਹਿਰ ਦੀ ਜਲ ਸਪਲਾਈ ਸਕੀਮਾਂ ਤੋਂ ਜਾਣ ਵਾਲੀਆਂ ਪਾਈਪ ਲਾਈਨਾਂ ਅਤੇ ਸੀਵਰ ਦੀਆਂ ਪਾਈਪਾਂ ਕਾਫੀ ਪੁਰਾਣੀਆਂ ਅਤੇ ਡੂੰਘੀਆਂ ਹੋਣ ਕਾਰਨ ਕੁਝ ਏਰੀਏ ਵਿੱਚ ਕਦੇ ਕਦੇ ਲੀਕੇਜ ਜਾਂ ਸੀਵਰੇਜ ਦਾ ਪਾਣੀ ਮਿਕਸ ਹੋਣ ਦੀਆਂ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਪਰੰਤੂ ਇਨ੍ਹਾਂ ਲੀਕੇਜਾਂ ਨੂੰ ਵਿਭਾਗ ਵੱਲੋਂ ਪਹਿਲ ਦੇ ਆਧਾਰ ਤੇ ਠੀਕ ਕਰਦੇ ਹੋਏ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਦੀ ਸਫਾਈ ਅਤੇ ਮੁਰੰਮਤ ਕਰਨ ਉਪਰੰਤ ਪਾਣੀ ਦੀ ਸਪਲਾਈ ਸੁਚਾਰੂ ਢੰਗ ਨਾਲ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਪੀਣ ਵਾਲੇ ਪਾਣੀ ਦੀ ਗੁਣਵੱਤਾ ਸੰਬੰਧੀ ਵਿਭਾਗ ਵੱਲੋਂ ਨਿਯਮਿਤ ਆਧਾਰ ਤੇ ਪਾਣੀ ਦੇ ਸੈਂਪਲਾਂ ਦੀ ਫੀਲਡ ਟੈਸਟਿੰਗ ਕਿੱਟ ਰਾਹੀਂ ਅਤੇ ਵਿਭਾਗ ਦੀਆਂ ਲੈਬਾਰਟਰੀਆਂ

ਰਾਹੀਂ, ਜਾਂਚ ਕਰਵਾਈ ਜਾਂਦੀ ਹੈ। ਉਪਰੋਕਤ ਤੋਂ ਇਲਾਵਾ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੀਆਂ ਪਾਈਪ ਲਾਈਨਾਂ ਨੂੰ ਤਬਦੀਲ ਕਰਨ ਦੀ ਤਜਵੀਜ਼ ਅਨੁਸਾਰ ਪੰਜਾਬ ਮਿਊਂਸਿਪਲ ਇਨਫਰਾਸਟਰਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ.ਆਈ.ਡੀ.ਸੀ.) ਨੂੰ ਮਹੀਨਾ ਜਨਵਰੀ, 2020 ਵਿੱਚ ਪੀਣ ਵਾਲੇ ਪਾਣੀ ਦੀ ਤਜਵੀਜ਼ ਲਾਗਤ 79.03ਕਰੋੜ ਅਤੇ ਸੀਵਰੇਜ ਸਕੀਮ ਸੰਬੰਧੀ ਤਜਵੀਜ਼ ਲਾਗਤ 92.52 ਕਰੋੜ ਬਣਾ ਕੇ ਭੇਜਦੇ ਹੋਏ ਫੰਡਾਂ ਦੀ ਮੰਗ ਕੀਤੀ ਗਈ ਸੀ ਪਰੰਤੂ ਪ੍ਰਵਾਨਗੀ ਪ੍ਰਾਪਤ ਹੋਣ ਨਾ ਹੋਣ ਕਰਕੇ ਇਹ ਕੰਮ ਨੇਪਰੇ ਨਹੀਂ ਚੜ੍ਹ ਸਕਿਆ । ਇਸ ਸੰਬੰਧ ਵਿੱਚ ਹੁਣ ਦੁਬਾਰਾ ਪੰਜਾਬ ਮਿਊਂਸਿਪਲ ਇਨਫਰਾਸਟਰਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ.ਆਈ.ਡੀ.ਸੀ.) ਸਥਾਨਕ ਸਰਕਾਰ ਵਿਭਾਗ ਨਾਲ ਮਾਮਲਾ ਟੇਕ ਅੱਪ ਕੀਤਾ ਜਾ ਰਿਹਾ ਹੈ । ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ ਦੋ ਸਾਲ ਦੇ ਅੰਦਰ ਅੰਦਰ ਮੁਕੰਮਲ ਕਰਵਾ ਦਿੱਤਾ ਜਾਵੇਗਾ ।

----

## ਰਾਜ ਦੇ ਅਧਿਆਪਕਾਂ ਕਦੀ ਘਾਟ ਪੂਰੀ ਕਰਨਾ

***170. ਡਾਕਟਰ ਰਾਜ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਵਿੱਚ ਪ੍ਰਾਇਮਰੀ, ਐਲੀਮੈਂਟਰੀ ਅਤੇ ਹਾਈ ਸਕੂਲਾਂ ਵਿੱਚ ਸਰਕਾਰੀ ਅਧਿਆਪਕਾਂ ਦੀ ਘਾਟ ਹੈ; ਜੇਕਰ ਅਜਿਹਾ ਹੋਵੇ, ਇਸ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ ਅਤੇ ਇਸ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ :** ਪੰਜਾਬ ਵਿੱਚ ਪ੍ਰਾਇਮਰੀ, ਐਲੀਮੈਂਟਰੀ, ਹਾਈ ਸਕੂਲਾਂ ਵਿੱਚ ਖਾਲੀ/ਘੱਟ ਆਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਅਤੇ ਇਸ ਘਾਟ ਨੂੰ ਪੂਰਾ ਕਰਨ ਸੰਬੰਧੀ ਸਰਕਾਰ ਵੱਲੋਂ ਚੁੱਕੇ ਜਾ ਰਹੇ ਉਪਰਾਲਿਆਂ ਦਾ ਵੇਰਵਾ ਹੇਠ ਦਰਸਾਏ ਅਨੁਸਾਰ ਹੈ :

| ਸਕੂਲ | ਸ਼੍ਰੇਣੀ | ਖਾਲੀ/ਘੱਟ ਪਈਆਂ ਆਸਾਮੀਆਂ ਦੀ ਗਿਣਤੀ | ਸਰਕਾਰ ਵੱਲੋਂ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਸੰਬੰਧੀ ਕੀਤੇ ਜਾ ਰਹੇ ਉਪਰਾਲੇ |
|---|---|---|---|
| | ਸੈਂਟਰ ਹੈੱਡ ਟੀਚਰ | 303 | 35 ਸੀ.ਐਚ.ਟੀ. ਆਸਾਮੀਆਂ ਭਰਨ ਦੀ ਪ੍ਰਕ੍ਰਿਆ ਚੱਲ ਰਹੀ ਹੈ । ਇਸ ਤੋਂ ਇਲਾਵਾ ਪਰਮੋਸ਼ਨਾਂ ਰਾਹੀਂ ਵੀ ਸਮੇਂ ਸਮੇਂ ਤੋਂ ਵਿਭਾਗ ਵੱਲੋਂ ਖਾਲੀ ਆਸਾਮੀਆਂ ਨੂੰ ਭਰਿਆ ਜਾਂਦਾ ਰਿਹਾ ਹੈ ਅਤੇ ਭਵਿਖ ਵਿੱਚ ਵੀ ਭਰਿਆ ਜਾਵੇਗਾ । |

| | | | |
|---|---|---|---|
| ਪ੍ਰਾਇਮਰੀ/ਐਲੀਮੈਂਟਰੀ | ਹੈਡ ਟੀਚਰ | 697 | 55 ਐਚ ਟੀ ਆਸਾਮੀਆਂ ਭਰਨ ਦੀ ਪ੍ਰਕ੍ਰਿਆ ਚੱਲ ਰਹੀ ਹੈ। ਇਸ ਤੋਂ ਇਲਾਵਾ ਪਰਮੋਸ਼ਨਾਂ ਰਾਹੀ਼ ਵੀ ਸਮੇਂ ਸਮੇਂ ਤੇ ਵਿਭਾਗ ਵੱਲੋਂ ਖਾਲੀ ਆਸਾਮੀਆਂ ਨੂੰ ਭਰਿਆ ਜਾਂਦਾ ਰਿਹਾ ਹੈ ਅਤੇ ਭਵਿਖ ਵਿੱਚ ਵੀ ਭਰਿਆ ਜਾਵੇਗਾ । |
| | ਜੇ.ਬੀ.ਟੀ./ਈ.ਟੀ.ਟੀ. | 7678 | 6635 ਈ.ਟੀ.ਟੀ. ਆਸਾਮੀਆਂ ਭਰਨ ਦੀ ਪ੍ਰਕ੍ਰਿਰਿਆ ਚੱਲ ਰਹੀ ਹੈ । |
| ਹਾਈ ਸਕੂਲ | ਹੈਡ ਮਾਸਟਰ | 628 | 337 ਆਸਾਮੀਆਂ ਦਾ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ । |
| | ਮਾਸਟਰ ਕਾਡਰ | 4985 | ਮਾਸਟਰ ਕਾਡਰ ਦੀ ਸਿੱਧੀ ਭਰਤੀ ਅਧੀਨ ਮਿਤੀ 23.8.2021 ਅਤੇ ਮਿਤੀ 16.12.2021ਨੂੰ ਵੱਖ ਵੱਖ ਵਿਸ਼ਿਆਂ ਦੀਆਂ ਕ੍ਰਮਵਾਰ 595 ਅਤੇ 4161 ਪੋਸਟਾਂ ਪ੍ਰਕਾਸ਼ਿਤ ਕਰ ਦਿੱਤੀਆਂ ਗਈਆਂ ਹਨ । ਭਰਤੀ ਦੀ ਪ੍ਰਕ੍ਰਿਆ ਕਾਰਵਾਈ ਅਧੀਨ ਹੈ । ਸਿਲੈਕਸ਼ਨ ਹੋਣ ਉਪਰੰਤ ਲੋੜਵੰਦ ਸਕੂਲਾਂ ਵਿੱਚੋਂ ਨਵ ਨਿਯੁਕਤ ਅਧਿਆਪਕ ਤੈਨਾਤ ਕੀਤਾ ਜਾ ਰਿਹਾ ਹੈ । |
| | ਕੰਪਿਊਟਰ ਫੈਕਲਟੀ | 101 | ਖਾਲੀ ਆਸਾਮੀਆਂ ਨੂੰ ਭਰਨ ਸੰਬੰਧੀ ਵਿਚਾਰ ਕੀਤਾ ਜਾ ਰਿਹਾ ਹੈ । |
| | ਓ ਸੀ ਟੀ (ਹੋਰ ਸ਼੍ਰੇਣੀ ਅਧਿਆਪਕ) | 2277 | ਵਿਭਾਗ ਵੱਲੋਂ ਘਰ ਘਰ ਰੁਜ਼ਗਾਰ ਤਹਿਤ 250 ਆਰਟ ਐਂਡ ਕਰਾਫਟ ਟੀਚਰਾਂ ਦੀਆਂ ਪੋਸਟਾਂ ਭਰਨ ਸੰਬੰਧੀ ਇਸ਼ਤਿਹਾਰ ਦਿੱਤਾ ਜਾ ਚੁੱਕਾ ਹੈ ਅਤੇ ਬਾਕੀ ਰਹਿੰਦੀਆਂ ਆਸਾਮੀਆ ਨੂੰ ਵੀ ਜਲਦ ਹੀ ਭਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ । |

----

## ਪਿੰਡ ਘਰਾਚੋਂ ਦੀ ਦੋ ਹਿੱਸਿਆਂ ਵਿੱਚ ਵੰਡੀ ਗਈ ਜ਼ਮੀਨ ਦੇ ਬਚੇ ਰਕਬੇ ਨੂੰ ਇੱਕ ਜਗ੍ਹਾ ਇਕੱਠਾ ਕਰਨਾ

***241. ਬੀਬਾ ਨਰਿੰਦਰ ਕੌਰ ਭਰਾਜ :** ਕੀ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਲਕਾ ਸੰਗਰੂਰ ਦੇ ਪਿੰਡ ਘਰਾਚੋਂ ਦੀ ਸ਼ਾਮਲਾਤ ਜ਼ਮੀਨ ਵਿੱਚੋਂ ਲੰਘਦੀ ਡਰੇਨ ਵਣ 270000-320000 ਜ਼ਮੀਨ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ; ਜੇਕਰ ਹਾਂ ਤਾਂ ਜ਼ਮੀਨ ਦਾ ਕਿੰਨਾ ਰਕਬਾ ਜ਼ਮੀਨ ਡਰੇਨ ਤੇ ਦੂਸਰੇ ਪਾਸੇ ਰਹਿ ਗਿਆ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਉਹ ਰਕਬਾ ਛੋਟੇ ਛੋਟੇ ਟੁਕੜਿਆਂ ਵਿੱਚ ਬਚਿਆ ਹੈ ਤੇ ਜ਼ਮੀਨ ਸਿੰਚਾਈ ਯੋਗ ਨਹੀਂ ਰਹੀ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੀ ਕੋਈ ਅਜਿਹੀ ਨੀਤੀ ਹੈ ਜਿਸ ਤਹਿਤ ਉਸ ਰਕਬੇ ਨੂੰ ਇੱਕ ਜਗ੍ਹਾ ਤੇ ਇਕੱਠਾ ਕੀਤਾ ਜਾ ਸਕੇ ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ :** ਸ਼੍ਰੀਮਾਨ ਜੀ, (ੳ) ਜੀ ਹਾਂ, ਡਰੇਨ ਸ਼ਾਮਲਾਤ ਜ਼ਮੀਨ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੋਈ ਲੰਘਦੀ ਹੈ, ਇੱਕ ਪਾਸੇ ਸ਼ਾਮਲਾਤ ਜ਼ਮੀਨ ਦਾ ਰਕਬਾ 30 ਏਕੜ ਹੈ ਤੇ ਦੂਜੇ ਪਾਸੇ ਦੋ ਏਕੜ ਰਕਬਾ ਰਹਿ ਜਾਂਦਾ ਹੈ ।

(ਅ) ਜੀ ਹਾਂ, ਇਹ ਡਰੇਨ ਰਕਬੇ ਨੂੰ ਛੋਟੇ ਛੋਟੇ ਟੁਕੜਿਆਂ ਵਿੱਚ ਵੰਡਦੀ ਹੋਈ ਲੰਘਦੀ ਹੈ ਤੇ ਇਹ ਰਕਬਾ ਸਿੰਚਾਈ ਯੋਗ ਨਹੀਂ ਹੈ । ਸ਼ਾਮਲਾਤ ਜ਼ਮੀਨ ਨੂੰ "ਦੀ ਪੰਜਾਬ ਵਿਲੇਜ ਕਾਮਨ ਲੈਂਡਸ (ਰੈਗੂਲੇਸ਼ਨ) ਰੂਲਜ਼, 1964 ਦੇ ਨਿਯਮ 5" ਤਹਿਤ ਕਨੂੰਨੀ ਪ੍ਰਕ੍ਰਿਰਿਆ ਨਾਲ ਤਬਾਦਲਾ ਕਰਕੇ ਇਕੱਠਾ ਕਰਨ ਦਾ ਉਪਬੰਧ ਹੈ ।

----

## ਜ਼ਿਲ੍ਹਾ ਮਾਨਸਾ ਦੀਆਂ ਪੇਂਡੂ ਡਿਸਪੈਂਸਰੀਆਂ ਦੀ ਉਸਾਰੀ

***27. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਲੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਦੀ ਪੇਂਡੂ ਡਿਸਪੈਂਸਰੀਆਂ ਦੀ ਹਾਲਤ ਬਹੁਤ ਖਸਤਾ ਹੈ ਅਤੇ ਹਰ ਵਕਤ ਕੋਈ ਭਿਆਨਕ ਹਾਦਸਾ ਵਾਪਰਨ ਦਾ ਡਰ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕਿੰਨੀਆਂ ਪੇਂਡੂ ਡਿਸਪੈਂਸਰੀਆਂ ਅਨਸੇਫ ਕਰਾਰ ਦਿੱਤੀਆਂ ਗਈਆਂ ਹਨ ਅਤੇ ਕਿੰਨੀਆਂ ਦੀ ਹਾਲਤ ਖਸਤਾ ਹੋਈ ਪਈ ਹੈ;
(ਅ) ਕੀ ਸਰਕਾਰ ਇਨ੍ਹਾਂ ਪੇਂਡੂ ਡਿਸਪੈਂਸਰੀਆਂ ਦੀਆਂ ਬਿਲਡਿੰਗਾਂ ਦੀ ਉਸਾਰੀ ਲਈ ਕੋਈ ਫੰਡ ਜਾਰੀ ਕਰ ਰਹੀ ਹੈ; ਜੇਕਰ ਉਤਰ ਹਾਂ ਵਿੱਚ ਹੈ ਤਾਂ ਕਦੋਂ ਤੱਕ ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ :** (ੳ) ਹਾਂ ਜੀ, ਜ਼ਿਲ੍ਹਾ ਪ੍ਰੀਸ਼ਦ ਮਾਨਸਾ ਅਧੀਨ ਕੁੱਲ 8 ਡਿਸਪੈਂਸਰੀਆਂ ਹਨ, ਇਨ੍ਹਾਂ ਵਿੱਚੋਂ 6 ਡਿਸਪੈਂਸੁਰੀਆਂ ਦੀ ਹਾਲਤ ਖਸਤਾ ਹੈ, ਇੱਕ ਡਿਸਪੈਂਸਰੀ ਅਨਸੇਫ ਡਿਕਲੇਅਰ ਕੀਤੀ ਹੋਈ ਹੈ।

(ਅ) ਨਹੀਂ ਜੀ, ਪੇਂਡੂ ਡਿਸਪੈਂਸਰੀਆਂ ਦੀ ਖਸਤਾ ਹਾਲਤ ਦੀ ਰਿਪੇਅਰ ਅਤੇ ਅਨਸੇਫ ਡਿਸਪੈਂਸਰੀਆਂ ਦੀ ਰਿਪੇਅਰ ਲਈ ਉਪਰਾਲੇ ਗਰਾਂਟ/ਜ਼ਿਲ੍ਹਾ ਪ੍ਰੀਸ਼ਦ ਦੇ ਆਪਣੇ ਸੋਰਸਿਸ ਵਿੱਤੀ ਸਾਲ 2022-23 ਵਿੱਚੋਂ ਕੀਤੇ ਜਾਣਗੇ।

----

## ਹਲਕਾ ਸਮਾਣਾ ਦੇ ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣਾ

***29. ਸਰਦਾਰ ਚੇਤਨ ਸਿੰਘ ਜੋੜਾਮਾਜਰਾ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਸਮਾਣਾ ਵਿਖੇ ਜ਼ਮੀਨ ਹੇਠਲੇ ਪਾਣੀ ਦੇ ਬਹੁਤ ਹੇਠਾਂ ਜਾਣ ਕਾਰਨ ਪੈਦਾ ਹੋ ਰਹੀ ਗੰਭੀਰ ਸਥਿਤੀ ਦੇ ਮੱਦੇ ਨਜ਼ਰ ਸਮਾਣਾ ਦੇ ਪਿੰਡਾਂ ਨੂੰ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਲਾਗੂ ਕਰਨ ਲਈ ਇਸ ਵਰ੍ਹੇ ਦੇ ਬਜਟ ਵਿੱਚ ਸਰਕਾਰ ਕੋਈ ਪ੍ਰੋਵੀਜ਼ਨ ਕਰੇਗੀ ?

**ਸ਼੍ਰੀ ਬ੍ਰਮ ਸ਼ੰਕਰ (ਜਿੰਪਾ):** ਨਹੀਂ ਜੀ, ਹਲਕਾ ਸਮਾਣਾ ਦੇ ਪਿੰਡਾਂ ਨੂੰ ਨਹਿਰੀ ਪਾਣੀ ਸਪਲਾਈ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਪਰੰਤੂ ਹਲਕਾ ਸਮਾਣਾ ਅਧੀਨ ਆਉਂਦੇ ਪਿੰਡਾਂ ਨੂੰ ਪਹਿਲਾਂ ਹੀ ਹੇਠ ਲਿਖੇ ਰਜਵਾਹਿਆਂ/ਮਾਈਨਰਾਂ/ਸਬ ਮਾਈਨਰਾਂ ਰਾਹੀਂ ਸਿੰਚਾਈ ਲਈ ਨਹਿਰੀ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ ਜੀ :

1. ਚੋਆ ਬ੍ਰਾਂਚ ਸਿਸਟਮ ਬੁਰਜੀ 0-25750 (ਕਰਹਾਲੀ ਡਿਸਟ੍ਰੀਬਿਊਟਰੀ ਬੁਰਜੀ 0-67000, ਬਲਬੇੜਾ ਮਾਈਨਰ ਬੁਰਜੀ 0-20000, ਮਵੀ ਮਾਈਨਰ ਬੁਰਜੀ 0-6500, ਕਮਾਲਪੁਰ ਮਾਈਨਰ ਬੁਰਜੀ 0-23800, ਦਾਬਾ ਮਾਈਨਰ ਬੁਰਜੀ 0-21000)
2. ਚੌਹਟ ਡਿਸਟ੍ਰੀਬਿਊਟਰੀ ਬੁਰਜੀ 0-50240
3. ਚੋਆ ਲਿੰਕ-1 (ਬੁਰਜੀ 0-25000)
4. ਕਰਮਗੜ੍ਹ ਰਜਵਾਹਾ ਸਿਸਟਮ ਬੁਰਜੀ 0-55600 (ਖੇੜੀ ਮੱਲਾ ਮਾਈਨਰ ਬੁਰਜੀ 0-36000, ਬਾਹਮਣਨਾ ਮਾਈਨਰ ਬੁਰਜੀ 0-31430)
5. ਕਰਮਗੜ ਲਿੰਕ-1 (ਬੁਰਜੀ 0-27000)

----

## MATTERS RAISED DURING ZERO HOUR AND REPLY THEREON BY THE MINISTER

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐੱਸ.ਸੀ.) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿਚ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਆਮ ਆਦਮੀ ਪਾਰਟੀ ਦੀ ਸਰਕਾਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਦੇ ਵਿਚ ਤੇ ਜੋ ਸਰਦਾਰ ਹਰਪਾਲ ਸਿੰਘ ਚੀਮਾ ਜੀ ਵਲੋਂ ਸਾਡਾ ਬਜਟ ਪੇਸ਼ ਕੀਤਾ ਗਿਆ ਔਰ ਉਸ ਬਜਟ ਦੇ ਵਿੱਚ..

**ਮਾਨਯੋਗ ਸਪੀਕਰ :** ਸ਼੍ਰੀਮਾਨ ਜੀ, ਜ਼ੀਰੋ ਆਵਰ ਵਾਸਤੇ ਤੁਸੀਂ ਬੇਨਤੀ ਕੀਤੀ ਸੀ, ਜ਼ੀਰੋ ਆਵਰ ਉਤੇ ਕੁਝ ਹੈ? ਸਿੱਧੂ ਸਾਹਿਬ, ਸਰਦਾਰ ਕੁਲਵੰਤ ਸਿੰਘ ਸਿੱਧੂ ਜੀ।ਗਿਆਸਪੁਰਾ ਜੀ, ਹੁਣ ਬੈਠੋ, ਬੈਠੋ ਜੀ। ਹੁਣ ਸਿੱਧੂ ਸਾਹਿਬ ਬੋਲਣਗੇ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ) :** ਸਪੀਕਰ ਸਾਹਿਬ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਮਾਨਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ਜੀ ॥

**ਸਰਦਾਰ ਕੁਲਵੰਤ ਸਿੰਘ ਸਿੱਧੂ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਪਹਿਲੀ ਵਾਰੀ ਚੁਣ ਕੇ ਆਏ ਆਪਣੇ ਛੋਟੇ ਭਰਾ ਨੂੰ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਬੋਲਣਾ ਚਾਹੁੰਦਾ ਸੀ ਲਾਸਟ ਸਵਾਲ ਦੇ ਉਤੇ ਲੇਕਿਨ ਉਦੋਂ ਤੁਸੀਂ ਕਹਿ ਦਿੱਤਾ ਕਿ ਹੁਣ ਇਸ ਦੇ ਉਤੇ ਕਿਸੇ ਦੀ ਆਗਿਆ ਨਹੀਂ । ਆਪਾਂ ਪਾਣੀ ਦੀ ਗੱਲ ਕਰਦੇ ਹਾਂ। ਮੈਂ ਸਾਰੇ ਹਾਊਸ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਪਾਣੀ ਬਚਾਉਣਾ ਹੈ, ਉਸ ਵਿਚ ਸਰ ਆਪਾਂ ਯਤਨ ਕਿੰਨੇ ਕੁ ਬੰਦੇ ਕਰਦੇ ਹਾਂ? ਮੈਂ ਆਪਣੀ ਗੱਲ ਦੱਸਦਾ ਹਾਂ ਕਿ ਮੇਰੇ ਹਲਕਾ ਆਤਮ ਨਗਰ ਦੇ ਵਿੱਚ ਪੀਣ ਵਾਲੇ ਪਾਣੀ ਦੀ ਉਹ ਦੁਰਦਸ਼ਾ ਹੈ ਕਿ ਅਗਰ ਮੈਂ ਕੱਲ੍ਹ ਨੂੰ ਇੱਕ ਬੋਤਲ ਪਾਣੀ ਦੀ ਭਰਵਾ ਕੇ ਲੈ ਆਉਂਦਾ ਹਾਂ, ਇਸ ਹਾਊਸ ਦਾ ਕੋਈ ਵੀ ਮੈਂਬਰ ਅਗਰ ਉਹ ਪਾਣੀ ਪੀ ਲਵੇ ਤਾਂ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਅਸਤੀਫਾ ਦੇ ਦਿਆਂਗਾ । ਸਰ, ਪਾਣੀ ਨੂੰ ਸੰਭਾਲਣ ਦੀ ਬਹੁਤ ਵੱਡੀ ਲੋੜ ਹੈ। ਨਹਿਰੀ ਪਾਣੀ ਮੇਰੇ ਹਲਕੇ ਦੇ ਵਿੱਚ ਵਿਚਕਾਰ ਦੀ ਨਹਿਰ ਲੰਘਦੀ ਹੈ, ਅਗਰ ਆਪਾਂ ਉਸ ਨਹਿਰੀ ਪਾਣੀ ਨੂੰ ਉਪਯੋਗ ਵਿਚ ਲਿਆਈਏ ਜਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਇਸ ਦੇ ਵਿਚ ਲਿਆਂਦਾ ਕਿ ਆਪਾਂ ਨੇ ਇਸ ਪਾਣੀ ਨੂੰ ਪੀਣਯੋਗ ਬਣਾਉਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਆਪਾਂ ਪਾਣੀ ਬਚਾਉਣ ਦਾ ਯਤਨ ਕਰਾਂਗੇ। ਮੈਂ ਸਮਝਦਾ ਹਾਂ ਕਿ ਅਗਰ ਆਪਾਂ ਯਤਨ ਨਹੀਂ ਕਰਿਆ ਤਾਂ ਆਹ ਇਹ

ਇੱਥੇ ਬੰਦੇ ਚੁਣ ਕੇ ਆਏ ਹਨ, ਬੇਸ਼ਕ ਹੱਸਦੇ ਹਨ, ਜਿੰਨੇ ਬੰਦੇ ਚੁਣ ਕੇ ਆਏ ਹਨ। ਇਹ ਬਾਣੀ ਵਿੱਚ ਲਿਖਿਆ ਹੈ:

**ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥**

ਆਪਣੇ ਆਪ ਵਿਚ ਮਾਣ ਮਹਿਸੂਸ ਕਰਿਆ ਕਰੋ ਕਿ ਕਰੋੜਾਂ ਬੰਦਿਆਂ ਦੇ ਵਿਚੋਂ ਤੁਹਾਨੂੰ 117 ਨੂੰ ਭਗਵਾਨ ਨੇ ਚੁਣਿਆ ਹੈ। (ਥੰਪਿੰਗ) ਆਪਾਂ ਕਰਮ ਬਣਾਈਏ ਕਿ ਆਪਾਂ ਇਸ ਹਾਊਸ ਲਈ, ਇਸ ਪੰਜਾਬ ਲਈ ਕੁਝ ਨਾ ਕੁਝ ਕਰਕੇ ਜਾਣਾ ਹੈ । ਅੱਜ ਹੱਥ ਖੜ੍ਹੇ ਕੇ ਸਾਰੇ ਪ੍ਰਣ ਕਰੀਏ ਕਿ ਪਾਣੀ ਬਚਾਉਣ ਲਈ ਕੋਈ ਨਾ ਕੋਈ ਯਤਨ ਕਰਾਂਗੇ। ਬਹੁਤ ਬਹੁਤ ਧੰਨਵਾਦ । ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

**(ਇਸ ਸਮੇਂ ਸਦਨ ਵਿੱਚ ਹਾਜ਼ਰ ਟਰੇਜ਼ਰੀ ਬੈਂਚਿਜ਼ ਅਤੇ ਵਿਰੋਧੀ ਪਾਰਟੀਆਂ ਦੇ ਕਈ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਹੱਥ ਖੜ੍ਹੇ ਕਰਦੇ ਹੋਏ, ਪਾਣੀ ਬਚਾਉਣ ਦੇ ਮੁੱਦੇ ਉਤੇ ਆਪਣੀ ਸਹਿਮਤੀ ਪ੍ਰਗਟਾ ਰਹੇ ਸਨ।)**

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ) :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਚੀਮਾ ਸਾਹਿਬ ਬੈਠੇ ਨਹੀਂ ਹਨ, ਧਾਲੀਵਾਲ ਸਾਹਿਬ ਬੈਠੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ 24 ਮਈ ਨੂੰ ਪੰਜਾਬ ਦੇ ਜਿਹੜੇ ਡੇਅਰੀ ਫਾਰਮਰਜ਼ ਆਏ ਸੀ ਤੁਸੀਂ ਉਨ੍ਹਾਂ ਨਾਲ ਗੱਲ ਕੀਤੀ ਸੀ ਕਿ 21 ਮਈ ਤੋਂ, ਮੇਰਾ ਖਿਆਲ ਹੈ ਕਿ ਤੁਹਾਨੂੰ 24 ਮਈ ਨੂੰ ਮਿਲੇ ਹਨ, ਮੇਰੇ ਪਾਸ ਤੁਹਾਡੀ ਪ੍ਰੈਸ ਕਾਨਫਰੰਸ ਦੀ ਕਟਿੰਗ ਹੈ। ਤੁਸੀਂ ਕਿਹਾ ਸੀ ਕਿ 55 ਰੁਪਏ ਪ੍ਰਤੀ ਕਿੱਲੋ ਫੈਟ ਦੇ ਹਿਸਾਬ ਨਾਲ ਦਿੱਤੇ ਜਾਣਗੇ, ਉਸ ਵਿਚ ਤੁਸੀਂ ਕਿਹਾ ਸੀ ਕਿ 22 ਰੁਪਏ ਮਿਲਕਫੈਡ ਦੇਵੇਗੀ ਤੇ 35 ਰੁਪਏ ਪੰਜਾਬ ਗੌਰਮਿੰਟ ਉਸ ਵਿਚ ਪ੍ਰਤੀ ਕਿੱਲੋ ਫੈਟ ਦੇ ਹਿਸਾਬ ਨਾਲ ਆਪਣਾ ਸ਼ੇਅਰ ਪਾਵੇਗੀ। ਪਰਸੋਂ ਸਨਿਚਰਵਾਰ ਨੂੰ ਜਦੋਂ ਸੀ.ਐਮ.ਸਾਹਿਬ ਦਾ ਗਵਰਨਰ ਐਡਰੈਸ ਸੀ ਤਾਂ ਉਸ ਦੇ ਉਨ੍ਹਾਂ ਨੇ ਸਿਰਫ ਮਿਲਕਫੈਡ ਦਾ ਜ਼ਿਕਰ ਕੀਤਾ ਹੈ ਔਰ ਮਿਲਕਫੈਡ ਤੋਂ ਆਪਣ 21 ਮਈ ਤੋਂ 20 ਰੁਪਏ ਦੇ ਹਿਸਾਬ ਨਾਲ ਉਨ੍ਹਾਂ ਨੂੰ ਆਪਣੇ ਪੈਸੇ ਦੇਣੇ ਸਟਾਰਟ ਕਰ ਦਿੱਤੇ ਲੇਕਿਨ ਉਹ 35 ਰੁਪਏ ਬਾਰੇ, ਤੁਸੀਂ ਤੇ ਚੀਮਾ ਸਾਹਿਬ ਨੇ ਉਸ ਮੀਟਿੰਗ ਦੇ ਵਿਚ ਵਾਅਦਾ ਕੀਤਾ ਸੀ, ਉਹ ਸਰਕਾਰ ਆਪਣਾ ਸ਼ੇਅਰ ਕਦੋਂ ਪਾਵੇਗੀ? ਮੇਰਾ ਇੰਨਾ ਤੁਹਾਡੇ ਰਾਹੀਂ ਸਵਾਲ ਹੈ ਕਿਉਂਕਿ ਜੇ ਮਿਲਕਫੈਡ ਦੇ ਨਾਲ ਨਾਲ ਜੇ ਕਿਸਾਨੀ ਜੁੜੀ ਹੋਈ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਹੋਰ ਛੋਟੀ ਜਿਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਵੈਸੇ ਤਾਂ ਮੀਟਿੰਗਾਂ ਚਲਦੀਆਂ ਰਹਿੰਦੀਆਂ ਹਨ । ਲੇਕਿਨ ਅਮੁੱਲ ਵਾਲੇ ਜਿਹੜੇ ਹਨ ਉਹ ਮਿਲਕਫੈਡ ਦੇ

ਕੰਪੀਟੇਟਰ ਹਨ, ਉਹ ਜਿਸ ਵੇਲੇ ਪੰਜਾਬ ਵਿਚ ਐਂਟਰ ਕਰਨਗੇ ਤਾਂ ਵੇਰਕਾ ਦਾ ਬਹੁਤ ਨੁਕਸਾਨ ਵੱਡਾ ਹੋਵੇਗਾ ਤੇ ਪੰਜਾਬ ਦੇ ਜਿਹੜੇ ਡੇਅਰੀ ਫਾਰਮਰਜ਼ ਹਨ ਉਨ੍ਹਾਂ ਦੇ ਰੇਟਾਂ ਦਾ ਵੀ ਉਹੀ ਕਰਦੇ ਹਨ। ਤੁਹਾਨੂੰ ਪਤਾ ਹੈ ਕਿ ਬਟਾਲੇ ਵਿੱਚ ਖੁਲ੍ਹਿਆ ਹੈ, ਇੱਕ ਉਨ੍ਹਾਂ ਨੇ ਖਮਾਣੋਂ ਵਿਚ ਖੋਲ੍ਹਿਆ ਹੈ।

**ਬ.ਕ./ਸ਼.ਜ/28.6.22/4.35**

ਕਹਿਣਾ ਤਾਂ ਨਹੀਂ ਚਾਹੀਦਾ ਪਰ ਜਦੋਂ ਉਨ੍ਹਾਂ ਨੇ ਸਾਡੇ ਮਿਲਕ ਪਲਾਂਟਾਂ ਦੇ ਕੰਪੀਟੀਸ਼ਨ ਵਿੱਚ ਆਉਣਾ ਹੈ ਤਾਂ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ। ਬਾਜਵਾ ਸਾਹਿਬ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) ਡੇਅਰੀ ਡਿਵੈਲਪਮੈਂਟ ਮਨਿਸਟਰ ਸਨ, ਇਨ੍ਹਾਂ ਕੋਲ ਜਦੋਂ ਵੀ ਕਦੇ ਇਹ ਆਏ ਸਨ, ਤੁਸੀਂ ਮਾਈਂਡ ਨਾ ਕਰਨਾ, ਬਾਜਵਾ ਸਾਹਿਬ ਕਹਿੰਦੇ ਸਨ ਕਿ ਜਿਨ੍ਹਾਂ ਨੇ ਦੁੱਧ ਪ੍ਰਕਿਓਰ ਕਰਨਾ ਹੈ, ਸੇਲ ਕਰਨਾ ਹੈ, ਮੈਂ ਸਿਰਫ ਮੱਝਾਂ ਦੇ ਦੁੱਧ ਦਾ ਰੱਖ-ਰਖਾਅ ਕਰ ਸਕਦਾ ਹਾਂ। ਮੈਂ ਸਮਝਦਾ ਹਾਂ ਕਿ ਇਸ ਵਿੱਚ ਮਿਲਕਫੈੱਡ ਨੂੰ ਕਾਂਫੀਡੈਂਸ ਵਿੱਚ ਰੱਖਣਾ ਚਾਹੀਦਾ ਹੈ ਕਿਉਂਕਿ ਅਮੁੱਲ ਵਾਲਿਆਂ ਦੇ ਲੰਬੇ ਚੌੜੇ ਹੱਥ ਹਨ। ਪੰਜਾਬ ਵਿੱਚ ਇਸ ਵੇਲੇ ਕਪੈਸਿਟੀ ਪ੍ਰਤੀ ਦਿਨ 26 ਲੱਖ ਲੀਟਰ ਦੀ ਹੈ। ਕਿਰਪਾ ਕਰਕੇ 35/- ਰੁਪਏ ਵੀ ਸਰਕਾਰ ਵਲੋਂ ਜ਼ਰੂਰ ਦਿੱਤੇ ਜਾਣ।

**ਪਸ਼ੂ ਪਾਲਣ, ਮੱਛੀ ਤੇ ਡੇਅਰੀ ਵਿਕਾਸ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)**: ਸਪੀਕਰ ਸਾਹਿਬ, ਮੈਂ ਜਵਾਬ ਦੇਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਜ਼ੀਰੋ ਆਵਰ ਵਿੱਚ ਜਵਾਬ ਨਹੀਂ ਦੇਣਾ ਹੁੰਦਾ। ਬਾਕੀ ਤੁਹਾਡੀ ਇੱਛਾ ਹੈ ਜੇਕਰ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ ਤਾਂ ਦੇ ਸਕਦੇ ਹੋ। ਵੈਸੇ ਅਜਿਹਾ ਹੁੰਦਾ ਨਹੀਂ ਹੈ, ਇਹ ਤੁਹਾਡੀ ਮਰਜ਼ੀ ਹੈ।

**ਪਸ਼ੂ ਪਾਲਣ, ਮੱਛੀ ਤੇ ਡੇਅਰੀ ਵਿਕਾਸ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 35/- ਰੁਪਏ ਅਸੀਂ ਪਾ ਰਹੇ ਹਾਂ। ਅਸੀਂ ਜਿਹੜਾ ਵਾਅਦਾ ਕੀਤਾ ਸੀ, ਜੋ ਸਾਡਾ ਉਨ੍ਹਾਂ ਨਾਲ ਸਮਝੌਤਾ ਹੋਇਆ ਹੈ, ਉਹ ਆਪਣਾ ਹਿੱਸਾ ਪਾ ਰਹੇ ਹਾਂ। ਦੂਜੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਕਲ੍ਹ ਅਮੁੱਲ ਵਾਲੇ ਆਏ ਸੀ। ਐਕਚੁਲੀ ਮੈਂ ਪਿਛਲੇ ਮਹੀਨੇ ਗੁਜਰਾਤ ਉਨ੍ਹਾਂ ਦਾ ਸਾਰਾ ਸਿਸਟਮ ਦੇਖਣ ਗਿਆ ਸੀ, ਜਿਸ ਕਾਰਨ ਉਨ੍ਹਾਂ ਦਾ ਡੈਲੀਗੇਸ਼ਨ ਪੰਜਾਬ ਆਇਆ ਸੀ। ਉਨ੍ਹਾਂ ਨੇ ਸਵੇਰੇ ਹੀ ਕਾਲ ਕੀਤੀ ਸੀ ਕਿ ਅਸੀਂ ਆਏ ਹਾਂ ਅਤੇ ਮੰਤਰੀ ਸਾਹਿਬ ਮਿਲਣਾ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪੰਜਾਬ ਭਵਨ ਆ ਜਾਓ, ਤੁਹਾਨੂੰ ਚਾਹ ਪਿਲਾਈਏ। ਸਾਡੀ ਅਮੁੱਲ ਨਾਲ ਕੋਈ ਡੀਲ ਨਹੀਂ ਹੋਈ ਅਤੇ ਨਾ ਹੀ ਅਸੀਂ ਵੇਰਕਾ ਦੇ ਬਰਾਬਰ ਕਿਸੇ ਨੂੰ ਆਉਣ ਦੇਣਾ ਹੈ। ਵੇਰਕਾ ਹੀ ਪੰਜਾਬ ਵਿੱਚ ਰਹੇਗਾ, ਤੁਸੀਂ ਘਬਰਾਓ ਨਾ। ਅਸੀਂ ਸਿਰਫ ਉਨ੍ਹਾਂ ਦੀ ਪ੍ਰਾਹੁਣਾਚਾਰੀ ਕੀਤੀ ਹੈ ਕਿਉਂਕਿ ਉਹ ਗੁਜਰਾਤ ਤੋਂ ਆਏ ਸਨ। ਦੋ-ਤਿੰਨ ਐਮ.ਐਲ.ਏ ਸਾਹਿਬਾਨ ਵੀ ਸਨ, ਜਿਨ੍ਹਾਂ ਵਿਚੋਂ ਦੋ ਕਾਂਗਰਸ ਦੇ ਐਮ.ਐਲ.ਏ ਸਾਹਿਬਾਨ ਨਾਲ ਸਨ। ਉਨ੍ਹਾਂ

ਦੇ ਡਾਇਰੈਕਟਰ ਅਤੇ ਇਕ ਬੀ.ਜੇ.ਪੀ ਦਾ ਐਮ.ਐਲ.ਏ ਸੀ। ਅਸੀਂ ਉਨ੍ਹਾਂ ਦੀ ਪ੍ਰਾਹੁਣਾਚਾਰੀ ਵਾਸਤੇ ਸਿਰਫ ਚਾਹ ਪਿਲਾਈ ਹੈ, ਇਸ ਤੋਂ ਵੱਧ ਕੁਝ ਨਹੀਂ ਕੀਤਾ।

**ਸ਼੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)** : ਮਾਨਯੋਗ ਸਪੀਕਰ ਸਾਹਿਬ, ਮੈਂ ਲੁਧਿਆਣਾ ਸੈਂਟਰਲ ਤੋਂ ਚੁਣ ਕੇ ਆਇਆ ਹਾਂ। ਮੇਰਾ ਹੈਲਥ ਨਾਲ ਜੁੜਿਆ ਇਕ ਮਸਲਾ ਹੈ। ਹਲਕਾ ਲੁਧਿਆਣਾ ਸੈਂਟਰਲ ਵਿੱਚ ਪੁਰਾਣਾ ਕਪੂਰ ਹਸਪਤਾਲ, ਜੋ ਪਿਛਲੀਆਂ ਸਰਕਾਰਾਂ ਨੇ ਚਲਦਾ ਹੋਇਆ ਬੰਦ ਕੀਤਾ ਹੈ, ਉਹ ਅੱਜ ਪੂਰਾ ਚੱਲ ਸਕਦਾ ਹੈ। ਜਦੋਂ ਲੁਧਿਆਣਾ ਦੀ ਅਬਾਦੀ ਪੰਜ ਲੱਖ ਸੀ, ਉਸ ਵਕਤ ਦਾ ਇਕ ਸਿਵਲ ਹਸਪਤਾਲ ਲੁਧਿਆਣਾ ਸ਼ਹਿਰ ਨੂੰ ਮਿਲਿਆ ਹੋਇਆ ਹੈ। ਅੱਜ 55 ਲੱਖ ਦੀ ਅਬਾਦੀ ਦਾ ਸ਼ਹਿਰ ਹੈ ਪਰ ਇਕੋ ਹਸਪਤਾਲ ਦੇ ਸਿਰ ਦੇ ਸਫਰ ਕਰ ਰਿਹਾ ਹੈ। ਮੇਰਾ ਤੁਹਾਡੇ ਧਿਆਨ ਵਿੱਚ ਲਿਆਉਣ ਦਾ ਮਕਸਦ ਇੰਨਾ ਹੈ ਕਿ ਲੁਧਿਆਣਾ ਬਹੁਤ ਵੱਡਾ ਸ਼ਹਿਰ ਹੈ। ਲੁਧਿਆਣਾ ਹਲਕੇ ਕੋਲ ਸਿਰਫ ਇਕ ਸਿਵਲ ਹਸਪਤਾਲ ਹੈ। ਅੱਜ ਤੱਕ ਬਹੁਤ ਸਰਕਾਰਾਂ ਆਈਆਂ ਹਨ, ਅੱਜ ਆਪਣੀ ਸਰਕਾਰ ਨੂੰ ਮੈਂ ਇਕੋ ਗੱਲ ਕਹਾਂਗਾ ਕਿ ਲੁਧਿਆਣੇ ਦਾ ਇਕ ਵੱਡਾ ਹਸਪਤਾਲ ਸਾਢੇ 12 ਕਿੱਲੇ ਜ਼ਮੀਨ ਵਿੱਚ ਬਣਿਆ ਹੋਇਆ ਹੈ, ਜੋ ਕਿ ਸ਼ਹਿਰ ਵਿੱਚ ਹੈ, ਉਥੇ ਹਸਪਤਾਲ ਤੇ ਸਰਕਾਰ ਨੂੰ ਕੋਈ ਨਵਾਂ ਪੈਸਾ ਉਸ ਤੇ ਲਗਾਉਣ ਦੀ ਲੋੜ ਨਹੀਂ ਹੈ, ਉਹ ਹਸਪਤਾਲ ਦੁਬਾਰਾ ਚਾਲੂ ਕਰਕੇ ਲੋਕਾਂ ਦੀ ਸੇਵਾ ਵਿੱਚ ਦਿੱਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ)** : ਸਪੀਕਰ ਸਾਹਿਬ, ਮੈਂ ਸਾਰੇ ਮੈਂਬਰਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮਨਰੇਗਾ ਐਕਟ ਬਣਿਆ ਹੋਇਆ ਹੈ, ਪਿਛਲੀਆਂ ਸਰਕਾਰਾਂ ਨੇ ਕਿਸੇ ਨੇ ਵੀ ਇਹ ਪੰਜਾਬੀ ਵਿੱਚ ਨਹੀਂ ਛਾਪਿਆ। ਇਹ ਸਿਰਫ ਅੰਗਰੇਜ਼ੀ ਅਤੇ ਹਿੰਦੀ ਵਿੱਚ ਹੀ ਛਪਿਆ ਹੋਇਆ ਹੈ। ਕਿਰਪਾ ਕਰਕੇ ਜੇਕਰ ਇਸ ਨੂੰ ਪੰਜਾਬੀ ਵਿੱਚ ਛਾਪ ਦੇਈਏ ਤਾਂ ਲੋਕਾਂ ਦਾ ਬਹੁਤ ਵੱਡਾ ਫਾਇਦਾ ਹੋ ਜਾਵੇਗਾ ਕਿਉਂਕਿ ਇਸ ਵਿੱਚ ਗਰੀਬਾਂ ਨਾਲ ਬਹੁਤ ਸੋਸ਼ਣ ਹੁੰਦਾ ਹੈ। ਉਹ ਸਰਪੰਚਾਂ ਤੋਂ ਡਰਦੇ ਰਹਿੰਦੇ ਹਨ ਕਿ ਕਿਤੇ ਸਾਨੂੰ ਕਲ੍ਹ ਨੂੰ ਹਟਾ ਨਾ ਦੇਣ ਜਾਂ ਅਧਿਕਾਰੀ ਵੀ ਉਨ੍ਹਾਂ ਦੀ ਦੁਰਵਰਤੋਂ ਕਰਦੇ ਹਨ। ਇਸ ਕਰਕੇ ਜੇਕਰ ਇਹ ਪੰਜਾਬੀ ਵਿੱਚ ਛਾਪ ਦਿੱਤਾ ਜਾਵੇ। ਮੈਂ ਪਿਛਲੀ ਸਰਕਾਰ ਨੂੰ ਵੀ ਬੇਨਤੀ ਕੀਤੀ ਸੀ ਪਰ ਹਾਲੇ ਤੱਕ ਮਨਰੇਗਾ ਐਕਟ ਇੰਗਲਿਸ਼ ਅਤੇ ਹਿੰਦੀ ਵਿੱਚ ਹੀ ਅਵੇਲੇਬਲ ਹੈ, ਇਸ ਨੂੰ ਪੰਜਾਬੀ ਵਿੱਚ ਛਾਪਣ ਦੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਇਸ ਨੂੰ ਜ਼ਰੂਰ ਛਾਪਿਆ ਜਾਵੇ। ਧੰਨਵਾਦ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ)** : ਧੰਨਵਾਦ ਜੀ। ਸਰ, ਮੈਂ ਇਕ ਬੜੀ ਇੰਪਾਰਟੈਂਟ ਆਪਣੇ ਇਲਾਕੇ ਨਾਲ ਸਬੰਧਿਤ ਗੱਲ ਕਰਨਾ ਚਾਹੁੰਦੀ ਹਾਂ। ਦੀਨਾ ਨਗਰ ਵਿੱਚ ਡੈਮੋਕ੍ਰੇਸੀ ਦਾ ਘਾਣ ਹੋ ਰਿਹਾ ਹੈ। ਜਦੋਂ ਸਰਕਾਰ ਬਣੀ ਸੀ ਤਾਂ ਪਾਰਟੀ ਵਲੋਂ ਕਿਹਾ ਗਿਆ ਸੀ ਕਿ ਸਾਡੇ ਪਾਰਟੀ ਵਲੋਂ ਕੋਈ ਵੀ ਹਲਕਾ

ਇੰਚਾਰਜ ਨਹੀਂ ਹੋਵੇਗਾ ਪਰ as a proof ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਜੋ ਪੁਲੀਟੀਕਲ ਵੈਂਡੇਟਾ ਹੋ ਰਿਹਾ ਹੈ, ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ, ਸਰਪੰਚਾਂ ਉਤੇ ਪੂਰੀ ਤਰ੍ਹਾਂ ਤਸ਼ੱਦਦ ਕੀਤਾ ਜਾ ਰਿਹਾ ਹੈ।

**28.6.2022 karamjit kaur/HST 4.40**

ਇਹ ਬਕਾਇਦਾ ਰਬੜ ਦੀ ਸਟੈਂਪ ਹੈ, ਜਿਹੜੀ ਹਲਕਾ ਇੰਚਾਰਜ ਦੀਨਾਨਗਰ ਦੀ ਲੱਗੀ ਹੋਈ ਹੈ। ਮੈਂ ਇਹ ਟੇਬਲ ਤੇ ਰੱਖਣਾ ਚਾਹੁੰਦੀ ਹਾਂ (ਇਸ ਸਮੇਂ ਆਪਣੀ ਟੇਬਲ ਤੇ ਹੀ ਰੱਖੇ ਗਏ) ਔਰ ਮੈਂ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਸਾਹਮਣੇ ਬੜੇ ਸਤਿਕਾਰਯੋਗ ਮੰਤਰੀ ਜੀ ਬੈਠੇ ਹਨ ਜੋ ਕਿ ਮੇਰੇ ਗੁਆਂਢੀ ਵੀ ਹਨ, ਮੈਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੀ ਹਾਂ । ਇਹ ਬੜੀ ਮਿਹਨਤ ਦੇ ਨਾਲ ਇਥੋਂ ਤੱਕ ਪਹੁੰਚੇ ਹਨ। ਲੇਕਿਨ ਇਨ੍ਹਾਂ ਦੇ ਨਾਮ ਦੀ ਵੀ ਦੁਰਵਰਤੋਂ ਕੀਤੀ ਜਾ ਰਹੀ ਹੈ, ਮਿਸਯੂਜ਼ ਕੀਤਾ ਜਾਂਦਾ ਹੈ, ਮੇਰੇ ਹਲਕੇ ਦੇ ਵਾਸਤੇ, ਜਦੋਂ ਤਸ਼ੱਦਦ ਕੀਤਾ ਜਾਂਦਾ ਹੈ। ਸੋ, ਮੇਰੀ ਇਹ ਬੜੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਮਸਲੇ ਤੇ ਪੂਰਾ ਧਿਆਨ ਕੀਤਾ ਜਾਵੇ ਔਰ ਤੁਸੀਂ ਜਿਵੇਂ ਕਲੇਮ ਕਰਦੇ ਹੋ ਕਿ ਤੁਹਾਡੀ ਪਾਰਟੀ ਰਵਾਇਤੀ ਪਾਰਟੀਆਂ ਤੋਂ ਬਿਲਕੁਲ ਅਲੱਗ ਹੈ, ਸੋ, ਇਸ ਤਰ੍ਹਾਂ ਦਾ ਘਾਣ ਨਾ ਕੀਤਾ ਜਾਵੇ।

ਸਪੀਕਰ ਸਾਹਿਬ, ਦੂਸਰੀ ਮੇਰੀ ਗੱਲ ਹੈ ਕਿ ਮੈਂ ਸਵੇਰੇ ਵੀ ਪਠਾਨਕੋਟ ਵਿਖੇ ਰੇਤੇ ਦੇ ਧੰਦੇ ਬਾਰੇ ਵਿੱਚ ਗੱਲ ਕੀਤੀ ਸੀ ਪਰ ਉਹ ਗੱਲ ਰੌਲ਼ੇ-ਰੱਪੇ ਵਿੱਚ ਰੁਕ ਗਈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਪਠਾਨਕੋਟ ਤੋਂ ਕੁਝ ਗੱਡੀਆਂ ਇਲਲੀਗਲ ਮਾਈਨਿੰਗ ਦੀਆਂ ਦੀਨਾਨਗਰ ਵਿੱਚੋਂ ਲੰਘ ਕੇ ਜਾਂਦੀਆਂ ਹਨ। ਮੈਂ ਉਸ ਬਾਰੇ ਗੱਲ ਕਰ ਰਹੀ ਸੀ ਪਰ ਮੇਰੀ ਗੱਲ ਰੌਲ਼ੇ-ਰੱਪੇ ਵਿੱਚ ਹੀ ਖਤਮ ਹੋ ਗਈ ਸੀ। ਮੈਂ ਉਸ ਬਾਰੇ ਦੁਬਾਰਾ ਗੱਲ ਕਰਨੀ ਚਾਹੁੰਦੀ ਹਾਂ। ਮੇਰਾ ਮੰਤਵ ਹੈ ਕਿ ਉਹ ਗੱਡੀਆਂ ਜਿਹੜੀਆਂ ਮੈਂ ਪੰਜ ਸਾਲਾਂ ਦੌਰਾਨ ਦੀਨਾਨਗਰ ਵਿੱਚ ਨਹੀਂ ਆਉਣ ਦਿੱਤੀਆਂ ਸੀ, ਉਹ ਹੁਣ ਦੁਬਾਰਾ ਸ਼ੁਰੂ ਹੋ ਗਈਆਂ ਹਨ। ਇਹ ਕਿਸ ਦੇ ਕਹਿਣ ਤੇ ਹੋਈਆਂ ਹਨ? ਟਰੱਕਾਂ ਦੇ ਨੰਬਰ, ਉਨ੍ਹਾਂ ਦੀ ਮੂਵੀ ਬਣਾ ਕੇ, ਮੈਂ ਹਾਊਸ ਵਿੱਚ ਵੀ ਕਹਿ ਰਹੀ ਹਾਂ, ਔਰ ਐਸ.ਐਸ.ਪੀ., ਗੁਰਦਾਸਪੁਰ ਤੇ ਸੈਕਟਰੀ, ਮਾਈਨਿੰਗ ਨੂੰ ਵੀ ਮੈਂ ਭੇਜ ਦਿੱਤੀ ਹੈ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰੋ। ਮੈਂ ਚਾਹੁੰਦੀ ਹਾਂ ਕਿ ਇਸ ਕੇਸ ਵਿੱਚ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਆਪਾਂ ਪਿਛਲੀ ਵਾਰ ਆਪੋਜੀਸ਼ਨ ਵਿੱਚ ਸੀ। ਮੇਰੇ ਮੋਗੇ ਜ਼ਿਲ੍ਹੇ ਵਿੱਚ ਚਾਰ ਸੀਟਾਂ ਹਨ। ਚਾਰਾਂ ਦੇ ਵਿੱਚੋਂ ਤਿੰਨ ਸੀਟਾਂ ਤੇ ਕਾਂਗਰਸ ਪਾਰਟੀ ਦੇ ਐਮ.ਐਲ.ਏ. ਸੀ, ਮੈਂ ਆਮ ਆਦਮੀ ਪਾਰਟੀ ਨਾਲ ਸਬੰਧਿਤ ਇਕੱਲਾ ਹੀ ਸੀ। ਮੇਰੇ ਹਲਕੇ ਦੀਆਂ ਜਿੰਨੀਆਂ ਸੜਕਾਂ ਦਾ ਬਜਟ ਸੀ, ਉਹ ਇਹ ਤਿੰਨੋਂ ਲੈ ਜਾਂਦੇ ਸੀ, ਜਰਵਾਹੇ ਸੀ, ਮੈਂ ਵਿਚਾਰਾ ਇਕੱਲਾ ਰਹਿ ਜਾਂਦਾ ਸੀ। ਹੁਣ ਵੇਲਾ ਆਪਣਾ ਆਇਆ ਹੈ ਤੇ ਬਾਕੀ ਦੇ ਤਿੰਨ ਵੀ ਆਪਣੇ ਹੀ ਹਨ।

ਸਪੀਕਰ ਸਾਹਿਬ, ਜਿਹੜਾ ਪਿਛਲੀ ਵਾਰ ਮੇਰੇ ਨਾਲ ਧੱਕਾ ਹੋਇਆ ਹੈ, ਉਹ ਮੇਰੇ ਨਾਲ ਹੁਣ ਨਾ ਹੋਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੀਆਂ ਸੜਕਾਂ ਦੀ ਹਾਲਤ ਬਹੁਤ ਖਰਾਬ ਹੈ, ਕਿਰਪਾ ਕਰਕੇ ਪਹਿਲ ਦੇ ਅਧਾਰ ਤੇ ਮੇਰੇ ਹਲਕੇ ਦਾ ਕੰਮ ਕਰਵਾਇਆ ਜਾਵੇ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ, ਬੋਲਣਾ ਚਾਹੁੰਦੇ ਹਨ। ਇਹ ਸਵੇਰ ਤੋਂ ਬੋਲੇ ਨਹੀਂ ਹਨ।

(ਇੱਕ ਅਵਾਜ਼: ਇਹ ਤਾਂ ਤਕੜੇ ਹਨ ਜੀ।)

**ਮਾਨਯੋਗ ਸਪੀਕਰ:** ਹਾਂ ਜੀ, ਤਕੜੇ ਹਨ। ਇਨ੍ਹਾਂ ਕੋਲ ਹੋਰ ਵੀ ਬੜਾ ਕੁਝ ਹੈ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)** ਸਪੀਕਰ ਸਾਹਿਬ, ਮੈਂ ਇੱਕ ਮਸਲੇ ਵੱਲ ਧਿਆਨ ਹੀ ਦਿਵਾਉਣਾ ਹੈ। ਪੰਚਾਇਤ ਮੰਤਰੀ ਜੀ ਬਹੁਤ ਅੱਛਾ ਕੰਮ ਕਰ ਰਹੇ ਹਨ। ਜਿਹੜੀਆਂ ਪੰਚਾਇਤਾਂ ਦੀਆਂ ਸਰਕਾਰੀ ਜ਼ਮੀਨਾਂ ਹਨ, ਉਹ ਛੁਡਵਾਈਆਂ ਜਾ ਰਹੀਆਂ ਹਨ। ਉਹ ਅੱਛਾ ਕੰਮ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਣਕ ਦੇ ਨਾਲ ਘੁਣ ਵੀ ਪਿਸ ਰਿਹਾ ਹੈ। ਜਿਹੜੇ ਗਰੀਬ ਆਦਮੀ ਹਨ, ਜਿਹੜੇ ਭੂਮੀਹੀਣ ਹਨ, ਮਤਲਬ ਅਸੀਂ ਗਰੀਬ ਆਦਮੀਆਂ ਦੀ ਗੱਲ ਤਾਂ ਕਰਦੇ ਹਾਂ। ਉਨ੍ਹਾਂ ਕੋਲ ਇੱਕ ਮਰਲਾ ਜਗ੍ਹਾ ਹੈ, ਡੇਢ ਮਰਲਾ ਜਗ੍ਹਾ ਹੈ, ਉਹ ਵਿਚਾਰੇ ਕੋਈ 10 ਸਾਲ ਤੋਂ ਕੋਈ 15 ਸਾਲਾਂ ਤੋਂ ਉਥੇ ਬੈਠੇ ਹਨ। ਕਿਰਪਾ ਕਰਕੇ ਉਨ੍ਹਾਂ ਤੇ ਕਿਰਪਾ ਕਰ ਦਿਉ। ਤੁਸੀਂ ਵੱਡੇ ਵੱਡੇ ਲੋਕਾਂ ਨੂੰ ਫੜ੍ਹੋ ਜਿਨ੍ਹਾਂ ਨੇ ਵੱਡੀਆਂ ਵੱਡੀਆਂ ਗੱਲਾਂ ਕੀਤੀਆਂ ਹਨ। ਮੇਰੀ ਇਹ ਤੁਹਾਨੂੰ ਰਾਇ ਹੈ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਮੈਂ ਮਾਨਯੋਗ ਬਿਜਲੀ ਮੰਤਰੀ ਜੀ ਨੂੰ ਸੰਬੋਧਨ ਕਰਕੇ ਆਪਣੀ ਗੱਲ ਕਹਿ ਰਿਹਾ ਹਾਂ ਕਿ ਹੁਣ ਪਿੰਡ ਵੱਡੇ ਹੋ ਗਏ ਹਨ ਜੀ। ਅੱਜ ਤੋਂ 20 ਸਾਲ ਪਹਿਲਾਂ ਜਿਹੜੇ ਪਿੰਡ ਸੀ, ਅੱਜ ਉਨ੍ਹਾਂ ਦੇ ਬੱਚੇ ਵੱਡੇ ਹੋ ਗਏ, ਵੱਡੇ ਹੋ ਕੇ ਬੱਚੇ ਅੱਡ ਹੋ ਗਏ ਹਨ। ਮਾਲਵੇ ਵਿੱਚ ਨਿਆਈਂ ਵਾਲੀ ਜਗ੍ਹਾ ਕਹੀ ਜਾਂਦੀ ਹੈ, ਕੁਝ ਗਰੀਬ ਲੋਕਾਂ ਨੇ ਉਥੇ ਆਪਣੇ ਘਰ ਪਾ ਲਏ ਹਨ। ਮੰਤਰੀ ਜੀ, ਉਥੇ ਪਹਿਲਾਂ ਤੋਂ ਹੀ ਬਿਜਲੀ ਦੀਆਂ ਲਾਈਨਾਂ ਜਾਂਦੀਆਂ ਹਨ। ਕੁਦਰਤੀ ਕਿਸੇ ਗਰੀਬ ਦਾ ਪਲਾਟ ਉਥੇ ਆ ਗਿਆ ਤਾਂ ਉਸ ਨੇ ਆਪਣਾ ਘਰ ਉਥੇ ਪਾ ਲਿਆ। ਜਿਹੜੇ ਆਪਣੇ ਐਸ.ਡੀ.ਓਜ਼ ਤੇ ਐਕਸੀਐਨ ਹਨ, ਉਹ ਉਨ੍ਹਾਂ ਨੂੰ ਉਥੇ ਮੀਟਰ ਨਹੀਂ ਲਗਵਾਉਣ ਦਿੰਦੇ। ਉਹ ਕਹਿੰਦੇ ਹਨ ਕਿ ਪਹਿਲਾਂ ਤੁਸੀਂ ਤਾਰਾਂ ਪਰ੍ਹੇ ਕਰਵਾਓ, ਫਿਰ ਮੀਟਰ ਲਗਾਉਣ ਦੇਵਾਂਗੇ। ਜਦੋਂ ਤਾਰਾਂ ਪਰ੍ਹੇ ਹਟਾਉਣ ਲਈ ਐਸਟੀਮੇਟ ਬਣਦਾ ਹੈ ਤਾਂ ਉਹ ਕਿਸੇ ਦਾ 30 ਹਜ਼ਾਰ ਤੇ ਕਿਸੇ ਦਾ 50 ਹਜ਼ਾਰ ਰੁਪਏ ਬਣਦਾ ਹੈ, ਜਦੋਂ ਕਿ ਉਹ ਲੋਕ ਗਰੀਬ ਹੋਣ ਕਾਰਨ ਇਹ ਪੈਸਾ ਨਹੀਂ ਭਰ ਸਕਦੇ। ਇਸੇ ਤਰ੍ਹਾਂ ਮੇਰੇ ਪਿੰਡ ਦੇ ਨੇੜੇ ਵਾਲੇ ਪਿੰਡ ਬੱਛੋਆਣਾ ਵਿਖੇ ਇੱਕ ਗਰੀਬ ਦਲਿਤ ਵਿਅਕਤੀ ਦਾ ਘਰ ਹੈ, ਉਸ ਦੇ ਘਰ ਦੇ ਵਿੱਚ ਟਰਾਂਸਫਾਰਮਰ ਲੱਗਿਆ ਹੋਇਆ ਹੈ।

ਜਦੋਂ ਪਿਛਲੀ ਵਾਰੀ ਕਾਂਗਰਸ ਸਰਕਾਰ ਸੀ, ਮੈਂ ਉਦੋਂ ਵੀ ਇਸ ਮਸਲੇ ਬਾਰੇ ਆਪਣੀ ਗੱਲ ਕਹਿੰਦਾ ਰਿਹਾ ਹਾਂ। ਹੁਣ ਵੀ ਮੈਂ ਚੇਅਰਮੈਨ ਸਾਹਿਬ ਨੂੰ ਉਸ ਘਰ ਦੀ ਫੋਟੋ ਦੇ ਕੇ ਆਇਆ ਹਾਂ ਕਿ ਉਸ ਦੇ ਘਰ ਵਿੱਚ ਟਰਾਂਸਫਾਰਮਰ ਲੱਗਿਆ ਹੋਇਆ ਹੈ, ਜੇ ਕੋਈ ਦੁਰਘਟਨਾ ਵਾਪਰ ਗਈ ਤਾਂ ਨਾਲੇ ਤੁਸੀਂ ਫਸੋਗੇ, ਨਾਲੇ ਕਿਸੇ ਘਰ ਦੇ ਜੀਅ ਨਾਲ ਮਿਸਹੈਪਨਿੰਗ ਹੋ ਸਕਦੀ ਹੈ, ਫਿਰ ਪਿੱਛੋਂ ਤੁਸੀਂ ਮੁਆਵਜ਼ਾ ਦਿੰਦੇ ਫਿਰਦੇ ਹੋ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਘਰ ਵਿੱਚੋਂ ਟਰਾਂਸਫਾਰਮਰ ਤਾਂ ਬਾਹਰ ਕੱਢ ਦਿਉ, ਇਹ ਬੱਛੋਆਣੇ ਪਿੰਡ ਦੀ ਗੱਲ ਹੈ। ਇੱਕ ਗਰੀਬ ਦਲਿਤ ਦਾ ਘਰ ਹੈ ਜੀ। ਇਸ ਕਰਕੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਦੇ ਵੀ ਘਰਾਂ ਦੇ ਉਪਰੋਂ ਦੀ ਤਾਰਾਂ ਲੰਘਦੀਆਂ ਹਨ, ਜਿਨ੍ਹਾਂ ਦੇ ਘਰਾਂ ਵਿੱਚ ਮੀਟਰ ਨਹੀਂ ਲਗਦਾ, ਜਾਂ ਜਿਨ੍ਹਾਂ ਘਰਾਂ ਵਿੱਚ ਬਿਜਲੀ ਦੇ ਖੰਭੇ ਲੱਗੇ ਹੋਏ ਹਨ, ਉਨ੍ਹਾਂ ਗਰੀਬਾਂ ਦੇ ਘਰਾਂ ਵਿੱਚੋਂ ਖੰਭੇ ਆਪਣੇ ਖਰਚੇ ਤੇ ਬਾਹਰ ਕਢਵਾ ਕੇ ਲਗਵਾਏ ਜਾਣ। ਇੰਨੀ ਹੀ ਗੱਲ ਹੈ ਜੀ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਸ੍ਰੀ ਮੁਕਤਸਰ ਸਾਹਿਬ):** ਸਪੀਕਰ ਸਾਹਿਬ, ਧੰਨਵਾਦ ਜੀ। ਬਹੁਤ ਬਹੁਤ ਮੇਹਰਬਾਨੀ। ਮੈਂ ਅੱਜ ਪਹਿਲੀ ਦਫ਼ਾ ਇਸ ਹਾਊਸ ਵਿੱਚ ਬੋਲ ਰਿਹਾ ਹਾਂ। ਮੈਂ ਇਹ ਕਹਿਣਾ ਚਾਹਾਂਗਾ ਕਿ ਜਿੰਨੇ ਵੀ ਮੈਂਬਰ ਸਾਹਿਬਾਨ ਸਾਡੇ ਹਾਊਸ ਵਿੱਚ ਹਨ।

28.06.2022/04.45/ਹਰਪ੍ਰੀਤ ਸਿੰਘ/ਹਰਜਿੰਦਰ ਸਿੰਘ ਟਿਵਾਣਾ

ਖਾਸ ਕਰਕੇ ਜੋ ਮਾਲਵੇ ਏਰੀਏ ਨੂੰ ਬਿਲੌਂਗ ਕਰਦੇ ਹਨ, ਉਨ੍ਹਾਂ ਲਈ ਸਭ ਤੋਂ ਵੱਡਾ ਮੁੱਦਾ ਹੈ ਕਿ ਸਾਡੇ ਦਰਿਆਵਾਂ ਦਾ ਪਾਣੀ ਕਾਲਾ ਹੋ ਰਿਹਾ ਹੈ ਅਤੇ ਉਹ ਕਾਲਾ ਪਾਣੀ ਮਾਲਵਾ ਏਰੀਏ ਦੇ ਪੀਣ ਵਾਲੇ ਪਾਣੀ ਦੇ ਵਾਟਰ ਵਰਕਸਾਂ ਨੂੰ ਜਾ ਰਿਹਾ ਹੈ।ਸਰਕਾਰ ਨੂੰ ਮੇਰੀ ਬੇਨਤੀ ਹੈ ਕਿ ਇਸ ਮਸਲੇ ਤੇ ਜ਼ਰੂਰ ਧਿਆਨ ਦਿੱਤਾ ਜਾਵੇ। ਮੈਂ ਆਪਣੇ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਬਜਟ ਵਿਚ ਬੁੱਢੇ ਨਾਲੇ ਨੂੰ ਸਾਫ ਕਰਨ ਦੀ ਪ੍ਰੋਵਿਜ਼ਨ ਰੱਖੀ ਹੈ ਪਰ ਮੈਂ ਨਾਲ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਸਾਰੇ ਮੈਂਬਰਜ਼ ਨੂੰ ਇਕੱਠੇ ਹੋ ਕੇ, ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਪੀਣ ਵਾਲੇ ਪਾਣੀ ਦੇ ਮੁੱਦੇ ਦਾ ਅਤੇ ਦਰਿਆਵਾਂ ਦੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦਾ ਕੋਈ ਹੱਲ ਕੱਢਣਾ ਚਾਹੀਦਾ ਹੈ। ਇੱਥੇ ਰਾਜਾ ਵੀ ਵੀ ਬੈਠੇ ਹਨ, ਬਾਜਵਾ ਜੀ ਵੀ ਬੈਠੇ ਹਨ। ਬਾਜਵਾ ਸਾਹਿਬ ਦਾ ਏਰੀਆ ਤਾਂ ਪ੍ਰਮਾਤਮਾ ਦੀ ਕਿਰਪਾ ਨਾਲ ਬਹੁਤ ਚੰਗਾ ਹੈ, ਉਥੇ ਇਨ੍ਹਾਂ ਨੂੰ ਖਾਰਾ ਪਾਣੀ ਨਹੀਂ ਮਿਲਦਾ ਪਰ ਸਾਡੀ ਬਦਕਿਸਮਤੀ ਹੈ ਕਿ ਸਾਡੇ ਇਲਾਕੇ ਵਿਚ ਪੀਣਯੋਗ ਪਾਣੀ ਖਾਰਾ ਹੈ ਅਤੇ ਅਸੀਂ ਨਹਿਰਾਂ ਦੇ ਪ੍ਰਦੂਸ਼ਿਤ ਪਾਣੀ ਤੋਂ ਬਹੁਤ ਦੁੱਖੀ ਹੋ ਚੁੱਕੇ ਹਾਂ। ਮੈਂ ਪਿਛਲੀਆਂ ਸਰਕਾਰਾਂ ਨੂੰ ਕੁੱਝ ਨਹੀਂ ਕਹਿੰਦਾ, ਜੇਕਰ ਉਨ੍ਹਾਂ ਨੇ ਇਸ ਪਾਸੇ ਧਿਆਨ ਦਿੱਤਾ ਹੁੰਦਾ ਤਾਂ ਅੱਜ ਇਹ ਦਿਨ ਨਾ ਦੇਖਣਾ ਪੈਂਦਾ। ਇਸ ਦੇ ਨਾਲ ਹੀ ਮੈਂ ਆਪਣੇ ਸ਼ਹਿਰ ਮੁਕਤਸਰ ਜਿੱਥੋਂ ਦੇ ਵਾਸੀਆਂ ਨੇ ਮੈਨੂੰ ਇਸ ਸਦਨ ਵਿਚ ਭੇਜਿਆ ਹੈ, ਉਨ੍ਹਾਂ ਲਈ ਚੰਗੇ ਸਾਫ ਪਾਣੀ ਦੀ ਮੰਗ ਕਰਦਾ ਹਾਂ। ਮੇਰੇ ਹਲਕੇ

ਮੁਕਤਸਰ ਦੀ ਤਰਾਸਦੀ ਇਹ ਹੈ ਕਿ ਉੱਥੇ ਟੂਟੀਆਂ ਵਿਚ ਸੀਵਰ ਮਿਕਸ ਪਾਣੀ ਆ ਰਿਹਾ ਹੈ। ਮੈਨੂੰ ਉਮੀਦ ਹੈ ਕਿ ਸਾਡੇ ਮੰਤਰੀ ਜੀ ਸਾਨੂੰ ਰਾਹਤ ਦਿਵਾਉਣਗੇ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਸਪੀਕਰ ਸਾਹਿਬ, ਧੰਨਵਾਦ। ਮੈਂ ਸਦਨ ਵਿਚ ਪੰਜਾਬ ਦੇ ਬਹੁਤ ਸੰਜੀਦਾ ਮਸਲੇ ਪਾਣੀ ਦੀ ਸੰਭਾਲ ਬਾਰੇ ਗੱਲ ਕਰਨੀ ਚਾਹੁੰਦੀ ਹਾਂ। ਇਸ ਤੇ ਮੈਂ ਚਾਹੁੰਦੀ ਹਾਂ ਕਿ ਇਕ ਦਿਨ ਦਾ ਸਪੈਸ਼ਲ ਸੈਸ਼ਨ ਵੀ ਬੁਲਾਇਆ ਜਾਣਾ ਚਾਹੀਦਾ ਹੈ। ਸਾਰਾ ਪੰਜਾਬ ਪੀਣ ਵਾਲੇ ਪਾਣੀ ਦੀ ਕਿੱਲਤ ਨਾਲ ਜੂਝ ਰਿਹਾ ਹੈ। ਇਲੈਕਸ਼ਨ ਦੌਰਾਨ ਮੇਰੀ ਡਿਊਟੀ ਮਲੇਰਕੋਟਲਾ ਹਲਕੇ ਵਿਚ ਸੀ।ਇਸ ਪਾਣੀ ਦੇ ਹਿਸਾਬ ਕਿਤਾਬ ਨੇ ਪਿੰਡਾਂ ਦੀਆਂ ਸੱਥਾਂ ਦੇ ਦਿਮਾਗ ਇੰਜੀਨੀਰਿੰਗ ਦੇ ਤੌਰ ਤੇ ਸੈੱਟ ਕਰ ਦਿੱਤੇ ਹਨ ਕਿ ਕਿਥੋਂ ਪਾਣੀ ਬਚਾਉਣਾ ਹੈ ਅਤੇ ਕਿੱਥੇ ਲੈ ਕੇ ਜਾਣਾ ਹੈ। ਮੈਂ ਪਿੰਡ ਮੋਹਾਲੀ ਦੀ ਪੰਚਾਇਤ ਕੋਲ ਬੈਠੀ ਸੀ। ਉਨ੍ਹਾਂ ਨੇ ਮੇਰੇ ਕੋਲ ਆਪਣਾ ਖਦਸ਼ਾ ਰੱਖਿਆ ਅਤੇ ਮਦਦ ਮੰਗੀ ਕਿ ਸਾਡੇ ਨੇੜੇ ਪੇਪਰ ਮਿੱਲ ਹੈ ਅਤੇ ਉਸ ਦੇ ਨਾਲ ਹੀ ਇਕ 12 ਮਹੀਨੇ ਚਲਣ ਵਾਲੀ ਨਦੀ ਵੱਗ ਰਹੀ ਹੈ। ਪੇਪਰ ਮਿੱਲ ਵਿਚ ਪਾਣੀ ਦੇ ਵੱਡੇ-ਵੱਡੇ ਬੋਰ ਕੀਤੇ ਹੋਏ ਹਨ, ਜਿਥੋਂ ਮਿੱਲ ਨੂੰ ਪਾਣੀ ਸਪਲਾਈ ਹੁੰਦਾ ਹੈ, ਜਿਸ ਕਾਰਨ ਛੋਟੀਆਂ ਮੋਟਰਾਂ ਦਾ ਪਾਣੀ ਸੁੱਕ ਗਿਆ ਹੈ। ਜਿਹੜੀਆਂ 12 ਮਹੀਨੇ ਚਲਣ ਵਾਲੀਆਂ ਨਹਿਰਾਂ ਹਨ ਕਿਉਂ ਨਾ ਪੇਪਰ ਮਿੱਲਾਂ, ਰੰਗਾਈ ਮਿੱਲਾਂ ਜਾਂ ਸਾਫਟ ਡਰਿੰਕਾਂ ਵਾਲੀਆਂ ਫੈਕਟਰੀਆਂ ਜਿਹੜੀਆਂ ਧਰਤੀ ਹੇਠੋਂ ਪਾਣੀ ਕੱਢ ਕੇ ਫਿਲਟਰ ਕਰਕੇ ਸਾਨੂੰ 20-25 ਰੁਪਏ ਦੀਆਂ ਪਾਣੀ ਦੀਆਂ ਬੋਤਲਾਂ ਵੇਚਦੇ ਹਨ। ਸਾਨੂੰ ਆਉਣ ਵਾਲੇ ਸਮੇਂ ਲਈ ਕੋਈ ਅਜਿਹਾ ਪ੍ਰਾਜੈਕਟ ਉਲੀਕਣਾ ਚਾਹੀਦਾ ਹੈ ਕਿ ਇਨ੍ਹਾਂ ਫੈਕਟਰੀਆਂ ਅਤੇ ਮਿੱਲਾਂ ਨੂੰ ਸਿੱਧਾ ਨਹਿਰੀ ਪਾਣੀ ਨੂੰ ਟਰੀਟ ਕਰਨ ਲਈ ਕਿਹਾ ਜਾਵੇ। ਪੰਜਾਬ ਦੇ ਪਾਣੀਆਂ ਨੂੰ ਸਿਰਫ ਗੱਲਾਂ ਨਾਲ ਨਹੀਂ ਬਚਾਇਆ ਜਾ ਸਕਦਾ। ਆਉਣ ਵਾਲੇ 17-18 ਸਾਲਾਂ ਵਿਚ ਅਸੀਂ ਮਾਰੂਥਲ ਬਣਨ ਜਾ ਰਹੇ ਹਾਂ, ਸਾਡੀ ਕਿਹੜੀ ਸੀਰੀਅਸਨੈੱਸ ਹੈ? ਸਾਡੇ ਕੋਲ ਇਸ ਵੇਲੇ ਵੱਡਾ ਬਜਟ ਹੈ, ਜਿਹੜਾ ਪਾਣੀ ਦੇ ਸਬੰਧ ਵਿਚ ਰੱਖਿਆ ਗਿਆ ਹੈ। ਸਾਨੂੰ ਇਸ ਮਸਲੇ ਤੇ ਇਕ ਪੂਰੇ ਦਿਨ ਦਾ ਸੈਸ਼ਨ ਬੁਲਾਉਣਾ ਚਾਹੀਦਾ ਹੈ।

**ਡਾਕਟਰ ਬਲਬੀਰ ਸਿੰਘ (ਪਟਿਆਲਾ ਦਿਹਾਤੀ)**: ਧੰਨਵਾਦ ਸਪੀਕਰ ਸਾਹਿਬ। ਸਰਬੱਤ ਸਿਹਤ ਬੀਮਾ ਯੋਜਨਾ, ਪ੍ਰਧਾਨ ਮੰਤਰੀ ਅਰੋਗਿਆ ਯੋਜਨਾ ਇਹ ਨਾਮ ਬਹੁਤ ਚੰਗੇ ਲੱਗਦੇ ਹਨ ਪਰ ਪਿਛਲੀ ਸਰਕਾਰ ਨੇ ਦਸੰਬਰ ਦੇ ਵਿਚ ਇਨ੍ਹਾਂ ਯੋਜਨਾਵਾਂ ਨੂੰ ਖਤਮ ਕਰ ਦਿੱਤਾ। ਇਸ ਬਾਰੇ ਬਹੁਤ ਸਾਰੇ ਮੈਂਬਰਜ਼ ਅਵੇਅਰ ਹੋਣਗੇ ਕਿ ਉਨ੍ਹਾਂ ਸਕੀਮਾਂ ਦੇ ਪੰਜਾਬ ਵਿਚ 35-40 ਲੱਖ ਲਾਭਪਾਤਰੀ ਪਹਿਲਾਂ ਪ੍ਰਾਈਵੇਟ ਡਾਕਟਰਾਂ ਨੇ, ਫਿਰ ਵੱਡੇ ਵੱਡੇ ਨਿਜੀ ਹਸਪਤਾਲਾਂ ਅਤੇ ਨਰਸਿੰਗ ਹੋਮਜ਼ ਨੇ ਅਤੇ ਹੁਣ ਪੀ.ਜੀ.ਆਈ ਅਤੇ ਸੈਕਟਰ 32 ਹਸਤਪਾਲਾਂ ਨੇ ਵੀ ਇਨ੍ਹਾਂ ਯੋਜਨਾਵਾਂ ਦੇ ਮਰੀਜ਼ ਲੈਣੇ ਬੰਦ ਕਰ ਦਿੱਤੇ ਹਨ। ਉਹ ਲੋਕ ਹੁਣ ਕਿਤੇ ਨਹੀਂ ਜਾ ਸਕਦੇ। ਹਸਪਤਾਲ ਵੀ ਹੁਣ ਕਰਜ਼ਾਈ ਹੋ ਗਏ ਹਨ।

**ਅ.ਕ/ਬ.ਸ/4.50/28.6.2022**

ਇਹ ਇੱਕ ਬਹੁਤ urgent matter ਹੈ ਜਿਸ ਨੂੰ ਸਰਕਾਰ ਦੀ attention ਦੀ ਬਹੁਤ ਜ਼ਰੂਰਤ ਹੈ। ਦੂਸਰੀ ਗੱਲ ਇਹ ਹੈ ਕਿ ਮੈਂ ਪਟਿਆਲਾ ਦਿਹਾਤੀ ਤੋਂ ਆਉਂਦਾ ਹਾਂ ਜਿਹੜਾ ਕਿ ਸਾਬਕਾ ਲੋਕਲ ਬਾਡੀਜ਼ ਮਨਿਸਟਰ ਦਾ ਆਪਣਾ ਏਰੀਆ ਹੈ। ਉਹ 40 ਸਾਲ ਲਗਾਤਾਰ ਐਮ.ਐਲ.ਏ ਰਹੇ ਹਨ। ਸਿਰਫ ਇੱਕ ਵਾਰ ਹਾਰੇ ਹਨ। ਮੁੱਖ ਮੰਤਰੀ ਦਾ ਆਪਣਾ ਸ਼ਹਿਰ ਹੈ। ਮੇਰਾ ਇੱਕ ਪਿੰਡ ਝਿੱਲ ਹੈ, ਉਥੇ ਸੀਵਰੇਜ ਅਤੇ ਪੀਣ ਵਾਲੀ ਦੀ ਮਿਕਸਿੰਗ ਹੋਣ ਕਾਰਨ 350 ਬੰਦਾ ਬਿਮਾਰ ਪਿਆ ਹੈ। ਮੇਰੇ ਜਿਹੜੇ ਭਰਾ ਮੁਹੱਲਾ ਕਲੀਨਿਕਸ ਨੂੰ criticize ਕਰਦੇ ਹਨ, ਉਨ੍ਹਾਂ ਨੂੰ ਕਹੋ ਕਿ ਪਿੰਡ ਝਿੱਲ ਦੇ ਵਿੱਚ ਜਾ ਕੇ ਦੇਖੋ।ਅਸੀਂ ਉਥੇ ਪਹਿਲੇ ਹੀ ਦਿਨ ਡਾਕਟਰ ਅਤੇ ਦਵਾਈਆਂ ਦੇ ਨਾਲ Temporary Mohalla Clinic ਬਣਾ ਦਿੱਤਾ ਸੀ। ਇੱਕ ਵੀ ਮੌਤ ਅਸੀਂ ਹੋਣ ਨਹੀਂ ਦਿੱਤੀ। ਇਸੇ ਤਰ੍ਹਾਂ ਰਾਜਪੁਰਾ ਦੇ ਵਿੱਚ, ਇੱਥੇ ਮੈਡਮ ਨੀਨਾ ਜੀ ਇੱਥੇ ਬੈਠੇ ਹਨ। ਸ਼ਾਮਦੋ ਦੇ ਵਿੱਚ ਇਹੀ ਐਪੀਸੋਡ ਹੋਇਆ। ਮੈਂ ਆਪਣੇ ਭਰਾਵਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ we have inherited this, ਇਹ ਪਬਲਿਕ ਹੈਲਥ ਪ੍ਰਾਬਲਮ ਹੈ। ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਜਿਹੜਾ ਇਹ TertIry Care Hospital ਦਾ ਕਨਸੈਪਟ ਲੈ ਕੇ ਆਏ ਹਨ।

**ਮਾਨਯੋਗ ਸਪੀਕਰ:** ਤੁਸੀਂ ਜ਼ੀਰੋ ਆਵਰ ਵਿੱਚ immediate importance ਦਾ ਕੋਈ issue ਧਿਆਨ ਵਿੱਚ ਲਿਆਉਣਾ ਹੈ ਤਾਂ ਦੱਸੋ। ਹਾਂ ਜੀ ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਨਯੋਗ ਪੰਚਾਇਤ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਮੇਰੇ ਹਲਕੇ ਦਾ ਪਿੰਡ ਬੇਗੋਵਾਲ ਜਿੱਥੇ 100 ਸਾਲ ਤੋਂ ਜਿਹੜੇ ਸਾਰੇ ਪਰਿਵਾਰਾਂ ਨੇ ਉਥੇ ਰਹਿ ਕੇ ਜ਼ਮੀਨ ਆਬਾਦ ਕੀਤੀ, ਇਸ ਦੌਰਾਨ ਜਿਹੜੀਆਂ ਜ਼ਮੀਨਾਂ ਪੱਕੀਆਂ ਵੀ ਹੋਈਆਂ ਪਰ ਉਹ ਭੋਲੇ-ਭਾਲੇ ਲੋਕ ਇਹ ਕੰਮ ਨਹੀਂ ਕਰਵਾ ਸਕੇ। ਮੇਰੀ ਇਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਮੰਤਰੀ ਸਾਹਿਬ ਕਰਨ।

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਸਪੀਕਰ ਸਾਹਿਬ, ਬੜਾ ਜ਼ਰੂਰੀ ਮੁੱਦਾ ਹੈ। ਰਾਤ ਸਾਢੇ 10 ਵਜੇ ਦੀ ਘਟਨਾ ਹੈ, ਮੈਂ ਆਪਣੇ ਘਰ ਵਿੱਚ ਸੀ।ਬਾਹਰ ਕਾਫੀ ਉੱਚੀ ਆਵਾਜ਼ ਆਈ ਤੇ ਮੈਂ ਉਠ ਕੇ ਬਾਹਰ ਗਿਆ। ਮੇਰਾ ਘਰ ਜਿਹੜਾ ਕਿ ਤੁਹਾਡੀ ਕਿਰਪਾ ਨਾਲ ਮਿਲਿਆ ਹੈ ਉਹ ਸੜਕ ਦੇ ਨਾਲ ਹੈ। ਇੱਕ ਇੰਡੀਕਾ ਗੱਡੀ ਦਰਖਤ ਦੇ ਵਿੱਚ ਵੱਜੀ। ਉਸ ਵਿੱਚ ਪੰਜ ਜਣੇ ਸਵਾਰ ਸਨ। ਅਸੀਂ ਦੌੜ ਕੇ ਗਏ। ਉਨ੍ਹਾਂ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ। ਕਿਸੇ ਦਾ ਜਾਨੀ ਨੁਕਸਾਨ ਤਾਂ ਹੋਇਆ ਨਹੀਂ ਸੀ। ਉਸ ਗੱਡੀ ਦੇ

ਵਿਚ ਸਰਦਾਰ ਅਜਮੇਰ ਸਿੰਘ ਨਾਂ ਦਾ ਇੱਕ ਵਿਅਕਤੀ ਸੀ। ਉਸ ਨੂੰ ਬਾਹਰ ਕੱਢਿਆ, ਪਾਣੀ ਪਿਲਾਇਆ, ਉਸ ਦੀ ਅੱਖ ਤੇ ਸੱਟ ਵੱਜੀ ਸੀ ਨਾਲ ਹੀ ਹਰਿਆਣਾ ਦੀ ਡਿਸਪੈਂਸਰੀ ਸੀ ਉਥੇ ਲੈ ਕੇ ਗਿਆ। ਗੱਡੀ ਤਾਂ ਹਾਲੇ ਵੀ ਫਲੈਟ ਦੇ ਬਾਹਰ ਖੜੀ ਹੈ। ਸਰਕਾਰ ਅਜਮੇਰ ਸਿੰਘ ਕੱਚਾ ਅਧਿਆਪਕ ਯੂਨੀਅਨ ਦਾ ਪ੍ਰਧਾਨ ਹੈ। ਉਨ੍ਹਾਂ ਨੂੰ ਕਿਤੇ 27 ਨਵੰਬਰ, ਸਾਲ 2021 ਨੂੰ ਜਦੋਂ ਉਹ ਧਰਨੇ ਤੇ ਬੈਠੇ ਸਨ, ਸਾਡੀ ਸਰਕਾਰ ਤੋਂ ਦੁਖੀ, ਉਨ੍ਹਾਂ ਨੇ ਪੱਕੇ ਹੋਣਾ ਸੀ। ਮਾਨਯੋਗ ਕੇਜਰੀਵਾਲ ਸਾਹਿਬ ਅਤੇ ਮਾਨਯੋਗ ਭਗਵੰਤ ਮਾਨ ਜੀ ਉਥੇ ਗਏ ਸੀ, ਉਹ ਮੈਨੂੰ ਫੋਟੋਆਂ ਦੇ ਕੇ ਗਏ ਕਿ ਇਹ ਉਥੇ ਗਏ ਸੀ। ਉਸ ਤੋਂ ਬਾਅਦ ਉਹ ਹੁਣ ਨਿਰੰਤਰ ਸਮਾਂ ਮੰਗ ਰਹੇ ਹਨ, ਸੜ੍ਹਕਾਂ ਤੇ ਤੁਰੇ ਫਿਰਦੇ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਦੀਆਂ ਮਜਬੂਰੀਆਂ ਹੁੰਦੀਆ ਹਨ। ਲੇਕਿਨ ਉਨ੍ਹਾਂ ਨੂੰ ਮਿਲ ਲਿਆ ਜਾਵੇ ਅਤੇ ਉਨ੍ਹਾਂ ਦੀ ਗੱਲ ਸੁਣ ਲਈ ਜਾਵੇ। ਕਮ-ਸੇ-ਕਮ ਜੇਕਰ ਪੱਕੇ ਨਹੀਂ ਕੀਤਾ ਜਾ ਸਕਦਾ ਤਾਂ ਉਨ੍ਹਾਂ ਦੀ ਜਿਹੜੀ ਤਨਖਾਹ ਜਿਹੜੀ ਕਿ ਸੱਤ ਅੱਠ ਹਜ਼ਾਰ ਹੀ ਹੈ, ਉਨ੍ਹਾਂ ਨਾਲ ਇਹ ਵੀ ਵਾਅਦਾ ਕੀਤਾ ਗਿਆ ਸੀ ਕਿ ਤੁਹਾਡੀ 40 ਹਜ਼ਾਰ ਰੁਪਏ ਤਨਖਾਹ ਕਰ ਦਿੱਤੀ ਜਾਵੇਗੀ। ਜਦੋਂ ਸਰਕਾਰ ਦੀ ਪੱਕੀ ਕੋਈ ਵਿਉਂਤਬੰਦੀ ਬਣੇਗੀ ਉਦੋਂ ਕਰ ਲੈਣਾ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਉਸ ਵਿਚਾਰੇ ਦਾ ਪਤਾ ਵੀ ਲੈ ਲਿਆ ਜਾਵੇ ਤੇ ਉਨ੍ਹਾਂ ਨੂੰ ਟਾਈਮ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਕੁਝ ਹੌਸਲਾ ਵੀ ਮਿਲੇ।

**ਸ੍ਰੀ ਮਦਨ ਲਾਲ ਬੱਗਾ (ਲੁਧਿਆਣਾ ਉੱਤਰੀ):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਟਾਈਮ ਦਿੱਤਾ। ਹਾਊਸ ਦੇ ਵਿਚ ਕਈ ਮੈਂਬਰਾਂ ਨੇ ਪੰਜਾਬ ਦੇ ਪੋਲਿਊਟਡ ਪਾਣੀ ਦੀ ਗੱਲ ਕੀਤੀ ਹੈ। ਖਾਸ ਤੌਰ ਤੇ ਮੁੱਖ ਮੁੱਦਾ ਬੁੱਢਾ ਨਾਲਾ ਹੀ ਹੈ। ਸਾਡੇ ਲੁੱਧਿਆਣਾ ਸ਼ਹਿਰ ਦੇ 5 ਹਲਕੇ ਅਜਿਹੇ ਨੇ ਜਿਸ ਵਿੱਚੋਂ ਦੀ ਬੁੱਢਾ ਨਾਲਾ ਲੰਘ ਕੇ ਜਾ ਰਿਹਾ ਹੈ। ਕਈ ਮੌਜੂਦਾ ਅਤੇ ਪੁਰਾਣੀਆਂ ਸਰਕਾਰਾਂ ਨੇ ਟਾਈਮ ਟੂ ਟਾਈਮ ਪੱਥਰ ਵੀ ਲਗਾਏ। ਫੰਡਜ਼ ਵੀ ਅਲਾਟ ਕੀਤੇ ਪਰ ਕਿਤੇ ਨਾ ਕਿਤੇ ਜਿੱਥੇ ਜਿੱਥੇ ਬੁੱਢਾ ਨਾਲਾ ਲੰਘ ਕੇ ਜਾ ਰਿਹਾ ਉਥੋਂ ਦੇ ਵੱਸੋਂ ਵਾਲੇ ਇਲਾਕੇ ਜਿੰਨੇ ਵੀ ਨੇ ਉਥੇ ਪੀਲੀਏ ਵਰਗੀਆਂ ਬਿਮਾਰੀਆਂ, ਪੇਟ ਦੀਆਂ ਬਿਮਾਰੀਆਂ, ਕੈਂਸਰ ਦੀਆਂ ਬਿਮਾਰੀਆਂ ਬਹੁਤ ਹੋ ਰਹੀਆਂ ਹਨ। ਬਰਾੜ ਸਾਹਿਬ ਨੇ ਵੀ ਦੱਸਿਆ, ਗਰੇਵਾਲ ਸਾਹਿਬ ਨੇ ਵੀ ਦੱਸਿਆ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਸਾਨੂੰ ਪਤਾ ਹੈ ਕਿ ਬੁੱਢੇ ਨਾਲੇ ਕਰਕੇ ਪਾਣੀ ਪੌਲਿਉਟਡ ਹੋ ਰਿਹਾ ਹੈ ਤਾਂ ਸਪੀਕਰ ਸਾਹਿਬ ਸਾਨੂੰ ਹਾਊਸ ਦੀ ਇਕ ਕਮੇਟੀ ਬਣਾ ਦੇਣੀ ਚਾਹੀਦੀ ਹੈ, ਜਿਹੜੀ ਕਮੇਟੀ ਉਸ ਚਲਦੇ ਕੰਮ ਨੂੰ ਦੇਖੇ। ਜਿਹੜੇ ਪਿਛਲੇ ਕੰਮ ਨੇ ਉਨ੍ਹਾਂ ਨੂੰ ਛੱਡ ਦੇਈਏ। ਆਪਾਂ ਟਾਈਮ ਟੂ ਟਾਈਮ ਉਨ੍ਹਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਹਨ, ਸਾਡੇ 5 ਹਲਕੇ ਹਨ।

4.55 / 28.06.2022 **(AS) ਤਰਲੋਚਨ ਸਿੰਘ / ਬਰਿੰਦਰਾ ਸਿੰਘ**

ਅਸੀਂ ਲੋਕਾਂ ਨੂੰ ਇਹੀ ਕਹਿ ਕੇ ਆਏ ਹਾਂ ਕਿ ਤੁਹਾਨੂੰ ਵੱਡੀ ਰਾਹਤ ਦਿਵਾਵਾਂਗੇ। ਮੇਰੀ ਬੇਨਤੀ ਹੈ ਕਿ ਇਸ ਹਾਊਸ ਦੀ ਇੱਕ ਨਿਗਰਾਨ ਕਮੇਟੀ ਬਣਾ ਦਿਉ, ਜਿਹੜੀ ਕਿ ਟਾਈਮ ਟੂ ਟਾਈਮ ਬੁੱਢੇ ਨਾਲੇ ਦਾ ਕੰਮ ਚੈੱਕ ਕਰੇ। ਇਹ ਬੁੱਢਾ ਨਾਲਾ ਕਿਸੇ ਵੇਲੇ ਬੁੱਢਾ ਦਰਿਆ ਹੁੰਦਾ ਸੀ। ਸਾਡੇ ਬਜ਼ੁਰਗਾਂ ਨੇ ਇੱਥੇ ਕਈ ਤਿਉਹਾਰ ਵੀ ਮਨਾਏ ਹਨ। ਇਸ ਨੂੰ ਅਣਗੌਲਿਆ ਕੀਤਾ ਗਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਬਣੀ ਹੈ, ਇਸ ਲਈ ਪਹਿਲਕਦਮੀ ਕਰਦੇ ਹੋਏ ਤੁਹਾਡੇ ਵੱਲੋਂ ਹਾਊਸ ਦੀ ਕੋਈ ਕਮੇਟੀ ਬਣਾਈ ਜਾਵੇ ਜਿਸ ਵੱਲੋਂ ਨਿਗਰਾਨੀ ਕਰਕੇ ਇਸ ਬੁੱਢੇ ਨਾਲੇ ਦਾ ਕੰਮ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ। ਵਿੱਤ ਮੰਤਰੀ ਸਾਹਿਬ ਨੇ ਵੀ ਇਸ ਵਾਸਤੇ ਫੰਡ ਰਾਖਵੇਂ ਰੱਖੇ ਹਨ, ਉਨ੍ਹਾਂ ਦਾ ਬਹੁਤ ਧੰਨਵਾਦ ਹੈ। ਮੈਂ ਚਾਹੁੰਦਾ ਹਾਂ ਕਿ ਹਾਊਸ ਦੀ ਇੱਕ ਕਮੇਟੀ ਇਸ ਕੰਮ ਦੀ ਦੇਖ ਰੇਖ ਕਰੇ।

----

## CONSTITUTION OF THE COMMITTEE OF THE HOUSE ON BUDDHA NALA

**ਮਾਨਯੋਗ ਸਪੀਕਰ** : ਬੁੱਢਾ ਨਾਲਾ ਤਾਂ ਪੰਜਾਬ ਲਈ ਹੁਣ ਇੱਕ ਸਰਾਪ ਬਣਿਆ ਹੋਇਆ ਲੱਗਦਾ ਹੈ। ਮੈਂ ਮੈਂਬਰ ਸਾਹਿਬ ਦੀ ਮੰਗ ਦੇ ਨਾਲ ਸਹਿਮਤ ਹਾਂ। ਜੇ ਹਾਊਸ ਇਸ ਦੀ ਇਜਾਜ਼ਤ ਦੇਵੇ ਅਤੇ ਇਸ ਨੂੰ ਮਨਜ਼ੂਰ ਕਰੇ ਤਾਂ ਕੀ ਬੁੱਢਾ ਨਾਲਾ ਵਾਸਤੇ ਹਾਊਸ ਦੀ ਇੱਕ ਕਮੇਟੀ ਦੀ ਗਠਨ ਕੀਤਾ ਜਾਵੇ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਠੀਕ ਹੈ ਜੀ।

----

## MATTERS RAISED DURING ZERO HOUR *(Resumption)*

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਬਹੁਤ ਮਿਹਰਬਾਨੀ, ਸਪੀਕਰ ਸਾਹਿਬ। ਜਿਸ ਤਰ੍ਹਾਂ ਤੁਸੀਂ ਬੁੱਢੇ ਨਾਲੇ ਦਾ ਜ਼ਿਕਰ ਕੀਤਾ ਹੈ, ਤੁਹਾਡਾ ਬਹੁਤ ਅੱਛਾ ਸੁਜੈਸ਼ਨ ਹੈ। ਮੈਂ ਇਸੇ ਤਰ੍ਹਾਂ ਦਾ ਇੱਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿਉਂਕਿ ਜ਼ਿਆਦਾਤਰ ਐਮ.ਐਲ.ਏ. ਪਹਿਲੀ ਵਾਰ ਇਲੈਕਟ ਹੋ ਕੇ ਆਏ ਹਨ। ਇਕ Constitution of Protocol Committee ਹੈ। ਮੈਂ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ਗਰਵਰਫਰ; ਦੇ ਮੁਤਾਬਕ ਤੁਸੀਂ ਚੀਫ ਸੈਕਟਰੀ ਤੋਂ ਉਤੇ ਹੋ। ਤੁਹਾਡੀ ਸੁਣਵਾਈ, ਤੁਹਾਡੀ ਮਤਲਬ ਮੈਂ ਆਪਾਂ ਸਾਰਿਆਂ ਦੀ ਗੱਲ ਕਰ ਰਿਹਾ ਹਾਂ ਕਿਤੇ ਤੁਸੀਂ ਸਿਰਫ ਆਪਣੀ ਨਾ ਸਮਝ ਲੈਣਾ। ਬਹੁਤਿਆਂ ਦੀ

ਕੋਈ ਸੁਣਵਾਈ ਹੈ ਨਹੀਂ। Responsive Bureaucracy ਨਹੀਂ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਇਨ੍ਹਾਂ ਨੂੰ ਰਿਸਪਾਂਸਿਵ ਕਰਨ ਵਾਸਤੇ ਇੱਕ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਨੂੰ Protocol Committee ਕਿਹਾ ਜਾਂਦਾ ਹੈ। 2014 ਵਿੱਚ ਲੋਕ ਸਭਾ ਵਿੱਚ ਬਣ ਚੁੱਕੀ ਹੈ, ਫਿਰ ਹਰਿਆਣਾ ਵਿਧਾਨ ਸਭਾ ਨੇ ਬਣਾਈ ਹੈ। ਤੁਹਾਡਾ ਕੋਈ ਡਰ ਖੌਫ ਤੇ ਹੋਵੇ। ਤੁਸੀਂ ਚਿੱਠੀਆਂ ਲਿਖਦੇ ਹੋ ਤਾਂ ਕੋਈ ਜਵਾਬ ਨਹੀਂ ਦਿੰਦਾ, ਤੁਸੀਂ ਫੋਨ ਕਰਦੇ ਹੋ ਤਾਂ ਨਾ ਕੋਈ ਫੋਨ ਅਟੈਂਡ ਕਰਦਾ ਹੈ ਨਾ ਵਾਪਸ ਫੋਨ ਕਰਦਾ ਹੈ। ਕੋਈ ਤੁਹਾਡਾ ਡਰ ਖੌਫ ਤੇ ਹੋਵੇ। ਸਪੀਕਰ ਸਾਹਿਬ, ਤੁਹਾਡੀਆਂ ਚਿੱਠੀਆਂ ਜਾਂਦੀਆਂ ਹਨ, ਇਨ੍ਹਾਂ ਨੇ ਉਸ ਦਾ ਕਦੇ ਜਵਾਬ ਨਹੀਂ ਦਿੱਤਾ। ਅਸੀਂ ਬਹਿਸ ਕਰ ਰਹੇ ਹਾਂ। ਹੁਣ ਚੀਫ ਸੈਕਟਰੀ ਸਾਹਿਬ ਬੈਠੇ ਹਨ, ਬਾਕੀ ਬਹੁਤ ਸਾਰੇ ਰਿਸਪਾਂਸੀਬਲ ਬੰਦੇ they are not even in the box listening to the House. ਮੇਰੀ ਗੁਜ਼ਾਰਿਸ਼ ਹੈ ਕਿ ਥੋੜ੍ਹੀ ਜਿਹੀ ਇਨ੍ਹਾਂ ਦੀ ਵੀ ਕਦਮ ਤਾਲ ਕਰਵਾਈਏ। ਆਪਣੀ ਤਾਂ ਹੁੰਦੀ ਰਹਿੰਦੀ ਹੈ। ਇੱਕ ਦੂਜੇ ਦੇ ਗਲ ਪੈਂਦੇ ਰਹਿੰਦੇ ਹਾਂ, ਇੱਕ ਦੂਜੇ ਦੀਆਂ ਦਸਤਾਰਾਂ ਲਾਹੁੰਦੇ ਰਹਿੰਦੇ ਹਾਂ। ਇਸ ਕਰਕੇ ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ Protocol Committee be constituted and for which they have to be held responsible. ਮੈਂਬਰਾਂ ਨੂੰ ਇੱਜ਼ਤ ਮਾਣ ਸਨਮਾਨ ਮਿਲੇ, ਇਹ ਦੋ ਦੋ ਲੱਖ ਵੋਟਰਾਂ ਵਿੱਚੋਂ ਜਿੱਤ ਕੇ ਆਉਂਦੇ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਜਿਸ ਤਰ੍ਹਾਂ ਪਹਿਲਾਂ ਸ਼ੁਭ ਕੰਮ ਕੀਤਾ ਹੈ, ਇਹ ਵੀ ਬਣਾਉ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ** : ਇਹ ਜ਼ਰੂਰੀ ਹੈ।

**Sardar Partap Singh Bajwa :** Kindly do it. Moreover, it has already been done by the Haryana Vidhan Sabha. 2014 ਵਿੱਚ ਲੋਕ ਸਭਾ ਵਿੱਚ ਵੀ ਆਲਰੇਡੀ ਬਣੀ ਹੈ। ਤੁਸੀਂ ਵੀ ਬਣਾਉ। ਦੇਖੋ, ਪੁਰਾਣੇ ਵਕਤ ਜਿਹੜੇ initll Houses ਹਨ, ਲੋਕ ਸਭਾ ਜਾਂ ਪੰਜਾਬ ਅਸੈਂਬਲੀ ਵਿੱਚ ਵੀ ਦੇਖਦੇ ਸੀ ਕਿ ਜੇ ਕੋਈ ਐਮ.ਐਲ.ਏ. ਚਿੱਠੀ ਪਾਉਂਦਾ ਸੀ ਤਾਂ ਦੂਜੇ, ਚੌਥੇ ਦਿਨ ਜਵਾਬ ਆ ਜਾਂਦਾ ਸੀ। ਤੁਸੀਂ ਕਿਸੇ ਨੂੰ ਫੋਨ ਕਰਕੇ ਦੇਖ ਲਉ, ਜੇਕਰ ਵਾਪਸ ਆ ਜਾਵੇ ਤਾਂ। ਕਿਸੇ ਮੰਤਰੀ ਨੂੰ ਭਾਵੇਂ ਜਵਾਬ ਦੇ ਦੇਣ ਪਰ ਹੋਰ ਕਿਸੇ ਨੂੰ ਰਿਸਪਾਂਸਿਵ ਨਹੀਂ ਹਨ।

**ਮਾਨਯੋਗ ਸਪੀਕਰ :** ਠੀਕ ਹੈ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਸ ਨੂੰ ਸੋਚ ਅਧੀਨ ਨਾ ਰੱਖੋ, ਇਸ ਨੂੰ ਕਰ ਦਿਉ। ਬਹੁਤ ਮਿਹਰਬਾਨੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ)** : ਸਪੀਕਰ ਸਾਹਿਬ, ਜਿੰਨੀ ਬਾਜਵਾ ਸਾਹਿਬ ਪ੍ਰਾਬਲਮ ਦੱਸ ਰਹੇ ਹਨ, ਇੰਨੀ ਹੈ ਨਹੀਂ। ਜੇ ਇਸ ਤਰ੍ਹਾਂ ਆਪਾਂ ਕਮੇਟੀਆਂ ਬਣਾਉਣ ਲੱਗੇ ਤਾਂ ਕੱਲ੍ਹ ਨੂੰ ਡੀ.ਸੀ./ਐਸ.ਐਸ.ਪੀ. ਲਈ, ਫਿਰ ਬਲਾਕ ਪੱਧਰ ਤੇ ਕਮੇਟੀਆਂ ਬਣਾਵਾਂਗੇ। ਇਹ ਠੀਕ ਨਹੀਂ ਹੈ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੁਲਦੀਪ ਜੀ ਤੁਸੀਂ ਮਨਿਸਟਰ ਹੋ, ਤੁਹਾਨੂੰ ਜਵਾਬਦੇਹ ਹੋਣਗੇ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਆਪਸ ਵਿੱਚ ਬਹਿਸ ਰਹੇ ਸਨ।)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਮੇਰੀ ਬਾਜਵਾ ਸਾਹਿਬ ਨੂੰ ਬੇਨਤੀ ਹੈ ਕਿ ਜੇ ਤੁਹਾਡੀ ਕਿਤੇ ਸੁਣਵਾਈ ਨਹੀਂ, ਕਿਸੇ ਅਫ਼ਸਰ ਨੇ ਨਹੀਂ ਸੁਣੀ ਤਾਂ ਤੁਸੀਂ ਲਿਖ ਕੇ ਭੇਜੋ, ਅਸੀਂ ਪਤਾ ਕਰਵਾ ਲਵਾਂਗੇ ਕਿਉਂ ਨਹੀਂ ਸੁਣਵਾਈ ਹੋਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੁਲਦੀਪ ਜੀ ਤੁਹਾਡੀ ਗੱਲ ਨਹੀਂ ਕਰ ਰਿਹਾ। ਮੈਂ ਸਾਰੇ ਹਾਊਸ ਦੀ ਗੱਲ ਕਰ ਰਿਹਾ ਹਾਂ। (ਵਿਘਨ) (ਸ਼ੋਰ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** : ਕੋਈ ਗੱਲ ਨਹੀਂ ਜੀ, ਸਾਰਾ ਹਾਊਸ ਠੀਕ ਹੈ। (ਵਿਘਨ) (ਸ਼ੋਰ) ਕੋਈ ਗੱਲ ਨਹੀਂ, ਤੁਸੀਂ ਹਾਊਸ ਦੀ ਬਹੁਤੀ ਚਿੰਤਾ ਨਾ ਕਰੋ। ਤੁਸੀਂ ਆਪਣੀ ਚਿੰਤਾ ਕਰੋ। ਜੇਕਰ ਤੁਹਾਡੀ ਸੁਣਵਾਈ ਨਹੀਂ ਹੁੰਦੀ ਤਾਂ ਦੱਸੋ। ਅਸੀਂ ਉਨ੍ਹਾਂ ਨੂੰ ਕਹਾਂਗੇ। (ਵਿਘਨ) (ਸ਼ੋਰ) ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ ਕਿ ਮਾਨ ਸਾਹਿਬ ਦੀ ਸਰਕਾਰ ਦੀ ਗੱਲ ਬਿਊਰੋਕਰੇਸੀ ਨਹੀਂ ਮੰਨਦੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬਾਜਵਾ ਸਾਹਿਬ।

**Sardar Partap Singh Bajwa:** They should be responsive to the Elected Representatives. (ਵਿਘਨ) (ਸ਼ੋਰ)

**ਮ/ਰ.ਕ./5.00/28.06.2022**

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ :** ਜਿਹੜੇ ਮਾਨ ਸਰਕਾਰ ਦੇ ਅਫਸਰ ਹਨ, ਉਹ ਠੀਕ ਥਾਂ ਤੇ ਲਗਾਏ ਹਨ ਤੇ ਉਹ ਠੀਕ ਕੰਮ ਕਰਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਕਿਹੜਾ ਕਿਹਾ ਹੈ ਕਿ ਕਿਸੇ ਅਫਸਰ ਨੂੰ ਬਦਲੋ। ਤੁਹਾਨੂੰ ਸਵਾਲ ਹੀ ਸਮਝ ਵਿੱਚ ਨਹੀਂ ਆ ਸਕਿਆ ਹੈ। (ਵਿਘਨ)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਸਪੀਕਰ ਸਾਹਿਬ, ਜਿਸ ਦੀ ਜਵਾਬਦੇਹੀ ਨਹੀਂ ਹੋਈ, ਐਮ.ਐਲ.ਏ. ਸਾਹਿਬ ਉਹ ਲਿਖ ਕੇ ਦੇ ਦੇਣ, ਅਸੀਂ ਦੇਖ ਲਵਾਂਗੇ।

**ਮਾਨਯੋਗ ਸਪੀਕਰ:** ਧਾਲੀਵਾਲ ਸਾਹਿਬ, ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਚਲੋ ਠੀਕ ਹੈ, ਜੇ ਤੁਹਾਨੂੰ ਇਸੇ ਨਾਲ ਖੁਸ਼ੀ ਹੈ ਤਾਂ ਟਿਕੇ ਰਹੋ। ਨਹੀਂ ਤਾਂ ਫਿਰ ਤੁਸੀਂ ਵੀ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਆ ਕੇ ਬੈਠ ਜਾਓਗੇ। (ਵਿਘਨ) ਤੁਸੀਂ ਤਾਂ ਇਨ੍ਹਾਂ ਨੂੰ ਹੁਕਮ ਜਾਰੀ ਕਰ ਦਿਓ ਕਿ ਕਿਸੇ ਦੀ ਸੁਣਵਾਈ ਨਹੀਂ ਕਰਨੀ।

**ਮਾਨਯੋਗ ਸਪੀਕਰ:** ਬਾਜਵਾ ਜੀ, ਬਾਜਵਾ ਜੀ, ਤੁਸੀਂ ਮਾਨਯੋਗ ਹੋ, ਬੈਠੋ। ਬੈਠੋ, ਬੈਠੋ, ਬਾਜਵਾ ਜੀ। ਅਮਨ ਜੀ।

**ਸ਼੍ਰੀ ਅਮਨ ਅਰੋੜਾ (ਸੁਨਾਮ)**: ਸਰ, ਮੈਂ ਬਾਜਵਾ ਸਾਹਿਬ ਦੇ ਜਾਂ ਕਿਸੇ ਵੀ ਮੈਂਬਰ ਦੇ ਸੈਂਟੀਮੈਂਟਸ ਨੂੰ ਗਲਤ ਨਹੀਂ ਕਹਿ ਰਿਹਾ ਹਾਂ, ਹਰੇਕ ਦੇ ਸੈਂਟੀਮੈਂਟਸ ਆਪਣੀ ਜਗ੍ਹਾ ਤੇ ਬਿਲਕੁਲ ਸਹੀ ਹਨ। ਜਦੋਂ ਅਸੀਂ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹੁੰਦੇ ਸੀ ਤਾਂ ਅਸੀਂ ਵੀ ਇਹ ਗੱਲ ਕਹਿੰਦੇ ਰਹੇ ਹਾਂ। ਪਰ ਇੱਥੇ ਤਾਂ ਰਾਮ ਰੌਲਾ ਪਾਉਣ ਦਾ ਕੋਈ ਫਾਇਦਾ ਨਹੀਂ ਹੈ। ਇਹ ਤਾਂ ਤੁਸੀਂ ਆਪਣੀ ਬੀ.ਏ.ਸੀ. ਦੇ ਲੈਵਲ ਤੇ ਕਰ ਲਓ ਪਰ ਜੇ ਕੋਈ ਇਸ ਤਰੀਕੇ ਦੀ ਪ੍ਰੋਬਲਮ ਆਉਂਦੀ ਹੈ, no doubt ਕਈ ਵਾਰੀ ਆ ਵੀ ਜਾਂਦੀ ਹੈ ਪਰ ਇਸ ਵਿੱਚ ਜੇ ਕੋਈ ਬਿਊਰੋਕ੍ਰੇਸੀ ਜਾਂ ਅਫਸਰਸ਼ਾਹੀ ਦਾ ਪਿਛਲਾ ਮਾਇੰਡਸੈੱਟ ਚਲਿਆ ਆਉਂਦਾ ਹੈ ਤਾਂ ਉਸ ਅਫਸਰਸ਼ਾਹੀ ਦਾ ਮਾਇੰਡਸੈੱਟ ਹੁਣ ਬੜਾ ਕਲੀਅਰ ਹੈ ਕਿਉਂਕਿ ਹੁਣੇ ਹੁਣੇ ਜਦੋਂ ਸੰਦੀਪ ਜੀ ਨੇ ਬੱਸ ਸਟੈਂਡ ਦੀ ਗੱਲ ਕੀਤੀ ਸੀ ਤਾਂ ਤੁਹਾਡੇ ਸਾਹਮਣੇ ਸੀ.ਐਮ. ਸਾਹਿਬ ਕਹਿ ਕੇ ਗਏ ਹਨ। ਸਰ, ਇਸ ਤੋਂ ਵੱਡੀ ਗੱਲ ਇੱਕ ਮੁੱਖ ਮੰਤਰੀ ਕੀ ਕਹੇਗਾ ਜੇ ਉਹ ਕਹਿ ਕੇ ਗਏ ਹਨ ਕਿ ਮੈਂ ਉਦਘਾਟਨ ਤੁਹਾਡੇ ਤੋਂ ਕਰਵਾਵਾਂਗਾ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਸ ਪਾਸੇ ਇਹੋ ਜਿਹੀ ਕੋਈ ਗੱਲ ਨਹੀਂ ਹੈ ਪਰ ਫਿਰ ਵੀ ਜੇ ਕੁਝ ਲਗਦਾ ਹੈ ਤਾਂ ਤੁਸੀਂ ਬੀ.ਏ.ਸੀ. ਵਿੱਚ ਸੀ.ਐਮ. ਸਾਹਿਬ ਤੇ ਬਾਜਵਾ ਸਾਹਿਬ ਨਾਲ ਡਿਸਕਸ਼ਨ ਕਰ ਲੈਣਾ ਤਾਂ ਜੋ ਵੀ consensus ਬਣੇਗਾ ਤਾਂ ਠੀਕ ਹੈ, ਸਾਨੂੰ ਕੋਈ ਦਿੱਕਤ ਨਹੀਂ ਹੈ ਜੀ। ਧੰਨਵਾਦ।

----

## CALLING ATTENTION NOTICES UNDER RULE 66

**(ਕ੍ਰਮ ਨੰ: 17)**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋ ਸਕਿਆ।)

----

**(ਕ੍ਰਮ ਨੰ: 21)**

**ਡਾਕਟਰ ਕਸ਼ਮੀਰ ਸਿੰਘ ਸੋਹਲ:** ਧੰਨਵਾਦ ਸਪੀਕਰ ਸਾਹਿਬ। ਮਾਨਯੋਗ ਸਪੀਕਰ ਸਾਹਿਬ, ਮੈਂ ਧਿਆਨ ਦਿਵਾਊ ਨੋਟਿਸ ਤੋਂ ਪਹਿਲਾਂ ਇੱਕ ਜ਼ੀਰੋ ਆਵਰ ਦਾ ਬਹੁਤ ਜ਼ਰੂਰੀ ਮਸਲਾ ਆਪ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਹੁਣ ਜ਼ੀਰੋ ਆਵਰ ਨਹੀਂ ਹੋਣਾ ਹੈ ਜੀ। ਕੀ ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹਨੀ ਚਾਹੁੰਦੇ ਹੋ?

**ਡਾਕਟਰ ਕਸ਼ਮੀਰ ਸਿੰਘ ਸੋਹਲ:** ਕਿਉਂਕਿ ਮੈਂ ਸਵੇਰ ਦੇ ਸੈਸ਼ਨ ਵਿੱਚ ਵੀ, ਹੁਣ ਦੇ ਸੈਸ਼ਨ ਵਿੱਚ ਵੀ, ਜ਼ੀਰੋ ਆਵਰ ਦੌਰਾਨ ਹੱਥ ਖੜ੍ਹਾ ਕਰਦਾ ਰਿਹਾ ਹਾਂ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਕੀ ਤੁਸੀਂ ਕਾਲ ਅਟੈਨਸ਼ਨ ਤੇ ਕੁਝ ਕਹਿਣਾ ਚਾਹੁੰਦੇ ਹੋ?

**ਡਾਕਟਰ ਕਸ਼ਮੀਰ ਸਿੰਘ ਸੋਹਲ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਅਰਥਾਤ ਤਰਨਤਾਰਨ ਸ਼ਹਿਰ ਵਿੱਚੋਂ ਕਸੂਰ ਨਾਲਾ ਨਾਂ ਦਾ ਇੱਕ ਬਰਸਾਤੀ ਨਾਲਾ ਮਤਲਬ ਰੋਹੀ ਨਿਕਲਦੀ ਹੈ। ਜਿਸ ਵਿੱਚ ਬਰਸਾਤੀ ਪਾਣੀ ਤੋਂ ਇਲਾਵਾ ਕੁਝ ਪਿੰਡਾਂ ਤੇ ਸ਼ਹਿਰਾਂ ਦਾ ਗੰਦਾ ਪਾਣੀ ਵੀ ਪੈਂਦਾ ਹੈ। ਇਹ ਰੋਹੀ ਉੱਪਰ ਗੈਰ ਤਕਨੀਕੀ ਢੰਗ ਨਾਲ ਬਣੇ ਪੁੱਲ ਕਾਰਨ ਪਾਣੀ ਨੂੰ ਡਾਫ ਲਗਦੀ ਹੈ। ਜਿਸ ਕਾਰਨ ਕਈ ਫੁੱਟ ਡੂੰਘਾ ਗੰਦਾ ਪਾਣੀ ਰੋਹੀ ਵਿੱਚ ਖੜ੍ਹਾ ਰਹਿੰਦਾ ਹੈ। ਇਹ ਗੰਦਾ ਪਾਣੀ ਬਦਬੂ ਮਾਰਦਾ ਹੈ। ਮੱਖੀਆਂ, ਮੱਛਰ ਦੀ ਭਰਮਾਰ ਰਹਿੰਦੀ ਹੈ। ਮੱਛਰ ਕਾਰਨ ਪਿਛਲੇ ਕੁਝ ਸਾਲਾਂ ਤੋਂ ਤਰਨਤਾਰਨ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਡੇਂਗੂ ਬੁਖਾਰ ਦਾ ਬਹੁਤ ਕਹਿਰ ਵਰ੍ਹਿਆ। ਤਰਨਤਾਰਨ ਦਾ ਜ਼ਿਲ੍ਹਾ ਹਸਪਤਾਲ ਵੀ ਇਸ ਰੋਹੀ ਕੰਢੇ ਸਥਿਤ ਹੋਣ ਕਰਕੇ ਇਸ ਹਸਪਤਾਲ ਆਉਣ ਵਾਲੇ ਮਰੀਜਾਂ ਲਈ ਵੀ ਸਿਰ ਦਰਦੀ ਦਾ ਕਾਰਨ ਹੈ। ਲੋਕਾਂ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ।

ਪਿਛਲੀਆਂ ਸਰਕਾਰਾਂ ਦੇ ਧਿਆਨ ਵਿੱਚ ਲਿਆਉਣ ਤੋਂ ਇਲਾਵਾ ਡਰੇਨੇਜ਼ ਵਿਭਾਗ ਨੇ ਤਜਵੀਜ਼ ਵੀ ਬਣਾ ਕੇ ਭੇਜੀ ਪਰ ਮਾਮਲੇ ਦਾ ਹੱਲ ਨਾ ਹੋਇਆ। ਇਸ ਮਾਮਲੇ ਨੂੰ ਲੈ ਕੇ ਤਰਨਤਾਰਨ ਸ਼ਹਿਰ ਵਾਸੀਆਂ ਵਿੱਚ ਸਰਕਾਰ ਪ੍ਰਤੀ ਬਹੁਤ ਰੋਸ ਪਾਇਆ ਜਾ ਰਿਹਾ ਹੈ। ਇਸ ਲਈ ਤਰਨਤਾਰਨ ਸ਼ਹਿਰ ਵਿੱਚੋਂ ਇਸ ਰੋਹੀ ਦੇ ਲੰਘਦੇ ਭਾਗ ਨੂੰ ਤੁਰੰਤ ਪੱਕਾ ਕਰਕੇ ਪਾਣੀ ਦੇ ਵਹਾਅ ਨੂੰ ਯਕੀਨੀ ਬਣਾ ਕੇ ਖੜ੍ਹਨ ਤੋਂ ਰੋਕਿਆ ਜਾਵੇ ਤਾਂ ਕਿ ਗੰਦਾ ਪਾਣੀ ਰੋਹੀ ਵਿੱਚ ਨਾ ਖੜ੍ਹੇ ਅਤੇ ਨਾ ਲੋਕਾਂ ਦੀ ਸਿਹਤ ਨੂੰ ਮਾੜਾ ਅਸਰ ਪਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ, ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

ਸ.ਸ.-ਰ.ਕ./5:05/28.06.2022

**ਜਲ ਸਰੋਤ ਮੰਤਰੀ (ਸ਼੍ਰੀ ਬ੍ਰਮ ਸ਼ੰਕਰ (ਜਿੰਪਾ)) :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਰਟੀਕੁਲਰ ਏਰੀਆ ਦਾ ਜਿਹੜਾ ਇਨ੍ਹਾਂ ਨੇ ਕੁਐਸ਼ਚਨ ਰੱਖਿਆ ਹੈ, ਮੈਨੂੰ ਇਸ ਦੀ ਬਹੁਤੀ ਜਾਣਕਾਰੀ ਨਹੀਂ ਹੈ ਲੇਕਿਨ ਮੈਂ ਇਸ ਦੀ ਜਲਦੀ ਹੀ ਜਾਣਕਾਰੀ ਲੈ ਕੇ ਮੈਂਬਰ ਸਾਹਿਬਾਨ ਨਾਲ ਚਰਚਾ ਵੀ ਕਰਾਂਗੇ ਅਤੇ ਇਨ੍ਹਾਂ ਨੂੰ ਸਾਰਾ ਕੁਝ ਵਿਸਥਾਰ ਵਿੱਚ ਦੱਸਾਂਗਾ ਵੀ ਲੇਕਿਨ ਪਿਛਲੇ ਦਿਨੀਂ ਜਦੋਂ ਇੱਕ ਨਹਿਰ ਬ੍ਰੇਕ ਹੋਈ ਸੀ ਤਾਂ ਉਸ ਤੋਂ ਬਾਅਦ ਮੈਂ ਜਦੋਂ ਦੌਰਾ ਕੀਤਾ ਸੀ ਤਾਂ ਕਸੂਰ ਦੇ ਇਲਾਕੇ ਦਾ ਕੀਤਾ ਸੀ। ਉੱਥੋਂ ਪਾਕਿਸਤਾਨ ਦੇ ਪਾਸਿਉਂ ਗੰਦਾ ਪਾਣੀ ਪਾਇਆ ਜਾਂਦਾ ਹੈ, ਉਸ ਲਈ ਅਸੀਂ ਇੱਕ ਪ੍ਰਾਜੈਕਟ ਪਿਛਲੇ ਦਿਨੀਂ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਹੈ ਔਰ ਉਸ ਦੇ ਨਾਲ-ਨਾਲ ਜਿਹੜਾ ਇਨ੍ਹਾਂ ਨੇ ਇਲਾਕਾ ਦੱਸਿਆ ਹੈ, ਉਸ ਦੀ ਵੀ ਨਾਲ-ਨਾਲ ਕੋਈ ਨਾ ਕੋਈ ਜੇਕਰ ਪੁਰਾਣੀ ਤਜਵੀਜ਼ ਹੈ ਤਾਂ ਇੰਪਲੀਮੈਂਟ ਕਰਵਾਵਾਂਗੇ, ਜੇ ਨਵੀਂ ਤਜਵੀਜ਼ ਹੈ ਤਾਂ ਜ਼ਰੂਰ ਬਣਾਵਾਂਗੇ।

**ਡਾਕਟਰ ਕਸ਼ਮੀਰ ਸਿੰਘ ਸੋਹਲ (ਤਰਨਤਾਰਨ):** ਸਪੀਕਰ ਸਾਹਿਬ, ਜਿਹੜਾ ਮੈਂ ਦੱਸਿਆ ਹੈ ਕਿ ਨਾਲੇ ਵਿੱਚ ਗੰਦਾ ਪਾਣੀ ਬਹੁਤ ਖੜ੍ਹਾ ਰਹਿੰਦਾ ਹੈ। ਉਸ ਕਰਕੇ ਮੱਛਰਾਂ ਤੇ ਮੱਖੀਆਂ ਦੀ ਬਹੁਤ ਭਰਮਾਰ ਰਹਿੰਦੀ ਹੈ। ਸਿਵਲ ਹਸਪਤਾਲ ਤਰਨਤਾਰਨ ਦਾ ਇਸ ਨਾਲੇ ਦੇ ਕੰਢੇ ਤੇ ਸਥਿਤ ਹੈ ਜਿੱਥੇ ਕਿ ਲੱਖਾਂ ਮਰੀਜ਼ ਸਾਲ ਵਿੱਚ ਆਉਂਦੇ ਹਨ। ਸਿਰਫ ਇਹ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਦਾ ਨੁਕਸਾਨ ਹੀ ਨਹੀਂ ਕਰਦੇ ਬਲਕਿ ਜਿਹੜੇ ਮਰੀਜ਼ ਆਉਂਦੇ ਹਨ, ਉਹ ਵੀ ਉਸ ਮੱਛਰ ਤੋਂ ਤੰਗ ਹਨ ਅਤੇ ਉੱਥੋਂ ਕਈ ਬਿਮਾਰੀਆਂ ਲੈ ਕੇ ਜਾਂਦੇ ਹੋਣਗੇ ਜਿਹੜੇ ਇਲਾਜ ਕਰਵਾਉਣ ਆਉਂਦੇ ਹਨ। ਇਹ ਬੜਾ ਗੰਭੀਰ ਮਸਲਾ ਹੈ। ਇਸ ਦੇ ਨਾਲ ਹੀ ਜਿਹੜਾ ਗੁਰਦੁਆਰਾ ਸਾਹਿਬ ਹੈ, ਜਿੱਥੇ ਲੱਖਾਂ ਸ਼ਰਧਾਲੂ ਸਾਲ ਵਿੱਚ ਦਰਸ਼ਨ ਕਰਨ ਜਾਂਦੇ ਹਨ। ਇੱਕ ਹਰ ਮਹੀਨੇ ਮੱਸਿਆ ਲੱਗਦੀ ਹੈ, ਉਦੋਂ ਵੀ ਬਹੁਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਸੋ, ਉਸ ਦੀ ਪਾਰਕਿੰਗ ਪਲੇਸ ਵੀ ਇਸ ਗੰਦੇ ਨਾਲੇ ਦੇ ਕੰਢੇ ਤੇ ਸਥਿਤ ਹੈ। ਜਿਹੜੇ ਸ਼ਰਧਾਲੂ ਬਾਹਰੋਂ ਜਾਂਦੇ ਹਨ, ਉਨ੍ਹਾਂ

ਵਾਸਤੇ ਵੀ ਇੱਕ ਸਿਰਦਰਦੀ ਦਾ ਕਾਰਨ ਹੈ। ਜਦੋਂ ਇਸ ਪਵਿੱਤਰ ਸ਼ਹਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਸਾਈ ਨਗਰੀ ਵਿੱਚ ਸ਼ਰਧਾਲੂ ਪਹੁੰਚਦੇ ਹਨ ਤਾਂ ਦਰਸ਼ਨ ਕਰਨ ਆਏ ਸ਼ਰਧਾਲੂਆਂ ਤੇ ਇਸ ਗੰਦੇ ਨਾਲੇ ਕਰਕੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਸੋ, ਇਸ ਗੰਦੇ ਨਾਲੇ ਨੂੰ ਪੱਕਾ ਕਰਕੇ ਪਾਣੀ ਦੇ ਵਹਾਅ ਨੂੰ ਠੀਕ ਕਰਨਾ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਪਹਿਲਾਂ ਦੱਸਿਆ ਹੈ ਕਿ ਪ੍ਰਾਜੈਕਟ ਅਨੁਮਾਨ ਪੰਜ ਕਰੋੜ, 44 ਲੱਖ, 25 ਹਜ਼ਾਰ ਰੁਪਏ ਦਾ ਡਿਪਾਰਟਮੈਂਟ ਕੋਲ ਫਰਵਰੀ, 2018 ਵਿੱਚ ਪਹੁੰਚ ਚੁੱਕਾ ਸੀ। ਸੋ, ਇਸ ਕਰਕੇ ਇਸ ਨੂੰ ਜਲਦੀ ਪੱਕਾ ਕਰਨ ਦੀ ਲੋੜ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਨੂੰ ਸਮਾਂਬੱਧ ਦੱਸਣ ਕਿ ਇਹ ਨਾਲਾ ਕਦੋਂ ਤੱਕ ਪੱਕਾ ਹੋ ਜਾਵੇਗਾ?

**ਮੰਤਰੀ:** ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਡਰੇਨਾਂ ਦੀ ਸਫਾਈ ਬਾਰੇ ਡਿਪਾਰਟਮੈਂਟ ਵੱਲੋਂ ਜ਼ਰੂਰ ਕੋਸ਼ਿਸ਼ ਕੀਤੀ ਗਈ ਹੈ। ਜਿਹੜਾ ਇਨ੍ਹਾਂ ਨੇ ਪਰਟੀਕੂਲਰ ਏਰੀਏ ਦੀ ਗੱਲ ਦੱਸੀ ਹੈ, ਮੈਂ ਇਸ ਦੀ ਪੂਰੀ ਜਾਣਕਾਰੀ ਪ੍ਰਾਪਤ ਕਰਾਂਗਾ। ਅਗਰ ਉਸ ਦੀ ਕੋਈ ਪੁਰਾਣੀ ਤਜਵੀਜ਼ ਪਈ ਹੈ ਤਾਂ ਉਸ ਤੇ ਕੰਮ ਕਰਾਂਗੇ। ਅਗਰ ਉੱਥੇ ਮੌਕੇ ਉੱਤੇ ਅਧਿਕਾਰੀਆਂ ਨੂੰ ਭੇਜਾਂਗੇ ਜਿਸ ਤਰ੍ਹਾਂ ਇਨ੍ਹਾਂ ਨੇ ਉੱਥੇ ਦੇ ਹਾਲਾਤ ਦੱਸੇ ਹਨ। ਨਹੀਂ ਤਾਂ ਉਸ ਤੇ ਨਵੀਂ ਤਜਵੀਜ਼ ਬਣਾ ਕੇ, ਉਸ ਦੀ ਸਫਾਈ ਤਾਂ ਜਲਦੀ ਕੀਤੀ ਜਾ ਸਕਦੀ ਹੈ। ਅਗਰ ਉੱਥੇ ਕੋਈ ਹੋਰ ਕੰਮ ਕਰਨ ਜਾਂ ਪ੍ਰਾਜੈਕਟ ਦੀ ਲੋੜ ਪੈਂਦੀ ਹੈ ਤਾਂ ਉਸ ਨੂੰ ਤਿਆਰ ਕਰਕੇ ਜਲਦੀ ਹੀ ਮੁਕੰਮਲ ਕਰਨ ਦੀ ਕੋਸ਼ਿਸ਼ ਕਰਾਂਗੇ।

**ਡਾਕਟਰ ਕਸ਼ਮੀਰ ਸਿੰਘ ਸੋਹਲ :** ਸਪੀਕਰ ਸਾਹਿਬ, ਸਪਲੀਮੈਂਟਰੀ ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਕਸ਼ਮੀਰ ਸਿੰਘ ਜੀ,ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ।

----

## ANNOUNCEMENT BY THE SPEAKER: REGARDING CONCLUDING THE DEBATE ON THE BUDGET ESTIMATES FOR THE YEAR 2022-23 ON DATED 29TH JUNE, 2022

**ਮਾਨਯੋਗ ਸਪੀਕਰ:** ਸਾਲ 2022-23 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ। ਸ਼੍ਰੀਮਤੀ ਜੀਵਨ ਜੋਤ ਕੌਰ, ਐੱਮ.ਐੱਲ.ਏ., ਅੱਜ ਮਿਤੀ 28.6.2022 (ਸਵੇਰ ਦੀ ਬੈਠਕ) ਨੂੰ ਸਾਲ 2022-23 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਤੇ ਬੋਲ ਰਹੇ ਸਨ ਤਾਂ ਉਸ ਸਮੇਂ ਸਦਨ ਦੀ ਕਾਰਵਾਈ

ਖਤਮ ਹੋ ਗਈ ਸੀ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨਗੇ। ਇੱਕ ਮਿੰਟ ਜੀਵਨ ਜੋਤ ਜੀ। ਇੱਕ ਜ਼ਰੂਰੀ ਬੇਨਤੀ ਕਰਨੀ ਹੈ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਲ 2022-2023 ਲਈ ਬਜਟ ਅਨੁਮਾਨਾਂ ਤੇ ਬਹਿਸ ਮਿਤੀ 29.6.2022 ਨੂੰ ਸਮਾਪਤ ਕਰ ਲਈ ਜਾਵੇ ਅਤੇ ਵਿੱਤ ਮੰਤਰੀ ਜੀ ਬਹਿਸ ਦਾ ਜਵਾਬ ਮਿਤੀ 29.6.2022 ਨੂੰ ਦੇਣਗੇ।

**(ਅਵਾਜ਼ਾਂ: ਹਾਂ ਜੀ, ਹਾਂ ਜੀ।)**

**ਮਾਨਯੋਗ ਸਪੀਕਰ:** ਹੁਣ ਸਦਨ ਦੀ ਸਹਿਮਤੀ ਅਨੁਸਾਰ ਬਜਟ ਅਨੁਮਾਨਾਂ ਤੇ ਬਹਿਸ ਮਿਤੀ 29.6.2022 ਨੂੰ ਸਮਾਪਤ ਹੋਵੇਗੀ ਅਤੇ ਵਿੱਤ ਮੰਤਰੀ ਜੀ ਬਹਿਸ ਦਾ ਜਵਾਬ ਮਿਤੀ 29.6.2022 ਨੂੰ ਦੇਣਗੇ।

**ਗ.ਕੌ./ਮ.ਸ਼./5.10/28.06.2022**

## RESUMPTION OF GENERAL DISCUSSION ON THE BUDGET ESTIMATES FOR THE YEAR 2022-2023

**ਮਾਨਯੋਗ ਸਪੀਕਰ:** ਹਾਂ ਜੀ, ਜੀਵਨ ਜੋਤ ਕੌਰ ਜੀ।

**ਸ਼੍ਰੀਮਤੀ ਜੀਵਨ ਜੋਤ ਕੌਰ (ਅੰਮ੍ਰਿਤਸਰ ਪੂਰਬੀ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਮੇਰੀ ਗੱਲ ਕੰਪਲੀਟ ਕਰਨ ਦਾ ਮੌਕਾ ਦਿੱਤਾ ਹੈ। ਅਸੀਂ ਗੱਲ ਕਰ ਰਹੇ ਸੀ ਕਿ ਇਹ ਪਿਛਲੀਆਂ ਗੱਲਾਂ ਹੋ ਗਈਆਂ ਹਨ। ਹੁਣ ਅਸੀਂ ਕੀ ਕਰਨ ਜਾ ਰਹੇ ਹਾਂ ਇਹ ਜ਼ਿਆਦਾ ਮਹੱਤਵਪੂਰਨ ਹੈ। ਮੈਂ ਮਾਨ ਸਾਹਿਬ ਅਤੇ ਚੀਮਾ ਸਾਹਿਬ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਮੇਰੇ ਹਲਕੇ ਵਿੱਚ IQF ਸੈਂਟਰ ਬਣਾਉਣ ਦਾ ਫੈਸਲਾ ਲਿਆ। ਵਾਟਰ ਸਪਲਾਈ ਅਤੇ ਸੈਨੀਟੇਸ਼ਨ ਦੇ ਖੇਤਰ ਵਿੱਚ ਜੋ 48.94% ਇਨਕਰੀਜ਼ ਹੈ ਉਹ ਕਾਬਿਲ-ਏ-ਤਾਰੀਫ ਹੈ ਕਿਉਂਕਿ ਵਾਰ ਵਾਰ ਇੱਥੇ ਵੀ ਗੱਲ ਹੋ ਰਹੀ ਸੀ ਅਤੇ ਮੈਂ ਵੀ ਦੱਸ ਰਹੀ ਸੀ ਕਿ ਜਦੋਂ ਅਸੀਂ ਹਲਕਿਆਂ ਵਿੱਚ ਜਾਂਦੇ ਹਾਂ ਤਾਂ ਲੋਕਾਂ ਦੀ ਗੰਦੇ ਪੀਣ ਵਾਲੇ ਪਾਣੀ ਦੀ ਇੱਕ ਹੀ ਪ੍ਰਾਬਲਮ ਜ਼ਿਆਦਾ ਸਾਹਮਣੇ ਆਉਂਦੀ ਹੈ। ਪਾਣੀ ਦੀ ਨਿਕਾਸੀ ਨਾ ਹੋਣਾ ਵੀ ਬਹੁਤ ਵੱਡੀ ਪ੍ਰਾਬਲਮ ਹੈ। ਮੈਂ ਉਮੀਦ ਕਰਦੀ ਹਾਂ ਕਿ ਇਸ ਬਜਟ ਨਾਲ ਸਾਨੂੰ ਇਸ ਪ੍ਰਾਬਲਮ ਨੂੰ solve ਕਰਨ ਵਿੱਚ ਕਾਫੀ ਮਦਦ ਮਿਲੇਗੀ। ਸਾਡੀ ਇਹੀ ਪ੍ਰਾਇਰਟੀ ਰਹੇਗੀ ਕਿ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਦਿੱਤਾ ਜਾਵੇ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਤੋਂ ਪੱਕੀ ਨਿਜਾਤ ਦਿੱਤੀ ਜਾਵੇ। ਉਸ ਤੋਂ ਬਾਅਦ ਕੋਆਪ੍ਰੇਟਿਵ ਸੈਕਟਰ ਵਿੱਚ ਵੀ 35.67% ਇਨਕਰੀਜ਼ ਵੀ ਬਹੁਤ ਸ਼ਲਾਘਾਯੋਗ ਹੈ। ਅੱਜ ਸੁਸਾਇਟੀਆਂ ਵਿੱਚ ਜਿੰਨੇ ਵੀ ਇਸ਼ੂ ਹਨ ਭਾਵੇਂ ਉਹ ਅਨਇੰਪਲਾਇਮੈਂਟ ਹੈ ਜਾਂ ਕਿਸਾਨਾਂ ਦਾ ਕਰਜ਼ਾਈ ਹੋਣਾ ਹੈ ਜਾਂ lack of health and

education ਹੈ ਇਨ੍ਹਾਂ ਸਭ ਦਾ ਹੱਲ ਕੋਆਪ੍ਰੇਟਿਵ ਨੂੰ flourish ਕਰਕੇ ਕੱਢਿਆ ਜਾ ਸਕਦਾ ਹੈ। ਕੱਲ੍ਹ ਦੇ ਬਜਟ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ ਕਿਉਂਕਿ ਇਹ ਬਜਟ ਨਾ ਕੇਵਲ ਅੰਮ੍ਰਿਤਸਰ ਈਸਟ ਬਲਕਿ ਪੰਜਾਬ ਦੇ ਸਾਰੇ ਲੋਕਾਂ ਨੂੰ ਇੱਕ ਨਵੀਂ ਦਿਸ਼ਾ ਅਤੇ ਦਸ਼ਾ ਦੇਵੇਗਾ। ਧੰਨਵਾਦ ਜੀ।

**ਮੈਡਮ ਅਨਮੋਲ ਗਗਨ ਮਾਨ (ਖਰੜ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਮੈਨੂੰ ਇਸ ਪਵਿੱਤਰ ਸਦਨ ਵਿੱਚ ਪਹਿਲੀ ਵਾਰ ਆਪਣੇ ਵਿਚਾਰ ਰੱਖਣ ਦਾ ਮੌਕਾ ਮਿਲਿਆ। ਜਿੰਨੇ ਵੀ ਸਤਿਕਾਰਯੋਗ ਮੈਂਬਰਜ਼ ਬੈਠੇ ਹਨ ਇੱਕ ਵਾਰੀ ਫਤਿਹ ਦੀ ਸਾਂਝ ਪਾਈਏ

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਮਾਨਯੋਗ ਵਿੱਤ ਮੰਤਰੀ ਸਾਹਿਬ, ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਜਿਹੜਾ ਬਜਟ ਪੇਸ਼ ਕੀਤਾ ਹੈ ਉਹ ਬਹੁਤ ਹੀ ਸ਼ਾਨਦਾਰ ਅਤੇ ਸੰਤੁਲਿਤ ਬਜਟ ਹੈ। ਸਾਡੇ ਹਰਮਨ ਪਿਆਰੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਪੇਸ਼ ਕੀਤਾ ਗਿਆ। ਜਿਸ ਵਿੱਚ ਖੇਤੀਬਾੜੀ, ਸਿੱਖਿਆ, ਰੋਜ਼ਗਾਰ, ਸਿਹਤ, ਪ੍ਰਸ਼ਾਸਨਿਕ ਸੁਧਾਰਾਂ, ਖੇਡਾਂ ਨੂੰ ਹਰ ਇੱਕ ਵਰਗ ਨੂੰ ਬਰਾਬਰ ਅਧਿਕਾਰ ਦਿੱਤੇ ਗਏ ਹਨ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਦੀ ਗੱਲ ਕੀਤੀ ਗਈ ਹੈ। ਪੰਜਾਬ ਨੂੰ ਮੁੜ ਸੁਰਜੀਤ ਕਰਨ ਦੀ ਗੱਲ ਕੀਤੀ ਗਈ ਹੈ। ਸਾਨੂੰ ਸਾਡੀ ਇਮਾਨਦਾਰ ਸਰਕਾਰ ਤੇ ਪੂਰਾ ਵਿਸ਼ਵਾਸ ਹੈ ਕਿ 70 ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਜੋ ਕੰਮ ਦੋ ਪਾਰਟੀਆਂ ਤੋਂ ਨਹੀਂ ਕੀਤੇ ਗਏ ਉਹ ਕੰਮ ਸਾਡੀ ਸਰਕਾਰ ਨੇ ਸਿਰੇ ਚਾੜ੍ਹਨੇ ਹਨ। ਅੱਜ ਜਦੋਂ ਬਜਟ ਉੱਤੇ ਬਹਿਸ ਚੱਲ ਰਹੀ ਸੀ ਤਾਂ ਆਪੋਜ਼ੀਸ਼ਨ ਨੇ ਵੀ ਕਾਫੀ ਸਵਾਲ ਚੁੱਕੇ ਕਿ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਹ ਠੀਕ ਨਹੀਂ ਹੈ। ਇਸ ਤਰੀਕੇ ਦੇ ਆਪੋਜ਼ੀਸ਼ਨ ਵੱਲੋਂ ਕਾਫੀ ਬਿਆਨ ਆਏ। ਰਾਜਾ ਸਾਹਿਬ ਨੇ ਵੀ ਗੱਲ ਕੀਤੀ ਕਿ ਅਸੀਂ ਪਹਿਲਾਂ ਹੀ ਬੱਸ ਸਟੈਂਡਾਂ ਦੇ ਟੈਂਡਰ ਕਰ ਚੁੱਕੇ ਸੀ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਤੁਸੀਂ ਜਿਹੜਾ ਖਰੜ ਬੱਸ ਸਟੈਂਡ ਦਾ ਉਦਘਾਟਨ ਕੀਤਾ ਸੀ ਉਸ ਬੱਸ ਸਟੈਂਡ ਦਾ ਇਨ੍ਹਾਂ ਨੇ 25 ਨਵੰਬਰ ਨੂੰ ਉਦਘਾਟਨ ਕੀਤਾ ਅਤੇ 26 ਨਵੰਬਰ ਨੂੰ ਟੈਂਡਰ ਪਾਇਆ ਤੇ 20 ਦਸੰਬਰ ਨੂੰ ਉਹ ਟੈਂਡਰ ਕੈਂਸਲ ਕਰ ਦਿੱਤਾ ਗਿਆ। ਖਰੜ ਹਲਕੇ ਨੂੰ ਕਿਸੇ ਪ੍ਰਕਾਰ ਦੀ ਵੀ ਰਕਮ ਨਹੀਂ ਆਈ। ਉਹ ਸਿਰਫ ਇੱਕ ਟੈਂਡਰ ਸੀ। ਸੋ, ਜੇਕਰ ਇਸ ਤਰ੍ਹਾਂ ਕਹੀਏ ਕਿ ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਸੀ, ਜੇਕਰ ਸਿਹਤ ਦੀ ਗੱਲ ਕੀਤੀ ਜਾਵੇ..

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਰਾਜਾ ਜੀ, ਇਹ ਪਹਿਲੀ ਵਾਰ ਹਾਊਸ ਵਿੱਚ ਬੋਲ ਰਹੇ ਹਨ। Let her complete. ਰਾਜਾ ਜੀ ਤੁਸੀਂ ਆਪਣਾ ਪੁਆਇੰਟ ਨੋਟ ਕਰ ਲਵੋ। ਤੁਹਾਡੇ ਤੋਂ ਜਵਾਬ ਲੈ ਲਵਾਂਗੇ। She is speaking for the first time.

**ਮੈਡਮ ਅਨਮੋਲ ਗਗਨ ਮਾਨ:** ਸਪੀਕਰ ਸਾਹਿਬ, ਰਾਜਾ ਸਾਹਿਬ ਬਹੁਤ ਸੀਨੀਅਰ ਹਨ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਕੋਈ ਪਹਿਲੀ ਵਾਰ ਬੋਲ ਰਿਹਾ ਹੁੰਦਾ ਹੈ ਤਾਂ ਬੋਲਣ ਦੇਣਾ ਚਾਹੀਦਾ ਹੈ। ਇਨ੍ਹਾਂ ਦੀ ਗੱਲ ਬਾਅਦ ਵਿੱਚ ਸੁਣਾਂਗੇ। ਆਪੋਜ਼ੀਸ਼ਨ ਨੇ ਇਹ ਗੱਲ ਵੀ ਕੀਤੀ ਹੈ ਕਿ ਪੁਰਾਣੀਆਂ ਸਰਕਾਰਾਂ ਠੀਕ ਸਨ। ਕਿਵੇਂ ਮੰਨ ਲਈਏ ਕਿ ਪੁਰਾਣੀਆਂ ਸਰਕਾਰਾਂ ਠੀਕ ਸਨ। ਮੇਰਾ ਹਲਕਾ ਖਰੜ ਹੈ। ਜੇਕਰ ਪੂਰੇ ਪੰਜਾਬ ਦੀ ਵੀ ਗੱਲ ਕਰ ਲਈਏ ਤਾਂ ਲੋਕ ਸਿਹਤ ਸੇਵਾਵਾਂ ਨੂੰ ਤਰਸ ਕਿਉਂ ਰਹੇ ਹਨ। ਕੋਈ ਸਰਕਾਰੀ ਹਸਪਤਾਲ ਵਿੱਚ ਕਿਉਂ ਨਹੀਂ ਜਾਣਾ ਚਾਹੁੰਦਾ। ਸਰਕਾਰੀ ਸਕੂਲਾਂ ਵਿੱਚ ਸਿੱਖਿਆ ਕਿੱਥੇ ਹੈ। ਪਿੰਡਾਂ ਵਿੱਚ ਛੱਪੜਾਂ ਦਾ ਬੁਰਾ ਹਾਲ ਹੈ। ਜੇਕਰ ਖੇਡਾਂ ਦੀ ਗੱਲ ਕਰਦੇ ਹੋ ਤਾਂ ਕਿੱਥੇ ਕੋਈ ਖੇਡ ਮੈਦਾਨ ਹੈ। ਅੱਜ ਤੁਸੀਂ ਉੱਧਰ ਕਿਉਂ ਬੈਠੇ ਹੋ। ਤੁਹਾਡੀ ਸਰਕਾਰ ਕਿਉਂ ਨਹੀਂ ਬਣੀ। ਬਦਲਾਅ ਕਿਉਂ ਆਇਆ? ਬਦਲਾਅ ਇਸ ਲਈ ਆਇਆ ਕਿਉਂਕਿ ਲੋਕ ਅੱਕ ਚੁੱਕੇ ਸਨ। ਲੋਕ ਥੱਕ ਚੁੱਕੇ ਸਨ। ਲੋਕਾਂ ਨੇ ਤੁਹਾਨੂੰ ਮੌਕਾ ਦਿੱਤਾ। ਲੋਕਾਂ ਨੇ ਮਾਣ ਦਿੱਤਾ। ਵਾਰੀ ਵਾਰੀ ਮੌਕਾ ਦਿੱਤਾ ਪਰ ਨਾ ਤਾਂ ਸਿਹਤ ਸੁਧਰੀ, ਨਾ ਕੋਈ ਸਿੱਖਿਆ ਦਾ ਸੁਧਾਰ ਹੋਇਆ। ਕੋਈ ਪ੍ਰਸ਼ਾਸਨਿਕ ਸੁਧਾਰ ਨਹੀਂ ਹੋਇਆ। ਕੁਰੱਪਸ਼ਨ ਸਿਰੇ ਤੇ ਸੀ। ਲੋਕਾਂ ਦੇ ਥਾਣਿਆਂ ਵਿੱਚ ਕੰਮ ਹੁੰਦੇ ਸਨ। ਕੋਈ ਆਮ ਬੰਦਾ ਵੀ ਥਾਣੇ ਵਿੱਚ ਜਾ ਵੜੇ ਤਾਂ 5000-10000 ਲੈ ਕੇ ਕੰਮ ਹੁੰਦਾ ਸੀ ਕਿਉਂਕਿ ਉੱਤੋਂ ਸਰਕਾਰ ਦੇ ਆਰਡਰ ਹੁੰਦੇ ਸੀ ਕਿ ਪੈਸਾ ਚਾਹੀਦਾ ਹੈ।

ਕ੍ਰ.ਕ/ਮ.ਸ./5.15/28.06.2022

ਕਿੱਥੇ-ਕਿੱਥੇ ਗੁੰਡਾ ਟੈਕਸ ਲਗਦੇ ਸੀ? ਅੱਜ ਤਹਿਸੀਲਾਂ ਦੇ ਵਿੱਚ ਦੇਖ ਲਵੋ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੁਰੱਪਸ਼ਨ ਖਤਮ ਕਰ ਦਿੱਤੀ ਹੈ। ਕੁੱਝ ਹੱਦ ਤੱਕ ਰਹਿ ਵੀ ਗਈ ਹੋਵੇਗੀ ਪਰ ਪੁਰਾਣੀਆਂ ਸਰਕਾਰਾਂ ਦੇ ਸਮੇਂ ਦੀਆਂ ਜਿਹੜੀਆਂ ਆਦਤਾਂ ਬਣੀਆਂ ਹੋਈਆਂ ਸਨ, ਉਹ ਅਜੇ ਵੀ ਰਹਿ ਗਈਆਂ ਹਨ। ਅਸੀਂ ਉਨ੍ਹਾਂ ਆਦਤਾਂ ਨੂੰ ਖਤਮ ਕਰ ਦੇਵਾਂਗੇ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ।) ਮੈਂ ਆਲੋਚਨਾ ਕਰਨ ਲਈ ਖੜ੍ਹੀ ਨਹੀਂ ਹੋਈ ਹਾਂ। ਤੁਸੀਂ ਕਾਰਨ ਸਮਝੋ ਕਿ ਤੁਹਾਨੂੰ ਲੋਕਾਂ ਨੇ ਇਸ ਲਈ ਨਕਾਰਿਆ ਹੈ ਕਿਉਂਕਿ ਕੋਈ ਸਹੂਲਤ ਨਹੀਂ ਮਿਲੀ। (ਵਿਘਨ, ਸ਼ੋਰ)।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮੈਡਮ ਅਨਮੋਲ ਗਗਨ ਮਾਨ:** ਦੇਖੋ ਮੇਰਾ ਫਸਟ ਟਾਈਮ ਹੈ ਜੀ, ਤੁਹਾਨੂੰ ਵੀ ਟਾਈਮ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮੇਰੇ ਬੋਲਣ ਤੋਂ ਬਾਅਦ ਰਾਜਾ ਜੀ ਨੂੰ ਟਾਈਮ ਦੇ ਦਿਓ।

**Mr. Speaker:** Raja ji, I know you can reply it. I know you can reply it.

**ਸ਼੍ਰੀ ਅਮਰਿੰਦਰ ਸਿੰਘ ਰਾਜ ਵੜਿੰਗ:** ਸਰ, ਮੇਰੀ ਛੋਟੀ ਭੈਣ ਹੈ ਜੀ। (ਵਿਘਨ, ਸ਼ੋਰ)

**ਮੈਡਮ ਅਨਮੋਲ ਗਗਨ ਮਾਨ:** ਮੇਰੀ ਬੇਨਤੀ ਹੈ ਸੁਣ ਲਵੋ ਜੀ। ਜੇ ਭੈਣ ਕਹਿ ਹੀ ਦਿੱਤਾ ਹੈ ਤਾਂ ਸੁਣ ਲਵੋ ਜੀ। ਤੁਸੀਂ ਮੇਰੇ ਤੋਂ ਬਾਅਦ ਬੋਲ ਲੈਣਾ। ਤੁਹਾਨੂੰ ਟਾਈਮ ਮਿਲੇਗਾ ਜੀ। ਬੋਲਣ ਦਿਓ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਰਾਜਾ ਜੀ, ਇਹ ਤਾਂ ਕਨਵੈਨਸ਼ਨ ਹੀ ਰਹੀ ਹੈ। ਫਸਟ ਟਾਈਮ ਜਿਹੜਾ ਬੋਲਦਾ ਹੈ, ਉਸ ਨੂੰ ਬੋਲਣ ਦਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜ ਵੜਿੰਗ:** ਸਰ, ਮੇਰੀ ਛੋਟੀ ਭੈਣ ਨੂੰ ਇਹ ਬੇਨਤੀ ਹੈ ਕਿ ਕੋਈ ਪਾਜ਼ੀਟਿਵ ਗੱਲ ਕਰਨ। ਸਾਨੂੰ ਕਹਿ ਦਿੱਤਾ, ਨਿੰਦ ਦਿੱਤਾ ਇਹ ਠੀਕ ਹੈ।

**ਮਾਨਯੋਗ ਸਪੀਕਰ:** ਤੁਸੀਂ ਜਵਾਬ ਦੇ ਦਿਓ। ਮੈਂ ਤੁਹਾਡੇ ਕੋਲੋਂ ਜਵਾਬ ਲੈ ਕੇ ਦੇਵਾਂਗਾ। ਅਨਮੋਲ ਜੀ।

**ਮੈਡਮ ਅਨਮੋਲ ਗਗਨ ਮਾਨ:** ਮਾਨਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਤੁਸੀਂ ਮੈਨੂੰ ਟਾਈਮ ਦੇ ਰਹੇ ਹੋ। ਪਹਿਲੀ ਵਾਰ ਜਦੋਂ ਬੋਲਣਾ ਹੁੰਦਾ ਹੈ ਕਿਉਂਕਿ ਅਜੇ ਨਵੇਂ ਹਾਂ ਤੇ ਕੋਸ਼ਿਸ਼ ਕਰਦੇ ਹਾਂ ਕਿ ਜੇ ਖਰੜ ਦੇ ਲੋਕਾਂ ਨੇ ਮੈਨੂੰ ਇੱਥੇ ਚੁਣ ਕੇ ਭੇਜਿਆ ਹੈ ਤਾਂ ਮੈਂ ਲੋਕਾਂ ਦੀ ਆਵਾਜ਼ ਬਣਾ। ਇਕੱਲੇ ਹਲਕਾ ਖਰੜ ਦੀ ਗੱਲ ਨਹੀਂ ਕਰ ਰਹੀ ਜੀ, ਪੂਰਾ ਪੰਜਾਬ ਪੀਣ ਵਾਲੇ ਪਾਣੀ ਨੂੰ ਤਰਸ ਰਿਹਾ ਹੈ। ਖਰੜ ਬੱਸ ਸਟੈਂਡ ਦਾ ਤਿੰਨ ਵਾਰੀ ਨੀਂਹ ਪੱਥਰ ਰੱਖਿਆ ਗਿਆ। ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਜੀ ਨੇ 2006 ਵਿੱਚ ਨੀਂਹ ਪੱਥਰ ਰੱਖਿਆ, ਕਾਂਗਰਸ ਪਾਰਟੀ ਦੇ ਪ੍ਰਧਾਨ ਜੀ ਨੇ 2021 ਵਿੱਚ ਨੀਂਹ ਪੱਥਰ ਰੱਖਿਆ ਪਰ ਹੋਇਆ ਕੁੱਝ ਵੀ ਨਹੀਂ। ਕਜੌਲੀ ਵਾਟਰ ਵਰਕਸ ਦਸ਼ਮੇਸ਼ ਨਹਿਰ, ਖਰੜ ਦਾ ਪਾਣੀ ਬਿਲਕੁਲ down ਚਲਾ ਗਿਆ ਹੈ। ਮਾਨਯੋਗ ਸਪੀਕਰ ਸਾਹਿਬ, ਜੇਕਰ ਕਿਸਾਨ ਟਿਊਬਵੈਲ ਲਗਾ ਲੈਂਦੇ ਹਨ ਤਾਂ ਦੋ ਸਾਲਾਂ ਦੇ ਵਿੱਚ ਟਿਊਬਵੈਲ ਫੇਲ੍ਹ ਹੋ ਜਾਂਦਾ ਹੈ। ਅੱਜ ਪੰਜਾਬ ਦੇ ਪਾਣੀ ਦਾ ਸਤਰ down ਚਲਾ ਗਿਆ ਹੈ। ਅੱਜ ਤੁਸੀਂ (ਆਪੋਜ਼ੀਸ਼ਨ ਬੈਂਚਿੰਜ਼ ਵੱਲ ਇਸ਼ਾਰਾ) ਸਾਨੂੰ ਸੁਝਾਅ ਦਿੰਦੇ ਹੋ। ਸੁਝਾਅ ਅਸੀਂ ਤੁਹਾਡੇ ਤੋਂ ਤਾਂ ਲਈਏ ਜੇ ਅੱਜ ਤੱਕ ਤੁਸੀਂ ਪੰਜਾਬ ਦੇ ਲਈ ਕੁੱਝ ਕੀਤਾ ਹੋਵੇ।(ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਅਸੀਂ ਬਾਂਹ ਕੱਢ ਕੇ ਕਹਿੰਦੇ ਹਾਂ ਕਿ ਕਦੇ ਕੋਈ ਅੱਧੇ ਪੈਸੇ ਦਾ ਸਾਡੇ ਕਿਸੇ ਐਮ.ਐਲ.ਏ. ਤੇ ਇਲਜ਼ਾਮ ਲਗਾ ਦੇਵੇ। ਇਮਾਨਦਾਰ ਪਾਰਟੀ ਹੈ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਦਿਖਾਵਾਂਗੇ।(ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਜੇ ਪੰਜ ਸਾਲਾਂ ਦੇ ਵਿੱਚ

ਅਸੀਂ ਉਹ ਕੰਮ ਨਾ ਕੀਤੇ ਜਿਹੜੇ ਤੁਸੀਂ 70 ਸਾਲਾਂ ਵਿੱਚ ਨਹੀਂ ਕੀਤੇ ਤਾਂ ਮੈਂ ਸਿਆਸਤ ਛੱਡ ਦੇਵਾਂਗੀ। ਮੈਨੂੰ ਮੁੱਖ ਮੰਤਰੀ ਸਾਹਿਬ ਤੇ ਮਾਨ ਹੈ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਅਸੀਂ ਕੰਮ ਕਰਾਂਗੇ। ਬਜਟ ਪੇਸ਼ ਹੋ ਗਿਆ ਹੈ। ਤੁਸੀਂ (ਆਪੋਜ਼ੀਸ਼ਨ ਬੈਂਚਿੰਜ਼ ਵੱਲ ਇਸ਼ਾਰਾ) ਉਸ ਵਿੱਚ ਨੁਕਸ ਕੱਢ ਰਹੇ ਹੋ। ਮੁੱਦਾ ਇਹ ਹੈ, ਸਾਰੇ ਮੈਂਬਰ ਸਾਹਿਬਾਨ ਸਹਿਮਤ ਹੋਣਗੇ ਕਿ ਉਸ ਬਜਟ ਨੂੰ ਇੰਪਲੀਮੈਂਟ ਕਿਵੇਂ ਕਰਦੇ ਹੋ। ਕੀ ਇਮਾਨਦਾਰੀ ਨਾਲ ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਵਿੱਚ ਜਾਂਦਾ ਹੈ ਜਾਂ ਸਾਡੇ ਬੈਂਕਾਂ ਵਿੱਚ ਜਾਂਦਾ ਹੈ। ਸਾਡੇ ਘਰ ਵੱਡੇ ਹੁੰਦੇ ਹਨ ਜਾਂ ਲੋਕਾਂ ਨੂੰ ਸਹੂਲਤਾਂ ਮਿਲਦੀਆਂ ਹਨ। ਲੋਕ ਕੱਚੇ ਘਰਾਂ ਵਿੱਚ ਰੋਂਦੇ ਹਨ। ਲੋਕ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ। ਸ਼ਹਿਰਾਂ ਵਿੱਚ ਕੂੜੇ ਦੇ ਢੇਰ ਲੱਗੇ ਪਏ ਹਨ। ਪੰਜਾਬ ਦਾ ਬੁਰਾ ਹਾਲ ਹੈ। ਤੁਸੀਂ ਸਾਡੇ ਵਿੱਚ ਨੁਕਸ ਕੱਢਦੇ ਹੋ। ਸਾਨੂੰ ਟਾਈਮ ਤਾਂ ਦਿਓ। ਤੁਸੀਂ ਸਾਨੂੰ ਪੁੱਛਦੇ ਹੋ ਕਿ ਤੁਸੀਂ ਕੀ ਕੀਤਾ। ਇਹ ਤਾਂ ਉਹ ਗੱਲ ਹੈ ਜਿਵੇਂ ਰੋੜੀ ਸਾਹਿਬ ਨੇ ਕਿਹਾ ਸੀ ਕਿ ਜਵਾਕ ਕੱਲ੍ਹ ਜੰਮਿਆ ਹੈ, ਤਿੰਨ ਦਿਨਾਂ ਬਾਅਦ ਪੁੱਛ ਰਹੇ ਹੋ ਕਿ ਜਵਾਕ ਕਿੰਨਾ ਵੱਡਾ ਹੋ ਗਿਆ ਹੈ। ਸਾਨੂੰ ਟਾਈਮ ਤਾਂ ਦੇਵੋ ਜੀ। ਅਸੀਂ ਕੰਮ ਕਰਾਂਗੇ। ਤੁਸੀਂ ਇੱਕ ਸਾਲ ਬਾਅਦ ਤਾਂ ਥੋੜ੍ਹਾ ਬਹੁਤ ਜੱਜ ਕਰ ਸਕਦੇ ਹੋ। ਅਸੀਂ ਤੁਹਾਡੇ ਕੋਲੋਂ ਪੰਜ ਸਾਲ ਮੰਗ ਰਹੇ ਹਾਂ (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਤੁਹਾਨੂੰ ਅਸੀਂ 70 ਸਾਲਾਂ ਤੋਂ ਉੱਪਰ ਸਮਾਂ ਦਿੱਤਾ ਸੀ, ਅਸੀਂ ਪੰਜ ਸਾਲ ਮੰਗ ਰਹੇ ਹਾਂ। ਇਸ ਗੱਲ ਨੂੰ ਸਮਝੋ ਕਿ ਜੇ ਤੁਸੀਂ ਕੰਮ ਕੀਤੇ ਹੁੰਦੇ ਤਾਂ ਲੋਕ ਤੁਹਾਨੂੰ ਨਾ ਨਕਾਰਦੇ। ਅੱਜ ਲੋਕ ਤੁਹਾਡੇ ਨਾਲ ਹੁੰਦੇ। ਜੇ ਤੁਸੀਂ ਕੰਮ ਕੀਤੇ ਹੁੰਦੇ ਤਾਂ ਆਮ ਆਦਮੀ ਪਾਰਟੀ ਕਦੇ ਪੈਦਾ ਹੀ ਨਾ ਹੁੰਦੀ। ਬਦਲਾਅ ਤਾਂ ਹੀ ਆਇਆ ਹੈ ਕਿਉਂਕਿ ਲੋਕ ਮਾੜੀਆਂ ਸਰਕਾਰਾਂ ਤੋਂ ਅੱਕ ਚੁੱਕੇ ਸਨ, ਥੱਕ ਚੁੱਕੇ ਸਨ (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਮੈਂ ਇਹ ਮੰਨ ਲੈਂਦੀ ਹਾਂ ਕਿ ਸਾਨੂੰ ਤੁਹਾਡੇ ਨਾਲੋਂ knowledge ਘੱਟ ਹੋਵੇਗੀ ਪਰ ਸਾਡੇ ਵਿੱਚ ਇਮਾਨਦਾਰੀ ਤੇ ਪੰਜਾਬ ਪ੍ਰਤੀ ਪਿਆਰ ਪੂਰਾ ਹੈ। ਸਾਡੇ ਵਿੱਚ ਕੰਮ ਕਰਨ ਦਾ ਜਜ਼ਬਾ ਪੂਰਾ ਹੈ। ਤੁਹਾਨੂੰ ਅਸੀਂ ਪੰਜ ਸਾਲਾਂ ਦੇ ਵਿੱਚ ਕੰਮ ਕਰਕੇ ਦਿਖਾਵਾਂਗੇ। ਹਾਲੇ ਤਾਂ ਕਹਾਣੀ ਸ਼ੁਰੂ ਹੋਈ ਹੈ, ਹਾਲੇ ਤਾਂ ਅੱਗੇ-ਅੱਗੇ ਅਸੀਂ ਬੜਾ ਕੁੱਝ ਕਰਾਂਗੇ। ਇਨਕਲਾਬ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ। (ਥੰਪਿੰਗ) ਮਾਨਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ:** ਡਾਕਟਰ ਰਾਜ ਕੁਮਾਰ ਚੱਬੇਵਾਲ ਜੀ। ਸਰ, ਤੁਹਾਡੇ 8 ਮਿੰਟ ਹਨ, ਤੁਹਾਨੂੰ 10 ਮਿੰਟ ਦਿੱਤੇ। (ਵਿਘਨ, ਸ਼ੋਰ) ਚਲੋ ਠੀਕ ਹੈ ਜੀ। ਡਾਕਟਰ ਸਾਹਿਬ ਤੁਸੀਂ ਬੈਠੋ। ਰਾਜਾ ਜੀ ਦਾ ਨਾਂ ਲਿਆ ਗਿਆ ਸੀ, ਇਹ ਜਵਾਬ ਦੇਣਾ ਚਾਹੁੰਦੇ ਹਨ। Kindly be brief.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ**: ਸਪੀਕਰ ਸਾਹਿਬ, ਇਲਜ਼ਾਮਾਤ ਲਗਾਉਣੇ ਬੜੇ ਸੌਖੇ ਹਨ। ਸੋ, ਮੈਂ ਆਪਣੀ ਛੋਟੀ ਭੈਣ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਲਜ਼ਾਮਾਤ ਲਗਾਉਣ ਬੜੇ ਸੌਖੇ ਹਨ ਪਰ ਕੰਮ ਕਰਨੇ ਬੜੇ ਔਖੇ ਹਨ। ਜੇ ਮੈਂ ਛੋਟੀ ਭੈਣ ਦੀ ਗੱਲ ਕਰਾਂ ਤਾਂ ਪਰਸੋਂ ਮੈਂ ਵੀਡੀਓ ਸੁਣ ਰਿਹਾ ਸੀ, ਜਿਸ ਵਿੱਚ ਉਨ੍ਹਾਂ ਵੱਲੋਂ ਕਿਹਾ ਗਿਆ ਸੀ ਕਿ ਮੈਂ ਸਿਆਸਤ ਛੱਡ ਦੇਵਾਂਗੀ ਜੇਕਰ ਅਸੀਂ ਸੰਗਰੂਰ ਤੋਂ ਚੋਣ ਹਾਰ ਜਾਈਏ। ਇਹ ਸਾਡੀ ਰਾਜਧਾਨੀ ਹੈ। ਜਿਹੜੀ ਬੱਸ ਸਟੈਂਡ ਦੀ ਗੱਲ ਸੀ, ਉਸ ਸਬੰਧੀ ਮੈਂ ਫਿਰ ਦੱਸਣ ਲੱਗਿਆ ਹਾਂ ਕਿ ਅਸੀਂ ਉਸ ਦਾ ਉਦਘਾਟਨ ਹੀ ਨਹੀਂ ਕੀਤਾ। ਉਹ ਬੱਸ ਸਟੈਂਡ ਦੇ ਪੈਸੇ ਵੀ ਆਏ ਸਨ ਅਤੇ ਉਹ ਬਣਨ ਵੀ ਲੱਗਿਆ ਹੈ। ਦੂਜੀ ਗੱਲ ਇਹ ਹੈ ਕਿ ਸਾਡੇ ਲੋਕਾਂ ਨੇ ਸਾਡੀਆਂ ਗਲਤੀਆਂ ਕਾਰਨ ਪੰਜ ਸਾਲਾਂ ਬਾਅਦ ਸਾਨੂੰ ਨਕਾਰਿਆ ਹੈ ਪਰ ਤੁਹਾਡਾ ਕੰਮ ਤਾਂ ਉਨ੍ਹਾਂ ਨੇ ਤਿੰਨ ਮਹੀਨਿਆਂ ਦੇ ਵਿੱਚ ਹੀ ਕਰ ਦਿੱਤਾ। 100 ਦਿਨਾਂ ਦੇ ਵਿੱਚ ਹੀ ਰਾਜਧਾਨੀ ਤੋਂ ਫਾਰਗ ਕਰ ਦਿੱਤਾ।

**ਮਾਨਯੋਗ ਸਪੀਕਰ**: ਠੀਕ ਹੈ ਜੀ। ਹਾਂ ਜੀ, ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ)**: ਸਰ, ਮੈਂ ਪਹਿਲਾਂ ਵੀ ਰਾਜਾ ਜੀ ਦੇ ਇਸ ਸਵਾਲ ਦਾ ਜਵਾਬ ਦੇ ਕੇ ਹਟਿਆ ਹਾਂ। ਪਹਿਲਾਂ ਵੀ ਗੱਲ ਵਿਚੇ ਹੀ ਰਹਿ ਗਈ ਸੀ। ਇਹ ਸਾਡੇ ਗੋਲਡੀ ਜੀ ਬੈਠੇ ਹਨ, ਜਲਾਲਾਬਾਦ ਦੀ ਇਲੈੈਕਸ਼ਨ ਹੋਈ ਸੀ। ਸਰ ਜਦੋਂ ਪਹਿਲਾਂ ਬਾਇ ਇਲੈੈਕਸ਼ਨਾਂ ਹੁੰਦੀਆਂ ਸਨ ਤਾਂ ਇਲੈੱਕਸ਼ਨ ਕੈਂਡੀਡੇਟ ਨਹੀਂ ਲੜਦਾ ਹੁੰਦਾ ਸੀ, ਇਲੈੱਕਸ਼ਨ ਤਾਂ ਡੀ.ਐਸ.ਪੀ. ਅਤੇ ਐਸ.ਐਸ.ਪੀ ਲੜਦੇ ਸਨ। ਡਿਊਟੀਆਂ ਲਗਾਈਆਂ ਜਾਂਦੀਆਂ ਸਨ ਕਿ ਜੇਕਰ ਵੋਟ ਘੱਟ ਗਈ ਤਾਂ ਆਪਣੀਆਂ ਟਰਾਂਸਫਰਾਂ ਦੇਖ ਲਵੋ। ਸਰ, ਸ਼ਾਹਕੋਟ ਦੀ ਇਲੈੱਕਸ਼ਨ ਹੋਈ, ਨਾਂਅ ਤਾਂ ਤੁਸੀਂ ਬਾਅਦ ਵਿੱਚ ਕੱਟ ਦਿਓ, ਸੰਦੀਪ ਸੰਧੂ ਉੱਥੇ ਗਿਆ। ਪਿੰਡ ਵਾਈਜ਼ ਸਾਰੇ ਮੁਲਾਜ਼ਮਾਂ ਦੀ ਲਿਸਟ ਬਣਾ ਦਿੱਤੀ ਗਈ ਕਿ ਕਿਹੜੇ ਪਿੰਡ ਦੇ ਵਿੱਚ ਕਿੰਨੇ ਮੁਲਾਜ਼ਮ ਹਨ। ਮੁਲਾਜ਼ਮਾਂ ਨੂੰ ਕਿਹਾ ਗਿਆ ਕਿ ਜੇਕਰ ਵੋਟ ਘੱਟ ਗਈ ਤਾਂ ਪਠਾਨਕੋਟ ਅਤੇ ਫਾਜ਼ਿਲਕਾ ਦੇਖ ਲਵੋ ਕਿੰਨੇ ਦੂਰ ਹਨ। ਇਸ ਤਰ੍ਹਾਂ ਤਾਂ ਇਹ ਇਲੈੱਕਸ਼ਨ ਲੜਦੇ ਰਹੇ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕ ਸਾਨੂੰ ਬਦਲਾਅ ਲਈ ਲੈ ਕੇ ਆਏ ਹਨ। ਅਸੀਂ ਇੱਕ ਨਵੇਂ ਪਿਰਤ ਦੀ ਸ਼ੁਰੂਆਤ ਕੀਤੀ ਹੈ ਕਿ ਜੇਕਰ ਇੱਕ ਵੀ ਬੂਥ ਦੀ ਕੈਪਚਰਿੰਗ ਹੋਈ ਹੋਵੇ(ਥੰਪਿੰਗ)। ਕਿਸੇ ਮੁਲਾਜ਼ਮ ਜਾਂ ਅਫਸਰ ਨੂੰ ਇੱਕ ਵੀ ਧਮਕੀ ਦਿੱਤੀ ਗਈ ਹੋਵੇ ਕਿ ਤੇਰੀ ਬਦਲੀ ਕਰ ਦੇਵਾਂਗੇ। ਇੱਥੇ ਇਆਲੀ ਸਾਹਿਬ ਬੈਠੇ ਨਹੀਂ, ਉਨ੍ਹਾਂ ਦੀ ਪਾਰਟੀ ਦੇ ਮੁਖਵਿੰਦਰ ਕੁਮਾਰ ਸੁੱਖੀ ਜੀ ਬੈਠੇ ਹਨ। ਦੇਖਿਆ ਨਹੀਂ ਕਿ ਪਿਛਲੀ ਬਾਇ ਇਲੈੱਕਸ਼ਨ ਦੇ ਵਿੱਚ ਕੀ ਕੁਝ ਹੋਇਆ। ਐਤਕੀਂ ਵੀ ਤੁਹਾਡੀ ਜ਼ਮਾਨਤ ਜ਼ਬਤ ਹੋਈ ਹੈ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ**: ਕਿਰਪਾ ਕਰਕੇ ਸਾਰੇ ਸਾਥੀ ਬੈਠ ਜਾਓ। ਅਸੀਂ ਬਹਿਸ ਨੂੰ ਅੱਗੇ ਚਲਾਈਏ। ਮੰਤਰੀ ਜੀ ਤੁਸੀਂ ਵੀ ਬੈਠ ਜਾਓ। ਹਾਂ ਜੀ, ਡਾਕਟਰ ਰਾਜ ਕੁਮਾਰ ਜੀ। ਸਾਰਾ ਪੰਜਾਬ ਸਾਨੂੰ ਦੇਖ ਰਿਹਾ ਹੈ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.)**: ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਮੇਰੀ ਛੋਟੀ ਭੈਣ ਅਨਮੋਲ ਗਗਨ ਮਾਨ ਬੋਲ ਰਹੇ ਸਨ। ਹੁਣ ਪਤਾ ਨਹੀਂ ਇਹ ਆਪਣੀ ਵੀਡੀਓ ਤੋਂ ਕਿਉਂ ਮੁੱਕਰ ਰਹੇ ਹਨ। ਵੈਸੇ ਇਹ ਗੱਲ ਵੀ ਠੀਕ ਹੈ ਕਿ ਕ੍ਰਾਂਤੀ ਦੀ ਸ਼ੁਰੂਆਤ ਸੰਗਰੂਰ ਤੋਂ ਹੋਈ ਹੈ। ਉਸ ਵੀਡੀਓ ਦੇ ਵਿੱਚ ਪਤਾ ਨਹੀਂ ਕੌਣ ਹਨ ਭੈਣ ਜੀ ਹਨ ਜਾਂ ਕੋਈ ਹੋਰ ਹਨ। ਉਸ ਦੇ ਵਿੱਚ ਕਿਹਾ ਗਿਆ ਹੈ ਕਿ ਜਿਹੜੀ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ ਹਨ, ਉਹ ਸੰਗਰੂਰ ਦੇ ਵਿੱਚ ਹਨ (ਥੰਪਿੰਗ)। ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਤਾਂ ਹੋਰ ਕਿੱਧਰੋਂ ਤਾਂ ਹਾਰ ਸਕਦੀ ਹੈ ਪਰ ਸੰਗਰੂਰ ਤੋਂ ਨਹੀਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਮੈਡਮ ਅਨਮੋਲ ਗਗਨ ਮਾਨ ਵੀ ਆਪਣੀ ਸੀਟ ਤੇ ਖੜ੍ਹੇ ਹੋ ਗਏ ਅਤੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ।)

(ਵਿਘਨ) ਜੜ੍ਹਾਂ ਤਾਂ ਗਈਆਂ ਤੁਹਾਡੀਆਂ ਪੱਟ। ਜਿਸ ਬਦਲਾਅ ਦੀ ਇਹ ਗੱਲ ਕਰਦੇ ਸੀ, ਜਿਹੜਾ ਬਦਲਾਅ ਪੰਜਾਬ ਦੇ ਵਿੱਚ ਇਨ੍ਹਾਂ ਨੇ ਜਦੋਂ ਲੋਕਾਂ ਨੂੰ ਜੋ ਸੁਪਨੇ ਦਿਖਾਏ।ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਲੋਕਾਂ ਨੂੰ ਸੁਪਨੇ ਦਿਖਾਏ। (ਵਿਘਨ)(ਸ਼ੋਰ) ਇਨ੍ਹਾਂ ਨੇ ਜੋ ਪੰਜਾਬੀਆਂ ਨੂੰ ਸੁਪਨੇ ਦਿਖਾਏ ਔਰ ਇਹ ਕਹਿੰਦੇ ਸੀ..(ਵਿਘਨ) ਜ਼ਮਾਨਤ ਜ਼ਬਤ ਦੀ ਗੱਲ ਬਾਅਦ ਵਿਚ ਕਰਾਂਗੇ।

**5.25/ਜਸਪਾਲ/ਜੈਨ/28.6.22**

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿਚ ਬਹਿਸ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼ ਤੁਸੀਂ ਸਾਰੇ ਬੈਠੋ। ਬੈਠੋ। ਬੈਠੋ ਜੀ, ਤੁਸੀਂ ਬਹਿਸ ਨੂੰ ਚੱਲਣ ਦਿਉ। ਗਿਆਸਪੁਰਾ ਜੀ, ਇਹ ਤਰੀਕਾ ਨਹੀਂ ਹੈ (ਵਿਘਨ)(ਸ਼ੋਰ)

**ਡਾਕਟਰ ਰਾਜ ਕੁਮਾਰ :** ਇਹ ਕਹਿੰਦੇ ਸੀ ਕਿ ਸਾਡੇ ਕੋਲ ਅਲਾਦੀਨ ਦਾ ਚਿਰਾਗ ਹੈ।

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

**ਡਾਕਟਰ ਰਾਜ ਕੁਮਾਰ:** ਸਪੀਕਰ ਸਾਹਿਬ, ਇਹ ਕਹਿੰਦੇ ਸੀ ਕਿ ਸਾਡੇ ਕੋਲ ਅਲਾਦੀਨ ਦਾ ਚਿਰਾਗ ਹੈ, ਪੰਜਾਬ ਦੇ ਵਿੱਚ ਐਸਾ ਕਿ ਲੋਕ ਦੇਖਦੇ ਰਹਿ ਜਾਣਗੇ..

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਕੁੱਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਹਾਡਾ ਕੋਈ ਪੁਆਇੰਟ ਆਫ ਆਰਡਰ ਹੈ? ਤੁਸੀਂ ਇਨ੍ਹਾਂ ਨੂੰ ਇੰਟਰੱਪਟ ਨਾ ਕਰੋ, ਕੋਈ ਪੁਆਇੰਟ ਆਫ ਆਰਡਰ ਹੈ ਤਾਂ ਦੱਸੋ। ਕੋਈ ਰੂਲ ਦੀ ਵਾਇਓਲੇਸ਼ਨ ਹੈ ਤਾਂ ਦੱਸੋ, ਨਹੀਂ ਤਾਂ ਅਮਨ ਜੀ, ਤੁਸੀਂ ਬੈਠੋ ਜੀ। (ਵਿਘਨ) ਬੈਠੋ ਅਮਨ ਜੀ, ਬਹਿ ਜਾਉ। ਤੁਹਾਡੇ ਕੋਲ ਡੇਢ ਘੰਟਾ ਹੈ। (ਵਿਘਨ) ਜੋ ਮਰਜ਼ੀ ਬੋਲ ਲੈਣਾ, ਇਨ੍ਹਾਂ ਦੀ ਗੱਲ ਪੂਰੀ ਹੋ ਜਾਣ ਦਿਉ (ਵਿਘਨ) ਡੇਢ ਘੰਟਾ ਤੁਹਾਡੇ ਕੋਲ ਹੈ, ਡੇਢ ਘੰਟਾ ਤੁਹਾਡੇ ਕੋਲ ਹੈ, ਬੜਾ ਟਾਈਮ ਹੈ, ਪਰਮਾਤਮਾ ਨੇ ਬੜੀ ਕਿਰਪਾ ਕੀਤੀ ਹੋਈ ਹੈ । ਹਾਂ ਜੀ, ਡਾਕਟਰ ਸਾਹਿਬ ਜੀ।

**ਡਾਕਟਰ ਰਾਜ ਕੁਮਾਰ:** ਸਪੀਕਰ ਸਾਹਿਬ, ਇਸੇ ਪਵਿੱਤਰ ਸਦਨ ਦੇ ਵਿੱਚ ਬੋਲਦੇ ਹੋਏ ਮੇਰੇ ਸਾਥੀ ਜੈ ਕ੍ਰਿਸ਼ਨ ਜੀ ਮੇਰੇ ਨਾਲ ਦੇ ਗਵਾਂਢੀ ਹਲਕੇ ਤੋਂ ਹੀ ਹਨ । ਇਹ ਕਹਿ ਰਹੇ ਸੀ ਕਿ ਹਲਕੇ ਦੇ ਵਿਚ ਸਾਨੂੰ ਬੀਬੀਆਂ ਪੁੱਛਦੀਆਂ ਸੀ ਕਿ ਹਜ਼ਾਰ ਰੁਪਿਆ ਕਦੋਂ ਆਵੇਗਾ ਤੇ ਫਿਰ ਇੱਕ ਬੀਬੀ ਨੇ ਕਿਹਾ ਕਿ ਜੁਆਕ ਹਾਲੇ ਤੱਕ ਛੋਟਾ ਹੈ, ਤਿੰਨ ਦਿਨ ਦਾ ਜੁਆਕ ਹੈ, ਹੁਣ ਤਾਂ ਜੁਆਕ 100 ਦਿਨ ਦਾ ਹੋ ਗਿਆ । ਤੁਸੀਂ ਉਦੋਂ ਤਾਂ ਇਹ ਦੱਸਿਆ ਕਿ ਸਾਡੇ ਕੋਲ ਜੁਆਕ ਨਹੀਂ ਹੈ, ਅਸੀਂ ਬਣਿਆ ਬਣਾਇਆ, ਨਾਂ ਵੀ ਦੱਸਿਆ ਸੀ ਲੱਭੂ। ਤੁਸੀਂ ਕਹਿੰਦੇ ਸੀ ਲੱਭੂ ਅਸੀਂ ਬਣਿਆ ਬਣਾਇਆ ਦਿੱਲੀ ਤੋਂ ਲਿਆਵਾਂਗੇ। (ਹਾਸਾ) ਲੱਭੂ ਲੱਭੂ, ਇਹ ਤੁਹਾਡੇ ਵਾਲਾ ਲੱਭੂ ਹੈ। (ਹਾਸਾ ) ਲੱਭੂ, ਲੱਭੂ ਤੁਹਾਡੇ ਵਾਲਾ, ਤੁਹਾਡੇ ਵਾਲਾ ਲੱਭੂ। ਕਹਿੰਦੇ ਜੀ, ਲੱਭੂ ਲਿਆਵਾਂਗੇ ਦਿੱਲੀ ਤੋਂ ਪਲਿਆ ਪਿਲਾਇਆ। (ਹਾਸਾ) ਕਹਿੰਦੇ ਕਿ ਜਦੋਂ ਅਲਾਦੀਨ ਦਾ ਚਿਰਾਗ ਰਗੜੇਗਾ, ਜਦੋਂ ਅਲਾਦੀਨ ਦਾ ਚਿਰਾਗ ਰਗੜਿਆ, ਜਦੋਂ ਜਿੰਨ ਪ੍ਰਗਟ ਹੋਇਆ..

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਟਰੇਜ਼ਰੀ ਬੈਂਚਿਜ਼ ਨੂੰ ਵੀ ਬੇਨਤੀ ਕਰਦਾ ਹਾਂ ਕਿ ਸ਼ਾਂਤੀ ਬਣਾ ਕੇ ਰੱਖੋ। ਬਹਿਸ ਨੂੰ ਸੁਚਾਰੂ ਢੰਗ ਦੇ ਨਾਲ ਚਲਣ ਦਿਉ। (ਵਿਘਨ)(ਸ਼ੋਰ) ਰਾਜਾ ਜੀ, ਤੁਸੀਂ ਵੀ ਬੈਠੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਇਨ੍ਹਾਂ ਦੇ ਪਾਰਟੀ ਦੇ ਆਪਣੇ ਪ੍ਰਧਾਨ ਨੂੰ ਆਪਣੇ ਵਾਰੀ ਤਾਂ ਬਹੁਤ ** ਲੱਗਦੀਆਂ ਹਨ।

**ਮਾਨਯੋਗ ਸਪੀਕਰ:** ** ਸ਼ਬਦ ਕੱਟਿਆ ਜਾਵੇ। ਰਾਜਾ ਜੀ, ਤੁਸੀਂ ਬੈਠੋ, ਮੰਤਰੀ ਜੀ ਬੈਠੋ। ਬਾਕੀ ਤੁਸੀਂ ਸਾਰੇ ਬੈਠੋ। ਅਮਨ ਜੀ, ਤੁਸੀਂ ਬੈਠੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਪਲੀਜ਼, ਸਾਰੇ ਬੈਠੋ। ਬੈਠੋ।

**ਡਾਕਟਰ ਰਾਜ ਕੁਮਾਰ :** ਸਪੀਕਰ ਸਾਹਿਬ, ਜਦੋਂ ਅਲਾਦੀਨ ਦਾ ਚਿਰਾਗ ਰਗੜਿਆ ਤਾਂ ਅੱਗੇ ਹੋਇਆ ਜਿੰਨ ਪ੍ਰਗਟ । ਜਿੰਨ ਕਹਿੰਦਾ, ਕਹਿੰਦਾ ਜੀ ਹੁਕਮ ਮੇਰੇ ਆਕਾ ਕਿਥੇ ਪਾਵਾਂ ਪਟਾਕਾ। ਜਦੋਂ ਦੇ ਆਏ ਹੋਏ ਉਦੋਂ ਤੋਂ ਹੀ ਪੰਜਾਬ ਦੇ ਵਿੱਚ ਪਟਾਕਾ ਹੀ ਪਿਆ ਹੋਇਆ ਹੈ। ਜਦੋਂ ਦੇ ਆਏ ਹੋਏ ਹਨ ਲਾਅ ਐਂਡ ਆਰਡਰ ਦੀ ਸਥਿਤੀ ਖਰਾਬ ਹੈ। ਹੁਣ ਤੁਹਾਡੇ ਲੱਭੂ ਨੂੰ ਹੋਏ 100 ਦਿਨ, ਲੱਭੂ ਨੂੰ 100 ਦਿਨ ਹੋਏ ਨਹੀਂ ਸੀ, ਲੱਭੂ ਦਾ ਹੋ ਗਿਆ ਐਕਸੀਡੈਂਟ ਸਿਮਰਨਜੀਤ ਸਿੰਘ ਮਾਨ ਦਾ ਤੇ ਹੁਣ ਇਹ ਨਹੀਂ ਕਹਿਣਾ ਕਿ ਹੁਣ ਜਿਹੜਾ ਲੱਭੂ ਦਾ ਦਿਮਾਗ ਹੈ, ਉਸ ਦੀ ਯਾਦਯਾਸ਼ਤ ਚਲੀ ਗਈ ਲੱਭੂ ਦੀ ਅਤੇ ਹੁਣ ਕਰੀਏ । ਸੋ, ਗੱਲ ਇਹ ਹੈ ਕਿ ਬਹਾਨੇਬਾਜ਼ੀ ਕੋਈ ਨਹੀਂ ਕਿਉਂਕਿ ਜਦੋਂ ਅਮਨ ਜੀ ਲੋਕਾਂ ਨੂੰ ਤੁਸੀਂ ਭਰੋਸਾ ਦਿਵਾਇਆ ਸੀ, ਤੁਸੀਂ ਭਰੋਸਾ ਇਹ ਦਿਵਾਇਆ ਸੀ ਕਿ ਆਉਂਦੇ ਹੀ ਚਮਤਕਾਰ ਕਰਾਂਗੇ । ਸਾਡੀਆਂ ਬੀਬੀਆਂ ਵੀ, ਸਾਡੇ ਗਰੀਬ ਵੀ, ਤਿੰਨ ਸੌ ਯੂਨਿਟ ਚਾਹੇ ਬਿਜਲੀ ਦੀ ਗੱਲ ਹੋਵੇ ਵਿਚਾਰੇ ਅੱਜ ਵੀ ਇੰਤਜ਼ਾਰ ਕਰ ਰਹੇ ਹਨ, ਇਹ ਕਦੋਂ ਤੋਂ ਕਰੋਗੇ?

**(ਟਰੇਜ਼ਰੀ ਬੈਂਚਿਜ਼ ਵਲੋਂ ਅਵਾਜ਼ਾਂ:** ਪਹਿਲੀ ਜੁਲਾਈ ਤੋਂ ਹੋ ਰਿਹਾ ਹੈ।)

**ਡਾਕਟਰ ਰਾਜ ਕੁਮਾਰ:** ਅੱਜ ਬੀਬੀਆਂ ਦਾ ਵੀ ਦੱਸ ਦਿਉ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਕੁੱਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਅਮਨ ਜੀ, ਤੁਹਾਡਾ ਨਾਂ ਲਿਆ ਗਿਆ ਹੈ? ਡਾਕਟਰ ਸਾਹਿਬ, ਇੱਕ ਮਿੰਟ। ਤੁਸੀਂ ਅਮਨ ਜੀ ਦਾ ਨਾਂ ਲਿਆ ਹੈ।

**ਡਾਕਟਰ ਰਾਜ ਕੁਮਾਰ:** ਸਰ, ਮੈਂ ਅਮਨ ਜੀ ਨੂੰ ਕੋਈ ਗਲਤ ਗੱਲ ਨਹੀਂ ਕਹੀ । If he feels so, then I am sorry for that.

**ਮਾਨਯੋਗ ਸਪੀਕਰ :** ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਆਪਾਂ ਨੂੰ ਦੇਖ ਰਿਹਾ ਹੈ, ਜਦੋਂ ਵੀ ਕੋਈ ਮਾਨਯੋਗ ਮੈਂਬਰ ਬੋਲ ਰਿਹਾ ਹੈ, ਕੋਈ ਹੋਰ ਬੋਲਣਾ ਚਾਹੁੰਦਾ ਹੈ ਤਾਂ ਚੇਅਰ ਤੋਂ ਇਜਾਜ਼ਤ ਲੈ ਕੇ ਬੋਲੋ। ਤੁਹਾਡੇ ਸਾਰਿਆਂ ਦੇ ਅਕਸ ਦਾ ਮੈਨੂੰ ਫਿਕਰ ਹੈ। ਸੋ, ਕਿਰਪਾ ਕਰੋ। ਅਮਨ ਜੀ। ਕੁਝ ਕਹਿਣਾ ਚਾਹੁੰਦੇ ਹਨ।

ਬ.ਕ./ਹ.ਸ/28.6.22/5.30

**ਸ਼੍ਰੀ ਅਮਨ ਅਰੋੜਾ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਇੱਥੇ ਲੱਭੂ, ਪੱਪੂ ਅਤੇ ਪਾਰਟੀ ਪ੍ਰਧਾਨ ਦੀਆਂ ਬਹੁਤ ਗੱਲਾਂ ਹੋ ਗਈਆਂ ਹਨ, ਮੈਂ ਉਨ੍ਹਾਂ ਵਿੱਚ ਨਹੀਂ ਪੈਂਦਾ। ਮੈਂ ਸਿਰਫ ਇੰਨੀ ਬੇਨਤੀ ਕਰਦਾ ਹਾਂ ਕਿ ਆਪਾਂ ਪੁਲੀਟੀਕਲ ਲੋਕ ਇਲੈੱਕਸ਼ਨਾਂ ਲੜ ਕੇ ਆਉਂਦੇ ਹਾਂ ਅਤੇ ਜਿੱਤਾਂ-ਹਾਰਾਂ ਚਲਦੀਆਂ ਰਹਿੰਦੀਆਂ ਹਨ। ਜਿਵੇਂ ਅਸੀਂ 5,000 ਵੋਟ ਤੇ ਹਾਰੇ ਹਾਂ ਇਸੇ ਤਰ੍ਹਾਂ ਹੀ ਜਿਹੜੀ ਬੀ.ਜੇ.ਪੀ ਨੈਸ਼ਨਲ ਪਾਰਟੀ ਹੈ ਅਤੇ ਦੇਸ਼ ਤੇ ਰਾਜ ਕਰ ਰਹੀ ਹੈ। One of the strongest Chief Minister Mr. Yogi Adityanath, ਬੀ.ਜੇ.ਪੀ ਦੇ ਹਨ, ਉਹ ਵੀ ਜਦੋਂ ਸੀ.ਐਮ ਬਣੇ ਸਨ ਤਾਂ ਆਪਣੀ ਕਾਂਸਟੀਚੁਐਂਸੀ ਗੋਰਖਪੁਰ ਤੋਂ ਹਾਰ ਗਏ ਸਨ। That does not mean ਕਿ ਯੋਗੀ ਅਦਿੱਤਿਆਨਾਥ ਜਾਂ ਬੀ.ਜੇ.ਪੀ ਉਥੋਂ ਖਤਮ ਹੋ ਗਈ। ਦੂਜੀ ਗੱਲ, ਹਾਰੇ ਜਾਣ ਅਤੇ ਨਕਾਰੇ ਜਾਣ ਵਿੱਚ ਬਹੁਤ ਫਰਕ ਹੁੰਦਾ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) ਮੈਂ ਕਾਂਗਰਸ ਦੇ ਆਪਣੇ ਸਾਥੀਆਂ ਨੂੰ ਮੁਬਾਰਕਬਾਦ ਵੀ ਦੇਣੀ ਚਾਹੁੰਦਾ ਹਾਂ ਅਤੇ ਮੈਂ ਇਨ੍ਹਾਂ ਦੀ ਤਾਰੀਫ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇੰਨਾ ਵੱਡਾ ਦਿਲ, ਸਵਾ ਸੌ ਸਾਲ ਪੁਰਾਣੀ ਪਾਰਟੀ ਅੱਜ ਜ਼ਮਾਨਤ ਜ਼ਬਤ ਕਰਵਾ ਕੇ ਇਹ ਖੁਸ਼ੀ ਮਨਾ ਰਹੀ ਹੈ ਕਿ ਅਸੀਂ 5,000 ਵੋਟਾਂ ਨਾਲ ਹਾਰੇ ਹਾਂ। ਧੰਨਵਾਦ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਡਾਕਟਰ ਰਾਜ ਕੁਮਾਰ** : ਸਪੀਕਰ ਸਾਹਿਬ, ਮੈਨੂੰ ਇਹ ਦੁੱਖ ਹੁੰਦਾ ਹੈ ਕਿ ਜਿਹੜਾ ਕਾਂਗਰਸ ਦਾ ਡੀ.ਐਨ.ਏ ਹੈ, ਇਨ੍ਹਾਂ ਦੇ ਬਜ਼ੁਰਗ ਕਾਂਗਰਸ ਵਿੱਚ ਰਹੇ ਹਨ, ਲਗਦਾ ਹੈ ਕਿ ਉਹ ਡੀ.ਐਨ.ਏ ** ** ਹੋ ਗਿਆ ਹੈ, ਕੋਈ ਗੱਲ ਨਹੀਂ।(ਸ਼ੋਰ, ਵਿਘਨ)

**ਮਾਨਯੋਗ ਸਪੀਕਰ** : ਰਾਜ ਕੁਮਾਰ ਜੀ, ਇਸ ਤਰ੍ਹਾਂ ਨਹੀਂ। ** ** ਸ਼ਬਦ ਕੱਟੇ ਜਾਣ।

**Doctor Raj Kumar**: Sorry, Sir. (Interruption)

**ਮਾਨਯੋਗ ਸਪੀਕਰ** : ਇਹ ਗਲਤ ਗੱਲ ਹੈ ਜੀ।(ਵਿਘਨ, ਸ਼ੋਰ) ਹੋ ਗਿਆ ਜੀ। ਉਨ੍ਹਾਂ ਨੇ ਸੌਰੀ ਬੋਲ ਦਿੱਤਾ ਹੈ।(ਵਿਘਨ...) ਉਨ੍ਹਾਂ ਨੇ ਮਾਫੀ ਮੰਗ ਲਈ ਹੈ। He has said sorry for that.

**ਸ਼੍ਰੀ ਅਮਨ ਅਰੋੜਾ** : ਡਾਕਟਰ ਸਾਹਿਬ, ਤੁਸੀਂ ਮੇਰੇ ਭਰਾ ਹੋ। ਮੈਂ ਵੀ ਕਾਂਗਰਸ ਵਿੱਚ ਬਹੁਤ ਸਾਲ ਲਗਾਏ ਹਨ। ਮੈਂ ਅੱਜ ਇਸ ਪਵਿੱਤਰ ਸਦਨ ਵਿੱਚ ਖੜ੍ਹਾ ਹੋ ਕੇ ਕਹਿੰਦਾ ਹਾਂ ਕਿ ਜੇ ਇਮਾਨਦਾਰੀ ਦਾ ਲੜ ਫੜਨਾ, ਪੰਜਾਬ ਦੇ ਲੋਕਾਂ ਦੇ ਹਿੱਤ ਦੀ ਗੱਲ ਕਰਨਾ ਅਤੇ ਇਮਾਨਦਾਰ ਲੀਡਰ ਦਾ ਪੱਲਾ ਫੜ ਕੇ ਇਮਾਨਦਾਰ ਲੋਕਾਂ ਵਿੱਚ ਰਹਿ ਕੇ ਪੰਜਾਬ ਦੀ ਸੇਵਾ ਕਰਨੀ ਹੈ ਤਾਂ ** ** of DNA ਹੋਵੇ, ਮੇਰੇ ਤੋਂ ਵੱਡਾ ਖੁਸ਼ਕਿਸਮਤ ਕੋਈ ਨਹੀਂ ਹੈ। ਤੁਹਾਨੂੰ ਸਾਰਿਆਂ ਨੂੰ ਇਸ ਦੀ ਲੋੜ ਹੈ ਕਿਉਂਕਿ ਤੁਹਾਡਾ ਡੀ.ਐਨ.ਏ ਖਤਮ ਹੋ ਗਿਆ ਹੈ।(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਡਾਕਟਰ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਜਵਾਬ ਦੇਵਾਂ ਕਿ ਰਹਿਣ ਦਿਆਂ।

**ਮਾਨਯੋਗ ਸਪੀਕਰ** : ਨਹੀਂ ਜੀ, ਤੁਸੀਂ ਆਪਣੀ ਸਪੀਚ ਦਿਓ।

**ਡਾਕਟਰ ਰਾਜ ਕੁਮਾਰ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਬਜਟ ਤੇ ਹੋਰ ਬੋਲਾਂ।

**ਮਾਨਯੋਗ ਸਪੀਕਰ** : ਹਾਲੇ ਬੋਲੇ ਨਹੀਂ?

**ਡਾਕਟਰ ਰਾਜ ਕੁਮਾਰ** : ਸਪੀਕਰ ਸਾਹਿਬ, ਮੈਨੂੰ ਗਾਲਿਬ ਸਾਹਿਬ ਦੀਆਂ ਕੁਝ ਲਾਈਨਾਂ ਯਾਦ ਆ ਰਹੀਆਂ ਹਨ –

बहुत शोर सुनते थे पहलू में दिल का,
जो चीरा से एक कतरा- ए- ख़ून न निकला।

ਸਪੀਕਰ ਸਾਹਿਬ, ਇਹ ਕਹਿੰਦੇ ਸੀ ਕਿ ਬਜਟ ਇਕ ਬਦਲਾਅ ਵਾਲਾ ਬਜਟ ਹੋਵੇਗਾ, ਇਨਕਲਾਬੀ ਬਜਟ ਹੋਵੇਗਾ ਪਰ ਜਿੰਨਾ ਵੀ ਮੈਂ ਬਜਟ ਪੜ੍ਹਿਆ ਹੈ, ਜਿੰਨਾ ਵੀ ਦੇਖਿਆ ਹੈ, ਮਾਫ ਕਰਨਾ ਮੈਨੂੰ ਇਸ ਬਜਟ ਵਿੱਚ ਕੁਝ ਵੀ ਨਵਾਂ ਨਹੀਂ ਲੱਗਿਆ।(ਵਿਘਨ) ਐਕਸਾਈਜ਼ ਵਾਸਤੇ ਜਿਹੜਾ ਇਹ ਕਹਿ ਰਹੇ ਹਨ ਕਿ 9648 ਕਰੋੜ ਰੁਪਏ ਦਾ ਟਾਰਗੈਟ ਰੱਖਿਆ ਹੈ, ਇਹ ਅੱਛੀ ਗੱਲ ਹੈ ਪਰ ਸਭ ਤੋਂ ਦੁਖ ਦੀ ਗੱਲ ਇਹ ਹੈ ਕਿ ਪੰਜਾਬ ਦੇ ਠੇਕੇਦਾਰ, ਜਿਹੜੇ ਇੰਨੀ ਦੇਰ ਤੋਂ ਪੰਜਾਬ ਵਿੱਚ ਕੰਮ ਕਰ ਰਹੇ ਸਨ, ਅੱਜ ਉਹ ਬਿਲਕੁਲ ਬੇਰੁਜ਼ਗਾਰ ਹੋ ਗਏ ਹਨ। ਅੱਜ ਸਟੇਅ ਹੋ ਗਿਆ ਹੈ।(ਵਿਘਨ, ਸ਼ੋਰ) ਜਿਹੜੀ ਇਨ੍ਹਾਂ ਨੇ ਗਰੰਟੀ ਦਿੱਤੀ ਸੀ, ਉਹ ਵੀ ਫੇਲ੍ਹ ਹੋ ਗਈ।

ਇਸ ਤੋਂ ਅੱਗੇ ਮਾਈਨਿੰਗ ਦੀ ਗੱਲ ਕਰਾਂਗਾ। ਮੈਂ ਕਲ੍ਹ ਅਮਨ ਅਰੋੜਾ ਜੀ ਦੀ ਗੱਲ ਸੁਣ ਰਿਹਾ ਸੀ। (ਘੰਟੀ) ਇਹ ਕਹਿ ਰਹੇ ਸੀ ਕਿ ਸਰਕਾਰ ਦੀ ਇਜ਼ਾਜਤ ਤੋਂ ਬਗੈਰ ਚਿੜੀ ਵੀ ਪਰ ਨਹੀਂ ਮਾਰ ਸਕਦੀ ਪਰ ਮਾਫ ਕਰਨਾ, 100 ਦਿਨ ਹੋ ਗਏ ਹਨ, ਚਿੜੀਆਂ ਵੀ ਅਜੇ ਵੀ ਪਰ ਮਾਰ ਰਹੀਆਂ ਹਨ ਅਤੇ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਅੱਜ ਵੀ ਹੋ ਰਿਹਾ ਹੈ ਅਤੇ ਮਾਈਨਿੰਗ ਵੀ ਬਹੁਤ ਜ਼ਿਆਦਾ ਹੋ ਰਹੀ ਹੈ।

ਕਿਰਪਾ ਕਰਕੇ ਇਸ ਤੇ ਚੈੱਕ ਰੱਖਿਆ ਜਾਵੇ। ਹੁਣ ਤਾਂ ਤੁਹਾਡੀ ਸਰਕਾਰ ਹੈ, 100 ਦਿਨ ਸਰਕਾਰ ਦੇ ਹੋ ਗਏ ਹਨ।

**(ਇਸ ਸਮੇਂ ਸਿੱਖਿਆ ਮੰਤਰੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਆਪਣੀ ਸੀਟ ਤੇ ਬੋਲਣ ਵਾਸਤੇ ਖੜ੍ਹੇ ਸਨ।)**

**ਮਾਨਯੋਗ ਸਪੀਕਰ** : ਮੰਤਰੀ ਜੀ, ਇਨ੍ਹਾਂ ਨੂੰ ਕਨਕਲੂਡ ਕਰ ਲੈਣ ਦਿਓ।

**ਡਾਕਟਰ ਰਾਜ ਕੁਮਾਰ** : ਸਪੀਕਰ ਸਾਹਿਬ, ਇਨ੍ਹਾਂ ਨੇ ਮਾਈਨਿੰਗ ਵਿੱਚ 129 ਤੋਂ 350 ਕਰੋੜ ਦੀ ਗੱਲ ਕੀਤੀ ਹੈ ਅਤੇ ਮੈਂ ਲੱਭ ਰਿਹਾ ਸੀ ਕਿ 20,000 ਕਰੋੜ ਹੋਵੇਗਾ ਪਰ ਉਹ ਮਾਈਨਿੰਗ ਹੈੱਡ ਹੇਠ ਮੈਨੂੰ ਕਿਤੇ ਵੀ 20,000 ਕਰੋੜ ਨਜ਼ਰ ਨਹੀਂ ਆਇਆ। ਮਾਨਯੋਗ ਆਪ ਸੁਪਰੀਮੋ ਨੇ ਕਿਹਾ ਕਿ 20% ਭ੍ਰਿਸ਼ਟਾਚਾਰ ਹੁੰਦਾ ਹੈ (ਘੰਟੀ ਦੀ ਆਵਾਜ਼)

28.6.2022 karamjit kaur/HST 5.35

ਔਰ 34,000 ਕਰੋੜ ਰੁਪਏ ਦਾ ਬਜਟ ਵਿੱਚ ਕਿਤੇ ਜ਼ਿਕਰ ਵੀ ਨਹੀਂ ਮਿਲਿਆ। (ਘੰਟੀ ਦੀ ਆਵਾਜ਼) ਸਪੀਕਰ ਸਾਹਿਬ, ਇੱਕ ਮਿੰਟ ਹੋਰ ਦਿਉ ਜੀ।

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਹੋ ਗਿਆ ਹੈ। ਮੈਂ ਤੁਹਾਨੂੰ ਉਨ੍ਹਾਂ ਨਾਲੋਂ ਵੀ ਟਾਈਮ ਵੱਧ ਕਰ ਦਿੱਤਾ ਸੀ। ਹਾਂ ਜੀ, ਮੀਤ ਹੇਅਰ ਜੀ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸਪੀਕਰ ਸਾਹਿਬ, ਮੈਂ ਤਾਂ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਹੜੀ ਗੱਲ ਅਸੀਂ ਪੰਜ ਸਾਲ ਕਹਿੰਦੇ ਰਹੇ, ਅੱਜ ਇਹ ਹਾਊਸ ਵਿੱਚ ਮੰਨ ਗਏ ਕਿ ਪਹਿਲਾਂ ਕੁਰਪਸ਼ਨ ਵੀ ਚਲਦੀ ਸੀ ਅਤੇ ਮਾਈਨਿੰਗ ਵੀ ਚਲਦੀ ਸੀ। ਇਨ੍ਹਾਂ ਨੇ ਕਿਹਾ ਹੈ ਕਿ ਅਜੇ ਵੀ ਚੱਲ ਰਹੀ ਹੈ (ਹਾਸਾ) (Treasury Benches ਵੱਲੋਂ ਥੰਪਿੰਗ) ਇਸ ਦਾ ਮਤਲਬ ਕਿ ਇਹ ਮੰਨਦੇ ਹਨ ਕਿ ਪਹਿਲਾਂ ਵੀ ਚਲਦੀ ਸੀ। ਤੁਸੀਂ ਕਿਹਾ ਹੈ ਕਿ ਅਜੇ ਵੀ ਚੱਲ ਰਹੀ ਹੈ, ਇਸ ਦਾ ਮਤਲਬ ਕਿ ਇਹ ਆਪ ਐਡਮਿਟ ਕਰਦੇ ਹਨ ਕਿ ਸਾਡੇ ਟਾਈਮ ਨਜਾਇਜ਼ ਮਾਈਨਿੰਗ ਵੀ ਚਲਦੀ ਸੀ ਅਤੇ ਕੁਰੱਪਸ਼ਨ ਵੀ ਚਲਦੀ ਸੀ। ਅਸੀਂ ਇਸ ਨੂੰ ਬੰਦ ਕੀਤਾ ਹੋਇਆ ਹੈ, ਜੇ ਕਿਤੇ ਚਲਦੀ ਹੈ ਤਾਂ ਸਾਨੂੰ ਦੱਸੋ।

**ਡਾਕਟਰ ਰਾਜ ਕੁਮਾਰ:** ਤੁਹਾਨੂੰ ਕਿਉਂ ਦੱਸੀਏ? You are the Government. You should know it, that who is doing this.

**ਸਿੱਖਿਆ ਮੰਤਰੀ:** ਅਸੀਂ ਤਾਂ ਕਹਿੰਦੇ ਹਾਂ ਕਿ ਹੁਣ ਨਹੀਂ ਚਲਦੀ। ਤੁਹਾਡੀ ਸਰਕਾਰ ਵੇਲੇ ਜਗ੍ਹਾ ਜਗ੍ਹਾ ਤੇ ਚਲਦੀ ਸੀ।

**ਮਾਨਯੋਗ ਸਪੀਕਰ:** (ਵਿਘਨ) ਪਲੀਜ਼, ਚੇਅਰ ਨੂੰ ਐਡਰੈਸ ਕਰੋ। ਸ਼੍ਰੀ ਅਮਨ ਅਰੋੜਾ ਜੀ, ਕੀ ਕੁਝ ਕਹਿਣਾ ਹੈ?

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਇਸ ਤਰ੍ਹਾਂ ਗੱਲ ਹੈ ਕਿ ਮੇਰੀ ਪਹਿਲਾਂ ਵੀ ਡਾਕਟਰ ਸਾਹਿਬ ਨਾਲ ਦੋ ਤਿੰਨ ਵਾਰੀ ਗੱਲ ਹੋਈ ਹੈ ਕਿ ਮਾਈਨਿੰਗ ਦੇ ਵਿੱਚੋਂ 20,000 ਕਰੋੜ ਰੁਪਏ ਆਮਦਨ ਕਮਾਉਣ ਦੀ ਗੱਲ ਕੀਤੀ ਗਈ ਸੀ। ਮੈਂ ਇਨ੍ਹਾਂ ਦੇ ਗੱਲ ਨਾਲ 100% ਸਹਿਮਤ ਹਾਂ। ਪਰ ਆਪਾਂ ਸਾਰੇ ਇਥੇ ਪੰਜਾਬ ਦੇ ਫਾਇਦੇ ਦੀ ਗੱਲ ਕਰਨ ਆਏ ਹਾਂ। ਸੋ, ਇਹ 20,000 ਕਰੋੜ ਰੁਪਿਆ ਹੋ ਜਾਵੇਗਾ, ਅਜਿਹਾ ਹੋ ਸਕਦਾ ਹੈ। ਪਰ ਇਸ ਦੇ ਵਿੱਚ ਇਨ੍ਹਾਂ ਦੀ ਸਪੋਰਟ ਦੀ ਬਹੁਤ ਲੋੜ ਪੈਣੀ ਹੈ ਕਿਉਂਕਿ ਸਾਨੂੰ ਇਹ ਤਾਂ ਪਤਾ ਹੈ ਕਿ ਸਕੂਲ ਤੇ ਹਸਪਤਾਲ ਕਿਵੇਂ ਬਣਾਉਣੇ ਹਨ ਪਰ ਮਾਈਨਿੰਗ ਰੇਤਾ ਕਿਵੇਂ ਕੱਢਣਾ ਹੈ ਤੇ ਕਿਵੇਂ ਵੇਚਣਾ ਹੈ, ਮੇਰੇ ਇਨ੍ਹਾਂ ਸਾਥੀਆਂ ਦੇ ਵਿਚੋਂ ਕਾਫ਼ੀਆਂ ਨੂੰ ਬਹੁਤ ਜ਼ਿਆਦਾ ਪਤਾ ਹੈ। ਸਾਨੂੰ ਵੀ ਥੋੜ੍ਹੀ ਜਿਹੀ ਇਨਫਰਮੇਸ਼ਨ ਲੈ ਕਿਉ, ਅਸੀਂ ਇਹ 20,000 ਕਰੋੜ ਰੁਪਿਆ ਵੀ ਪੂਰਾ ਕਰ ਦੇਵਾਂਗੇ।

**ਸ਼੍ਰੀਮਤੀ ਨੀਨਾ ਮਿੱਤਲ (ਰਾਜਪੁਰਾ):** ਸਪੀਕਰ ਸਾਹਿਬ, ਪਲੀਜ਼, ਪਹਿਲਾਂ ਮੈਨੂੰ ਇੱਕ ਮਿੰਟ ਦੇ ਦਿਉ ਜੀ। ਮੇਰਾ ਪੁਆਇੰਟ ਇਨ੍ਹਾਂ ਦੇ ਕੁਐਸ਼ਚਨ ਨਾਲ ਰਿਲੇਟਿਡ ਹੈ ਜੀ। ਸਪੀਕਰ ਸਾਹਿਬ, ਇਨ੍ਹਾਂ ਨੇ ਪੁੱਛਿਆ ਹੈ ਕਿ ਔਰਤਾਂ ਨੂੰ ਪ੍ਰਤੀ ਮਹੀਨਾ ਮਿਲਣ ਵਾਲਾ 1000 ਰੁਪਿਆ ਅਜੇ ਕਿਉਂ ਨਹੀਂ ਆਇਆ। ਅੱਜ ਬੜੀ ਖੁਸ਼ੀ ਹੋ ਰਹੀ ਹੈ ਕਿ ਸਾਡੇ ਸਾਥੀਆਂ ਨੂੰ ਉੱਧਰ ਬੈਠਿਆਂ ਨੂੰ ਬੜਾ ਫਿਕਰ ਹੈ ਕਿ ਔਰਤਾਂ ਲਈ 1000 ਰੁਪਿਆ ਕਿਉਂ ਨਹੀਂ ਆਇਆ। ਪਰ ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਅੱਜ ਤੱਕ ਉਧਰ ਬੈਠੀਆਂ ਦੋਵਾਂ ਪਾਰਟੀਆਂ ਵਿੱਚੋਂ ਕਿਸੇ ਵੀ ਪਾਰਟੀ ਨੇ ਔਰਤਾਂ ਬਾਰੇ ਸੋਚਿਆ ਹੁੰਦਾ ਤਾਂ ਸ਼ਾਇਦ ਅੱਜ ਪੂਰੇ ਪੰਜਾਬ ਦੀਆਂ ਭੈਣਾਂ ਇਨ੍ਹਾਂ ਨਾਲ ਹੋਣੀਆਂ ਸੀ। (ਥੰਪਿੰਗ)

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਜੀ ਕਿ ਤੁਸੀਂ ਮੈਨੂੰ ਪਹਿਲੀ ਵਾਰ ਇਸ ਪਵਿੱਤਰ ਵਿਧਾਨ ਸਭਾ ਦੇ ਅੰਦਰ ਬਜਟ ਦੇ ਉਪਰ ਬੋਲਣ ਦਾ ਮੌਕਾ ਦਿੱਤਾ ਹੈ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ, ਪਹਿਲੀ ਵਾਰ ਬੋਲ ਰਹੇ ਹਨ। ਕਿਰਪਾ ਕਰਕੇ ਆਪਾਂ ਇਨ੍ਹਾਂ ਨੂੰ ਇੰਟਰਪਟ ਨਾ ਕਰੀਏ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਮਾਨਯੋਗ ਸਪੀਕਰ ਸਾਹਿਬ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਸੋਚ ਦੇ ਮੁਤਾਬਕ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪੰਜਾਬ ਵਿੱਚ ਇਸ ਵਾਰ ਆਮ ਘਰਾਂ ਦੇ ਨੌਜਵਾਨਾਂ ਨੂੰ, ਆਮ ਲੋਕਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਹੈ। ਇਤਿਹਾਸਕ ਫਤਫਾ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਮਿਲਿਆ ਹੈ। ਇਸ

ਕਰਕੇ ਸਾਨੂੰ ਸਾਰੇ ਆਮ ਲੋਕਾਂ ਵਿੱਚੋਂ ਚੁਣ ਕੇ ਆਏ ਨੁਮਾਇੰਦਿਆਂ ਨੂੰ ਇਸ ਗੱਲ ਦੀ ਫਿਕਰਮੰਦੀ ਸੀ ਕਿ ਜੋ ਸਾਡੇ ਸੂਬੇ ਦੀ ਹਾਲਤ ਹੁਣ ਤੱਕ ਹੋਈ ਹੈ, ਅਸੀਂ ਉਸ ਨੂੰ ਕਿਵੇਂ ਮੁੜ ਕੇ ਲੀਹ ਦੇ ਉਪਰ ਲੈ ਕੇ ਆਉਣਾ ਹੈ। ਪਰ ਜਦੋਂ ਇਸ ਵਿਧਾਨ ਸਭਾ ਵਿੱਚ ਸਾਡੇ ਮਾਨਯੋਗ ਵਿੱਤ ਮੰਤਰੀ ਚੀਮਾ ਸਾਹਿਬ ਨੇ ਬਜਟ ਪੇਸ਼ ਕੀਤਾ, ਉਸ ਦੇ ਨਾਲ ਸਾਨੂੰ ਆਪਣਾ ਅਗਲਾ ਰਾਹ ਬਿਲਕੁਲ ਸਾਫ ਨਜ਼ਰ ਆਇਆ। ਸਾਨੂੰ ਬਿਲਕੁਲ ਸਾਫ ਰਸਤਾ ਦਿੱਸਿਆ, ਔਰ ਸਾਡਾ ਇਸ ਗੱਲ ਨਾਲ ਆਤਮ ਵਿਸ਼ਵਾਸ ਬਹੁਤ ਜ਼ਿਆਦਾ ਵਧਿਆ ਕਿ ਆਉਣ ਵਾਲੇ ਸਾਲਾਂ ਵਿੱਚ ਅਸੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਪੰਜਾਬ ਨੂੰ ਚੰਗੇ ਪਾਸੇ ਵੱਲ ਲੈ ਕੇ ਜਾ ਰਹੇ ਹਾਂ। ਇਹ ਜਿਹੜਾ ਬਜਟ ਹੈ, ਇਹ ਬਹੁਤ ਹੀ ਬੇਹਤਰੀਨ ਬਜਟ ਹੈ, ਇਹ ਸੂਬੇ ਨੂੰ ਮੁੜ ਤੋਂ ਲੀਹ ਤੇ ਲੈ ਕੇ ਆਉਣ ਵਾਲਾ ਬਜਟ ਪੇਸ਼ ਕੀਤਾ ਹੈ। ਸੂਬੇ ਦੇ ਸਿੱਖਿਆ ਤੰਤਰ, ਸਿਹਤ ਤੰਤਰ ਅਤੇ ਸੂਬੇ ਦੀ ਨੌਜਵਾਨੀ ਨੂੰ ਮੁੜ ਕੇ ਖੜ੍ਹਾ ਕਰਨ ਵਾਲਾ ਬਜਟ ਮਾਨਯੋਗ ਵਿੱਤ ਮੰਤਰੀ ਚੀਮਾ ਸਾਹਿਬ ਨੇ ਪੰਜਾਬੀਆਂ ਦੇ ਅੱਗੇ ਰੱਖਿਆ ਹੈ। ਮੈਂ ਇਸ ਵਾਸਤੇ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਇਹ ਬਜਟ ਜਿਹੜੇ ਹਾਲਾਤਾਂ ਵਿੱਚ ਰੱਖਿਆ ਗਿਆ, ਅੱਜ ਸਵਾਲ ਖੜ੍ਹੇ ਕਰਨੇ ਤਾਂ ਸੌਖੇ ਹਨ, ਪਰ ਸਾਨੂੰ ਇਸ ਗੱਲ ਵੱਲ ਵੀ ਝਾਤੀ ਮਾਰਨੀ ਚਾਹੀਦੀ ਹੈ ਕਿ ਕਿਹੜੇ ਹਾਲਾਤਾਂ ਵਿੱਚ ਇਹ ਬਜਟ ਪੇਸ਼ ਕੀਤਾ ਗਿਆ ਹੈ। ਇਹ ਬਜਟ ਉਸ ਸਮੇਂ ਪੇਸ਼ ਕੀਤਾ ਗਿਆ ਹੈ, ਜਦੋਂ ਸੂਬੇ ਦਾ ਮੌਜੂਦਾ ਕਰਜ਼ 3 ਲੱਖ ਕਰੋੜ ਰੁਪਏ ਦੇ ਲਗਭਗ ਹੈ ਜੋ ਕਿ ਸਾਡੀ ਜੀ.ਐਸ.ਡੀ.ਪੀ. ਦਾ 45% ਤੋਂ ਵੀ ਜ਼ਿਆਦਾ ਹੈ। ਜੇਕਰ ਅਸੀਂ ਇਸ ਕਰਜ਼ ਦੇ ਵਧਣ ਦੀ ਸਪੀਡ ਵੱਲ ਨਿਗਾਹ ਮਾਰੀਏ ਤਾਂ ਸਾਲ 1980-81 ਵਿੱਚ ਇਹ ਕਰਜ਼ਾ 1,009 ਕਰੋੜ ਰੁਪਏ ਦਾ ਸੀ, ਜੋ ਕਿ ਸਾਲ 2011-12 ਵਿੱਚ ਵਧ ਕੇ 83,000 ਕਰੋੜ ਰੁਪਿਆ ਹੋ ਗਿਆ। ਇਹ ਇੰਨੀ ਸਪੀਡ ਨਾਲ ਵਧਿਆ ਕਿ ਅੱਜ ਇਹ 3 ਲੱਖ ਕਰੋੜ ਨੂੰ ਪੁੱਜ ਗਿਆ ਹੈ। ਪੰਜਾਬ ਦੇ ਵਿੱਚ ਪਰ ਕੈਪੀਟਾ ਇਨਕਮ ਭਾਵ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲਾਂ ਪੰਜਾਬ ਪਹਿਲੇ ਨੰਬਰ ਤੇ ਸੀ, ਇਸ ਵਿੱਚ ਪੰਜਾਬ ਇੰਨੀ ਤੇਜ਼ੀ ਨਾਲ ਪਿਛੇ ਗਿਆ ਕਿ ਇਹ 11ਵੇਂ ਨੰਬਰ ਤੇ ਆ ਗਿਆ।

28.06.2022/05.40/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

ਰਾਜ ਦਾ ਆਪਣਾ ਮਾਲੀਆ 72 ਫੀਸਦੀ ਤੋਂ ਘੱਟ ਕੇ 48 ਫੀਸਦੀ ਤੱਕ ਰਹਿ ਗਿਆ। ਜੀ.ਐਸ.ਡੀ.ਪੀ. ਵਿਚ ਵਾਧੇ ਦੀ ਦਰ 2006-07 ਵਿਚ ਇਕ ਵਾਰ 10.02 ਫੀਸਦੀ ਤੇ ਪਹੁੰਚੀ ਸੀ ਪਰ ਉਸ ਤੋਂ ਬਾਅਦ ਇਹ ਕਦੇ ਦੋ ਅੰਕੜਿਆਂ ਵਿਚ ਨਹੀਂ ਆਈ, ਉਸ ਤੋਂ ਥੱਲੇ ਥੱਲੇ ਰਹੀ ਹੈ। ਇਨ੍ਹਾਂ ਸਖਤ ਹਾਲਤਾਂ ਵਿਚ ਸਾਡੇ ਮਾਨਯੋਗ ਵਿੱਤ ਮੰਤਰੀ ਜੀ ਨੇ 2022-23 ਦੇ ਲਈ ਜੀ.ਐਸ.ਡੀ.ਪੀ. ਵਿਚ 9.77 ਫੀਸਦੀ ਵਾਧੇ ਵਾਲਾ, ਜੀ.ਐਸ.ਡੀ.ਪੀ. ਨੂੰ 6 ਲੱਖ 29 ਹਜ਼ਾਰ 834 ਕਰੋੜ ਤੇ ਲਿਜਾਉਣ ਵਾਲਾ ਬਜਟ ਪੇਸ਼ ਕੀਤਾ ਹੈ। ਇਸ ਬਜਟ ਵਿਚ ਖਾਸ ਗੱਲ ਇਹ ਹੈ ਕਿ ਸੂਬੇ ਦੇ ਵਿਦਿਅਕ ਢਾਂਚੇ ਲਈ ਖਾਸ ਧਿਆਨ ਰੱਖਿਆ ਹੈ। ਸਾਡੇ

ਸੂਬੇ ਦੀਆਂ ਵਿੱਦਿਅਕ ਸੰਸਥਾਵਾਂ ਜਿਹੜੀਆਂ ਅਧਿਆਪਕਾਂ ਤੋਂ ਬਿਨਾ ਚੱਲ ਰਹੀਆਂ ਹਨ, ਉਨ੍ਹਾਂ ਲਈ 16.27 ਫੀਸਦੀ ਵਾਧੇ ਨਾਲ ਇਨ੍ਹਾਂ ਸੰਸਥਾਵਾਂ ਵਿਚ ਸੁਧਾਰ ਦੀ ਆਸ ਜਾਗੀ ਹੈ। ਇਸ ਨਾਲ ਵਿਦਿਆਰਥੀਆਂ ਅਤੇ ਸਟਾਫ ਦੇ ਵਿਚ ਇਕ ਉਮੀਦ ਜਾਗੀ ਹੈ ਕਿ ਅੱਜ ਸੂਬੇ ਦਾ ਸਿੱਖਿਆ ਤੰਤਰ ਲੀਹ ਤੇ ਆਵੇਗਾ। ਇਸ ਬਜਟ ਵਿਚ ਤਕਨੀਕੀ ਸਿੱਖਿਆ ਲਈ ਵੀ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਤੁਸੀਂ ਵਿਧਾਨ ਸਭਾ ਵਿਚ ਮੈਂਬਰਜ਼ ਨੂੰ ਕਈ ਵਾਰ ਬੋਲਦਿਆਂ ਸੁਣਿਆ ਹੋਣਾ ਹੈ ਕਿ ਪਿਛਲੀ ਸਰਕਾਰ ਨੇ ਆਈ.ਟੀ.ਆਈਜ਼ ਤਾਂ ਖੋਲ ਦਿੱਤੀਆਂ ਪਰ ਸਟਾਫ ਨਹੀਂ ਹੈ, ਸਹੂਲਤਾਂ ਨਹੀਂ ਹਨ। ਇਨ੍ਹਾਂ ਚੀਜ਼ਾਂ ਨੂੰ ਦੇਖਦੇ ਹੋਏ ਤਕਨੀਕੀ ਸਿੱਖਿਆ ਲਈ 48 ਫੀਸਦੀ ਵਾਧੇ ਦਾ ਬਜਟ ਰੱਖ ਕੇ ਉਨ੍ਹਾਂ ਨੇ ਬਹੁਤ ਦੂਰ ਅੰਦੇਸ਼ੀ ਫੈਸਲਾ ਕੀਤਾ। ਜਦੋਂ ਅਸੀਂ ਆਪਣੇ ਸਰਕਾਰੀ ਮੈਡੀਕਲ ਕਾਲਜਾਂ ਵੱਲ ਝਾਤ ਮਾਰਦੇ ਹਾਂ ਤਾਂ ਸਾਨੂੰ ਲਗਦਾ ਹੈ ਕਿ ਇਹ ਸਮੇਂ ਦੇ ਹਾਣੀ ਨਹੀਂ ਰਹੇ ਪਰ ਇਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਅਤੇ ਵਿੱਤ ਮੰਤਰੀ ਜੀ ਨੇ 57 ਫੀਸਦੀ ਮੈਡੀਕਲ ਸਿੱਖਿਆ ਲਈ ਵਾਧਾ ਕੀਤਾ ਹੈ, ਜਿਸ ਨਾਲ ਲਾਪਰਵਾਹੀ ਦਾ ਸ਼ਿਕਾਰ ਹੋਏ ਸਰਕਾਰੀ ਮੈਡੀਕਲ ਕਾਲਜ ਮੁੜ ਲੀਹ ਤੇ ਆਉਣਗੇ ਅਤੇ ਸਮੇਂ ਦੇ ਹਾਣੀ ਬਣਨਗੇ। ਅਜ਼ਾਦੀ ਤੋਂ ਲੈ ਕੇ ਹੁਣ ਤੱਕ ਕਦੇ ਕਿਸੇ ਨੇ ਪੰਜਾਬ ਵਿਚ ਸਰਕਾਰੀ ਮੈਡੀਕਲ ਕਾਲਜ ਖੋਲਣ ਬਾਰੇ ਨਹੀਂ ਸੋਚਿਆ। ਅਸੀਂ ਕੇਵਲ ਨਿਜੀ ਮੈਡੀਕਲ ਕਾਲਜਾਂ ਤੇ ਨਿਰਭਰ ਹੋ ਕੇ ਰਹਿ ਗਏ ਸੀ ਪਰ ਹੁਣ 16 ਨਵੇਂ ਸਰਕਾਰੀ ਮੈਡੀਕਲ ਕਾਲਜ ਖੋਲਣ ਦਾ ਫੈਸਲਾ ਕਰਕੇ ਪੰਜਾਬ ਵਿਚ ਕੁੱਲ 25 ਸਰਕਾਰੀ ਮੈਡੀਕਲ ਕਾਲਜ ਹੋ ਜਾਣਗੇ। ਹਰ ਜ਼ਿਲ੍ਹੇ ਵਿਚ ਘੱਟੋ-ਘੱਟ ਇਕ ਮੈਡੀਕਲ ਕਾਲਜ ਹੋ ਜਾਵੇਗਾ। ਇਸ ਤੋਂ ਵੱਡਾ ਕ੍ਰਾਂਤੀਕਾਰੀ ਫੈਸਲਾ ਸੂਬੇ ਦੀ ਮੈਡੀਕਲ ਸਿੱਖਿਆ ਲਈ ਨਹੀਂ ਹੋ ਸਕਦਾ। ਇਸ ਨਾਲ ਸਿਹਤ ਵਿਵਸਥਾ ਦਾ ਵੀ ਬਹੁਤ ਸੁਧਾਰ ਹੋਵੇਗਾ ਕਿਉਂਕਿ ਸਾਡੇ ਪਿੰਡਾਂ ਵਿਚੋਂ ਨਵੇਂ ਡਾਕਟਰ ਪੈਦਾ ਹੋਣਗੇ। ਹੁਣ ਸਾਡੇ ਬੱਚੇ ਡਾਕਟਰੀ ਪੜ੍ਹਾਈ ਲਈ ਯੂਕਰੇਨ ਤੱਕ ਜਾਂਦੇ ਸੀ। ਜਦੋਂ ਜੰਗ ਲੱਗੀ ਤਾਂ ਉਥੋਂ ਜਾਨ ਬਚਾ ਕੇ ਵਾਪਸ ਆਉਣਾ ਪਿਆ ਪਰ ਹੁਣ ਜਦ ਸੂਬੇ ਵਿਚ ਹੀ ਸਰਕਾਰੀ ਮੈਡੀਕਲ ਕਾਲਜ ਖੁੱਲ੍ਹ ਗਏ ਤਾਂ ਸਾਡੇ ਭੈਣ ਭਰਾ ਇੱਥੇ ਹੀ ਡਾਕਟਰੀ ਪੜ੍ਹਾਈ ਕਰ ਸਕਣਗੇ। ਇਹ ਬਹੁਤ ਕ੍ਰਾਂਤੀਕਾਰੀ ਫੈਸਲਾ ਹੈ। (ਥੰਪਿੰਗ) ਐਜੂਕੇਸ਼ਨ ਨੂੰ ਲੈ ਕੇ ਜਿੰਨੇ ਵੀ ਫੈਸਲੇ ਕੀਤੇ ਗਏ ਹਨ, ਉਹ ਬਹੁਤ ਸ਼ਲਾਘਾਯੋਗ ਹਨ। ਸਾਡੇ ਨੌਜੁਆਨ ਸਿੱਖਿਆ ਮੰਤਰੀ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਦਾ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ ਜੋ ਸੂਬੇ ਦੇ ਸਕੂਲਾਂ, ਕਾਲਜਾਂ ਅਤੇ ਖੇਡ ਗਰਾਊਂਡਾਂ ਵਿਚ ਸੁਧਾਰ ਲਈ ਦਿਨ ਰਾਤ ਤੁਰੇ ਫਿਰਦੇ ਹਨ। ਇਸੇ ਮਿਹਨਤ ਨਾਲ ਕ੍ਰਾਂਤੀਕਾਰੀ ਬਦਲਾਅ ਸੰਭਵ ਹੈ। ਪੀ.ਜੀ.ਆਈ. ਅਤੇ ਸੈਕਟਰ 32 ਦੇ ਹਸਪਤਾਲ ਵਿਚ ਜਿਹੜੇ ਲੋਕ ਇਲਾਜ ਲਈ ਦਿਨ ਰਾਤ ਦੌੜੇ ਫਿਰਦੇ ਸੀ, ਇਨ੍ਹਾਂ ਕ੍ਰਾਂਤੀਕਾਰੀ ਫੈਸਲਿਆਂ ਨਾਲ ਉਨ੍ਹਾਂ ਨੂੰ ਰਾਹਤ ਮਿਲਗੀ। ਉਹ ਆਪਣੇ ਨੇੜੇ ਦੇ ਹਸਪਤਾਲਾਂ ਵਿਚ ਇਲਾਜ ਕਰਵਾ ਸਕਣਗੇ। ਇਸ ਤੋਂ ਵੀ ਅੱਗੇ ਜਾਂਦੇ ਹੋਏ ਇਕ ਸਟੈੱਪ ਹੋਰ ਲਿਆ ਗਿਆ ਹੈ। ਸਿਹਤ ਦੇ ਬਜਟ ਵਿਚ 23.80 ਫੀਸਦੀ ਦਾ ਵਾਧਾ ਕਰਕੇ ਉਸ ਨੂੰ 4731 ਕਰੋੜ ਕਰਨ

ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ 117 ਮਹੱਲਾ ਕਲੀਨਿਕ ਵੀ ਖੋਲੇ ਜਾਣਗੇ। ਇਸ ਨਾਲ ਸੂਬੇ ਦੇ ਸਿਹਤ ਤੰਤਰ ਵਿਚ ਕ੍ਰਾਂਤੀਕਾਰੀ ਬਦਲਾਅ ਹੋਣਗੇ ਅਤੇ ਗਰੀਬ ਲੋਕਾਂ ਨੂੰ ਫਾਇਦਾ ਹੋਵੇਗਾ। ਸਾਡਾ ਕੋਈ ਵੀ ਮੈਂਬਰ ਸਾਹਿਬਾਨ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ, ਚਾਹੇ ਕੋਈ ਜਿਹੜੀ ਮਰਜ਼ੀ ਪਾਰਟੀ ਦਾ ਹੋਵੇ, ਲੋਕਾਂ ਕੋਲ ਜਵਾਬਦੇਹੀ ਸਭ ਦੀ ਹੋਣੀ ਹੈ। ਪੰਜਾਬ ਦੇ ਵਿਚ ਪਿਛਲੇ ਸਮਿਆਂ ਵਿਚ ਇੰਝ ਜਾਪਦਾ ਸੀ ਕਿ ਗਰੀਬ ਲੋਕਾਂ ਕੋਲੋਂ ਇਲਾਜ ਦਾ ਅਧਿਕਾਰ ਹੀ ਖੋਹ ਲਿਆ ਗਿਆ ਸੀ।ਇਸ ਦਾ ਮਤਲਬ ਹੈ ਕਿ ਉਨ੍ਹਾਂ ਤੋਂ ਜ਼ਿੰਦਗੀ ਜਿਉਣ ਦਾ ਅਧਿਕਾਰ ਖੋਹ ਲਿਆ ਗਿਆ ਸੀ। ਜਦੋਂ ਸਾਡੇ ਕੋਲ ਇਲਾਕੇ ਦੇ ਵਿਚ ਕੋਈ ਮਰੀਜ਼ ਆਉਂਦੇ ਹਨ ਕਿ ਸਾਡੇ ਇਲਾਜ ਤੇ 25 ਲੱਖ ਰੁਪਿਆ ਲੱਗਣਾ ਹੈ ਪਰ ਪੈਸੇ ਸਾਡੇ ਕੋਲ ਨਹੀਂ ਹਨ, ਅਸੀਂ ਕਿੱਥੇ ਜਾਈਏ।

**ਅ.ਕ/ਬ.ਸ/5.45/28.6.2022**

ਮੈਂ ਖੁਦ ਮਾਨਯੋਗ ਹਾਈ ਕੋਰਟ ਦੇ ਵਿੱਚ ਕੇਸ ਪਾ ਪਾ ਕੇ ਕਈ ਮਰੀਜ਼ਾਂ ਦਾ ਇਲਾਜ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਜੇ ਕਿਸੇ ਗਰੀਬ ਬੰਦੇ ਕੋਲ ਇਲਾਜ ਦੇ ਲਈ ਪੈਸੇ ਨਹੀਂ ਹਨ, ਉਸ ਦਾ ਇਲਾਜ ਕਰਵਾਉਣਾ, ਉਸ ਦਾ right to life ਹੈ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ। ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੇ ਨਾਲ ਕਈ ਲੋਕਾਂ ਦੀਆਂ ਜਾਨਾਂ ਪੀ.ਜੀ.ਆਈ ਜਾਂ ਹੋਰ ਹਸਪਤਾਲਾਂ ਤੋਂ ਪਿਛਲੇ ਸਮੇਂ ਦੇ ਵਿੱਚ ਸਾਨੂੰ ਬਚਾਉਣੀਆਂ ਪਈਆਂ ਹਨ ਪਰ ਜੋ ਇਹ ਕ੍ਰਾਂਤੀਕਾਰੀ ਫੈਸਲਾ ਸੂਬੇ ਦੀਆ ਸਿਹਤ ਸੁਵਿਧਾਵਾਂ ਦੇ ਵਿੱਚ ਸੁਧਾਰ ਦੇ ਲਈ ਸਾਡੇ ਮੁੱਖ ਮੰਤਰੀ ਅਤੇ ਸਾਡੇ ਵਿੱਤ ਮੰਤਰੀ ਸਾਹਿਬ ਨੇ ਚੁੱਕਿਆ ਹੈ, ਉਸ ਦੇ ਨਾਲ ਇਲਾਜ ਕਰਵਾਉਣ ਲਈ ਗਰੀਬ ਲੋਕਾਂ ਦੇ ਵਿੱਚ ਇੱਕ ਨਵੀਂ ਉਮੀਂਦ ਜਾਗੀ ਹੈ। ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਬਜਟ ਹੁਣ ਬਣਿਆ ਹੈ ਅਤੇ ਖਰਚਾ ਹੋਣਾ ਹੈ ਪਰ ਜਿਹੜੇ ਸਾਡੇ ਵਿਰੋਧੀ ਧਿਰ ਵਿੱਚ ਸਾਡੇ ਸਤਿਕਾਰਯੋਗ ਮੈਂਬਰ ਬੈਠੇ ਹਨ, ਇਨ੍ਹਾਂ ਵੱਲੋਂ ਅਕਸਰ ਸਵਾਲ ਖੜ੍ਹੇ ਕੀਤੇ ਜਾਂਦੇ ਹਨ ਕਿ ਬਦਲਾਅ ਕਿੱਥੇ ਆ ਗਿਆ ਹੈ। ਮੈਂ ਇਨ੍ਹਾਂ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਦਲਾਅ ਗਰਾਊਂਡ ਤੇ ਜਾ ਕੇ ਦੇਖਣ ਦੀ ਲੋੜ ਹੈ। ਮੈਂ ਤਾਂ ਰੋਪੜ ਤੋਂ ਵਿਧਾਇਕ ਹਾਂ, ਮੈਂ ਉਥੋਂ ਦੀ ਹੀ ਗੱਲ ਕਰਾਂਗਾ। ਸਰਕਾਰ ਬਦਲਣ ਦੇ ਨਾਲ ਹੀ ਜਿਹੜੇ ਸਾਡੇ ਸਿਹਤ ਦੇ ਅਦਾਰੇ ਹਨ, ਉਨ੍ਹਾਂ ਦੇ ਕੰਮ-ਕਾਰ ਦੇ ਵਿੱਚ ਇੰਨਾਂ ਫਰਕ ਪਿਆ, ਇੰਨਾ ਬਦਲਾਅ ਆਇਆ ਹੈ ਹਾਲਾਂਕਿ ਹਾਲੇ ਕੋਈ ਜ਼ਿਆਦਾ ਨਵਾਂ ਸਟਾਫ ਨਹੀਂ ਭੇਜਿਆ ਹੈ, ਹਾਲੇ ਕੋਈ ਗਰਾਂਟ ਨਹੀਂ ਭੇਜੀ ਹੈ। ਸਿਰਫ ਸਰਕਾਰ ਬਦਲਣ ਦੇ ਨਾਲ ਹੀ ਅੱਜ ਜਾ ਕੇ ਦੇਖ ਲਓ ਕਿ ਸਰਕਾਰੀ ਹਸਪਤਾਲਾਂ ਦੇ ਵਿੱਚ ਰੋਪੜ ਹਲਕੇ ਦੇ ਸਿਵਲ ਹਸਪਤਾਲ ਦੇ ਵਿੱਚ ਅਤੇ ਰੋਪੜ ਦਾ ਦੂਜਾ ਹਸਪਤਾਲ ਹੈ ਸੀ.ਐਸ.ਈ. ਸਿੰਘਪੁਰ, ਇਨ੍ਹਾਂ ਦੇ ਵਿੱਚ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੋ ਗਈ। ਜਿੰਨੇ ਮਰੀਜ਼ ਪਹਿਲਾਂ ਚੈੱਕ ਕੀਤੇ ਜਾਂਦੇ ਸਨ। ਅੱਜ ਦੁੱਗਣੇ ਮਰੀਜ਼ ਚੈੱਕ ਕੀਤੇ ਜਾਂਦੇ ਹਨ। ਇਹ ਬਦਲਾਅ ਸਿਰਫ ਤੇ ਸਿਰਫ ਗੌਰਮਿੰਟ ਬਦਲਣ ਦੇ ਨਾਲ ਆ ਗਿਆ ਹੈ। ਗੌਰਮਿੰਟ ਕੰਮ ਕਰਨ ਵਾਲੀ ਅਤੇ ਕੰਮ ਕਰਵਾਉਣ

ਵਾਲੀ ਆ ਗਈ ਹੈ। ਇਸੇ ਕਰਕੇ ਇਸ ਬਦਲਾਅ ਦੇ ਨਾਲ ਹੀ ਇੰਨਾ ਫਰਕ ਪੈ ਗਿਆ ਹੈ। ਇਹ ਜਿਹੜੀ ਬਜਟ ਦੀ ਪ੍ਰੋਵੀਜ਼ਨ ਹੋਈ ਹੈ ਸਿਹਤ ਸੁਵਿਧਾਵਾਂ ਦੇ ਲਈ, ਇਸ ਦੇ ਨਾਲ ਹੋਰ ਕ੍ਰਾਂਤੀਕਾਰੀ ਬਦਲਾਅ ਹੋਰ ਹੋਣੇ ਹਨ।

ਸਪੀਕਰ ਸਾਹਿਬ, ਜਿੱਥੇ ਹਰ ਜ਼ਿਲ੍ਹੇ ਦੇ ਵਿੱਚ ਇੱਕ ਕਾਲਜ ਆਉਣ ਵਾਲੇ ਸਮੇਂ ਦੇ ਵਿੱਚ ਹੋ ਜਾਣਾ ਹੈ। ਉਥੇ ਹੀ ਰੋਪੜ੍ਹ ਦਾ ਵਿਧਾਇਕ ਹੋਣ ਦੇ ਨਾਤੇ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ, ਵਿੱਤ ਮੰਤਰੀ ਸਾਹਿਬ ਨੂੰ, ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਰੋਪੜ੍ਹ ਵਿਧਾਨ ਸਭਾ ਹਲਕੇ ਦੇ ਵਿੱਚ ਇੱਕ ਮੈਡੀਕਲ ਕਾਲਜ ਜ਼ਰੂਰ ਖੋਲ੍ਹਿਆ ਜਾਵੇ। ਉਸ ਦੇ ਲਈ ਜ਼ਮੀਨ ਉਪਲਬਧ ਕਰਵਾਉਣਾ ਸਾਡਾ ਰੋਪੜ੍ਹ ਦੀਆਂ ਪੰਚਾਇਤਾਂ ਦਾ ਕੰਮ ਹੈ। ਲੋਕਾਂ ਵਿੱਚ ਪੰਜਾਬ ਸੂਬੇ ਦੇ ਲਈ ਬਹੁਤ ਉਤਸ਼ਾਹ ਹੈ। ਸਿਰਫ ਪਹਿਲ ਕਦਮੀ ਕਰਨ ਦੀ ਲੋੜ ਹੁੰਦੀ ਹੈ। ਲੋਕ ਸੂਬੇ ਦੇ ਸੁਧਾਰ ਦੇ ਲਈ ਪੈਸੇ ਵੀ ਆਪ ਚੁੱਕੀ ਫਿਰਦੇ ਹਨ। ਜੇਕਰ ਸਰਕਾਰ ਰੋਪੜ੍ਹ ਹਲਕੇ ਵਿੱਚ ਆਉਣ ਵਾਲੇ ਸਮੇਂ ਵਿੱਚ ਇੱਕ ਮੈਡੀਕਲ ਕਾਲਜ ਖੋਲਣ ਦਾ ਫੈਸਲਾ ਕਰੇਗੀ ਤਾਂ ਉਥੇ ਜ਼ਮੀਨ ਵੀ ਉਪਲਬੱਧ ਹੋ ਜਾਵੇਗੀ ਨਾਲ ਹੀ ਉਥੇ ਜਿਹੜੇ ਟਰੱਸਟਾਂ ਕੋਲ ਕਰੋੜਾਂ ਰੁਪਿਆ ਪਿਆ ਹੈ ਜਿਹੜੇ ਕਿ ਚਾਹੁੰਦੇ ਹਨ ਕਿ ਕਿਹੜੇ ਚੰਗੇ ਕੰਮ ਤੇ ਇਹ ਪੈਸਾ ਵਰਤੀਏ, ਉਹ ਪੈਸਾ ਵੀ ਗੌਰਮਿੰਟ ਕਾਲਜ ਨੂੰ ਸਪੋਰਟ ਕਰਨ ਦੇ ਲਈ ਖਰਚ ਕੀਤਾ ਜਾ ਸਕਦਾ ਹੈ।

ਸਪੀਕਰ ਸਾਹਿਬ, ਫਰਿਸ਼ਤੇ ਸਕੀਮ ਜਿਹੜੀ ਕਿ ਸੜਕ ਹਾਦਸਿਆਂ ਵਿੱਚ ਜ਼ਖਮੀ ਲੋਕਾਂ ਦੇ ਲਈ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਨੂੰ ਲਾਗੂ ਹੋਣ ਤੋਂ ਬਾਅਦ ਦੇਖ ਲੈਣਾ ਕਿ ਬਹੁਤ ਜ਼ਿਆਦਾ ਮੌਤਾਂ ਦਾ ਗਰਾਫ ਥੱਲੇ ਆਵੇਗਾ। ਜਿਹੜਾ ਜ਼ਖਮੀ ਵਿਅਕਤੀ ਨੂੰ ਚੱਕ ਕੇ ਲੈ ਕੇ ਜਾਂਦਾ ਹੈ ਉਸ ਦੇ ਲਈ ਦੋ ਫਿਕਰਾ ਹੁੰਦੀਆਂ ਹਨ, ਇੱਕ ਤਾਂ ਪੁਲਿਸ ਦੀ ਕਾਰਵਾਈ ਅਤੇ ਦੂਸਰਾ ਜ਼ਖਮੀ ਦੇ ਉੱਪਰ ਪੈਸੇ ਖਰਚਣ ਦੀ ਫਿਕਰ ਹੁੰਦੀ ਹੈ। ਦੋਨਾਂ ਦਾ ਹੱਲ ਇਸ ਫਰਿਸ਼ਤੇ ਸਕੀਮ ਵਿੱਚ ਕਰ ਦਿੱਤਾ ਗਿਆ ਹੈ। ਇਸ ਦੇ ਲਈ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ।

ਸਪੀਕਰ ਸਾਹਿਬ, NRIs ਜਿਹੜੇ ਹਰ ਵੇਲੇ ਫਿਕਰਮੰਦ ਰਹਿੰਦੇ ਹਨ ਕਿ ਕਿਵੇਂ ਅਸੀਂ ਆਪਣੇ ਸੂਬੇ ਦੇ ਵਿਚ ਕੋਈ ਨਾ ਕੋਈ ਸੁਧਾਰ ਕਰ ਦੇਈਏ। ਜਦੋਂ ਉਥੋਂ ਦਾ ਸਿਸਟਮ ਦੇਖਦੇ ਹਨ NRI ਤਾਂ ਉਨ੍ਹਾਂ ਦੀ ਫਿਕਰਮੰਦੀ ਹੁੰਦੀ ਹੈ ਕਿ ਅਸੀਂ ਪੰਜਾਬ ਨੂੰ ਹੋਰ ਬਿਹਤਰ ਕਿਵੇਂ ਬਣਾਈਏ? ਮਾਨਯੋਗ ਮਾਨ ਸਾਹਿਬ ਦੀ ਸਰਕਾਰ, ਮਾਨ ਸਾਹਿਬ ਦੀ ਅਗਵਾਈ ਦੇ ਵਿਚ ਕਿਉਂਕਿ ਹਰ ਪੱਖ ਤੋਂ ਫਿਕਰਮੰਦ ਹਨ, ਇਸ ਲਈ NRI ਦਾ ਪੈਸਾ ਪੰਜਾਬ ਦੀ ਸਪੋਰਟ ਵਾਸਤੇ, ਪੰਜਾਬ ਦੀ ਮਦਦ ਵਾਸਤੇ ਪਾਰਦਰਸ਼ੀ ਤਰੀਕੇ ਨਾਲ ਖਰਚ ਹੋਵੇ ਇਸ ਲਈ ਪੰਜਾਬ ਸਿੱਖਿਆ ਅਤੇ ਸਿਹਤ ਫੰਡ ਜਿਹੜਾ ਟਰੱਸਟ ਬਣਾਇਆ ਗਿਆ ਹੈ ਤਾਂ ਕਿ ਜਿਹੜਾ ਵੀ NRI ਪੰਜਾਬ ਦੇ ਲਈ ਫਿਕਰਮੰਦ ਹੈ, ਪੰਜਾਬ ਦੇ ਲਈ ਪੈਸਾ ਖਰਚ ਕਰਨਾ ਚਾਹੁੰਦਾ ਹੈ, ਉਸ ਨੂੰ ਇਹ

ਨਾ ਸੋਚਣਾ ਪਵੇ ਕਿ ਮੇਰਾ ਪੈਸਾ ਸਹੀ ਜਗ੍ਹਾ ਲੱਗੇਗਾ ਕਿ ਨਹੀਂ ਲੱਗੇਗਾ? ਜੇ ਲੱਗੇਗਾ ਤਾਂ ਕਿਵੇਂ ਲੱਗੇਗਾ। ਪਰ ਹੁਣ ਜਿਹੜਾ ਵੀ NRI ਪੰਜਾਬ ਲਈ ਫਿਕਰਮੰਦ ਹੈ ਉਹ ਮਾਨ ਸਾਹਿਬ ਦੀ ਅਗਵਾਈ ਹੇਠ ਇਸ ਟਰੱਸਟ ਦੇ ਰਾਹੀਂ ਆਪਣਾ ਇਕ ਇਕ ਪੈਸਾ ਲਾਉਣਾ ਚਾਹੁੰਦਾ ਹੈ ਉਹ ਸਹੀ ਜਗ੍ਹਾ ਪੰਜਾਬ ਵਿਚ ਲਗ ਸਕਦਾ ਹੈ।

5.50 / 28.06.2022(AS)ਤਰਲੋਚਨ ਸਿੰਘ / ਰਜਨੀਸ਼ ਕੁਮਾਰ

ਕੰਢੀ ਇਲਾਕਾ ਸਾਡਾ ਆਪਣਾ ਇਲਾਕਾ ਹੈ। ਕੰਢੀ ਇਲਾਕੇ ਲਈ ਚੰਡੀਗੜ੍ਹ ਤੋਂ ਪਠਾਨਕੋਟ ਤੱਕ ਸ਼ਿਵਾਲਿਕ ਹਿੱਲਜ਼ ਦੇ ਨਾਲ ਨਾਲ ਹਾਈਵੇਅ ਬਣਾਉਣ ਦਾ ਫ਼ੈਸਲਾ ਕੀਤਾ ਹੈ, ਇਸ ਨਾਲ ਇਹ ਪੱਛੜਿਆ ਹੋਇਆ ਇਲਾਕਾ ਜੋ ਕਿ ਨੋਟੀਫਾਈਫ ਬੈਕਵਾਰਡ ਏਰੀਆ ਹੈ, ਇਸ ਇਲਾਕੇ ਦੇ ਵਿਕਾਸ ਵਿੱਚ, ਤਰੱਕੀ ਵਿੱਚ ਬਹੁਤ ਵੱਡਾ ਹੁਲਾਰਾ ਮਿਲੇਗਾ। ਇਸ ਲਈ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ।

ਸਿੱਖਿਆ ਕਿਸੇ ਵੀ ਸੂਬੇ ਦੀ ਤਰੱਕੀ ਦੀ ਬੁਨਿਆਦ ਹੁੰਦੀ ਹੈ।ਵਿੱਦਿਆ ਵਿਚਾਰੀ ਤਾਂ ਪਰਉਪਕਾਰੀ। ਪੰਜਾਬ ਵਿੱਚ ਵਿੱਦਿਆ ਦੇ ਪੱਧਰ ਨੂੰ ਚੁੱਕਣ ਦੀ ਬਹੁਤ ਜ਼ਿਆਦਾ ਲੋੜ ਹੈ। ਅੱਜ ਪੰਜਾਬ ਵਿੱਚ ਅਮੀਰਾਂ ਅਤੇ ਗਰੀਬਾਂ ਦੇ ਸਕੂਲ ਅਲੱਗ ਅਲੱਗ ਹੋ ਗਏ ਹਨ। ਇੱਥੇ ਜਦੋਂ ਅਸੀਂ ਚਰਚਾ ਕਰਦੇ ਹਾਂ, ਸਵਾਲ ਚੁੱਕਦੇ ਹਾਂ ਤਾਂ ਸਾਨੂੰ ਇਸ ਗੱਲ ਲਈ ਫਿਕਰਮੰਦ ਹੋਣਾ ਚਾਹੀਦਾ ਹੈ ਕਿ ਪਿਛਲੀਆਂ ਸਰਕਾਰਾਂ ਦੀਆਂ ਕੀ ਖਾਮੀਆਂ ਰਹੀਆਂ ਹਨ। ਕੋਈ ਕਿਸੇ ਵੀ ਸਕੂਲ ਵਿੱਚ ਜਾ ਸਕਦਾ ਹੈ, ਕੋਈ ਪਾਬੰਦੀ ਨਹੀਂ ਹੈ ਪਰ ਹਾਲਾਤਾਂ ਮੁਤਾਬਕ ਜੋ ਸਰਕਾਰੀ ਸਕੂਲਾਂ ਦੀ ਹਾਲਤ ਹੋਈ ਹੈ, ਜੋ ਖਰਚਾ ਪ੍ਰਾਈਵੇਟ ਸਕੂਲਾਂ ਵਿੱਚ ਹੁੰਦਾ ਹੈ, ਜੋ ਫੀਸਾਂ ਲਈਆਂ ਜਾਂਦੀਆਂ ਹਨ, ਉਸ ਮੁਤਾਬਕ ਅੱਜ ਅਮੀਰਾਂ ਅਤੇ ਗਰੀਬਾਂ ਦੇ ਸਕੂਲ ਅਲੱਗ ਅਲੱਗ ਹੋ ਗਏ ਹਨ। ਕਿਤੇ ਨਾ ਕਿਤੇ ਕੁਆਲਿਟੀ ਐਜੂਕੇਸ਼ਨ ਆਮ ਬੰਦੇ ਦੀ, ਗਰੀਬ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਇਨ੍ਹਾਂ ਹਾਲਾਤਾਂ ਨੂੰ ਦੇਖਦੇ ਹੋਏ 100 Schools of Eminence ਪੰਜਾਬ ਵਿੱਚ ਬਣਾਉਣ ਦਾ ਫ਼ੈਸਲਾ ਲਿਆ ਗਿਆ ਹੈ, ਇਸ ਨਾਲ ਪਿੰਡਾਂ ਦੇ ਵਿਦਿਆਰਥੀਆਂ ਲਈ, ਗਰੀਬ ਵਿਦਿਆਰਥੀਆਂ ਲਈ, ਝੁੱਗੀ ਝੌਂਪੜੀ ਵਾਲੇ ਵਿਦਿਆਰਥੀਆਂ ਲਈ ਆਈ.ਆਈ.ਟੀ. ਤੱਕ ਦੇ ਰਸਤੇ ਖੁੱਲ੍ਹਣਗੇ। ਪੰਜਾਬ ਵਿੱਚ 100 Schools of Eminence ਬਣਾਉਣ ਦਾ ਇੰਨਾ ਕ੍ਰਾਂਤੀਕਾਰੀ ਫ਼ੈਸਲਾ ਲਿਆ ਗਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਵਰਦੀਆਂ ਬਾਰੇ ਪਿਛਲੇ ਸਮੇਂ ਵਿੱਚ ਦੇਖਿਆ ਗਿਆ ਹੈ ਕਿ ਸਰਦੀਆਂ ਦਾ ਸੀਜ਼ਨ ਲੰਘ ਜਾਂਦਾ ਸੀ ਪਰ ਸਕੂਲਾਂ ਵਿੱਚ ਵਰਦੀਆਂ ਨਹੀਂ ਸਨ ਪਹੁੰਚਦੀਆਂ। ਬੱਚਿਆਂ ਦਾ ਇੱਧਰੋਂ ਉਧਰੋਂ ਜਾਂ ਦਾਨੀ ਸੱਜਣਾਂ ਵੱਲੋਂ ਕੀਤੇ ਦਾਨ ਕਾਰਨ ਗੁਜ਼ਾਰਾ ਹੁੰਦਾ ਸੀ। ਇਹ ਸਾਡੇ ਸਿੱਖਿਆ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦੀ ਦੂਰਅੰਦੇਸ਼ੀ ਹੈ ਕਿ ਅੱਠਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਲਈ, ਚਾਹੇ ਉਹ ਕਿਸੇ ਵੀ ਕੈਟਾਗਰੀ ਦੇ ਹਨ, ਜਨਰਲ ਕੈਟਾਗਰੀ ਦੇ ਬੱਚੇ ਇਨਕਲੂਡ ਕੀਤੇ ਹਨ, ਉਨ੍ਹਾਂ ਸਾਰਿਆਂ ਲਈ

ਇਸ ਬਜਟ ਵਿੱਚ 23 ਕਰੋੜ ਦਾ ਉਪਬੰਧ ਕੀਤਾ ਹੈ ਤਾਂ ਕਿ ਸਕੂਲ ਜਾਣ ਵਾਲਾ ਕੋਈ ਵੀ ਵਿਦਿਆਰਥੀ ਵਰਦੀ ਤੋਂ ਵਾਂਝਾ ਨਾ ਰਹੇ। (ਥੰਪਿੰਗ)

**(*5.53 ਵਜੇ ਬਾ.ਦੁ.) (*ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)**

ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੋ ਪੰਜਾਬੀ ਭਾਸ਼ਾ ਦੇ ਨਾਂ ਤੇ ਬਣੀ ਹੈ, ਇਹ ਪੇਂਡੂ ਯੂਨੀਵਰਸਿਟੀ ਦੇ ਨਾਂ ਤੋਂ ਵੀ ਜਾਣੀ ਜਾਂਦੀ ਹੈ। ਪੇਂਡੂ ਵਿਦਿਆਰਥੀਆਂ ਦੀ ਇਸ ਯੂਨੀਵਰਸਿਟੀ ਵਿੱਚ ਬਹੁਤਾਤ ਹੈ। ਇੱਕ ਪਿੰਡ ਦਾ ਵਿਦਿਆਰਥੀ ਹੋਣ ਦੇ ਨਾਤੇ ਪਿੰਡ ਦਾ ਵਸਨੀਕ ਹੋਣ ਦੇ ਨਾਤੇ ਮੈਂ ਵੀ ਉਸ ਯੂਨੀਵਰਸਿਟੀ ਦਾ ਵਿਦਿਆਰਥੀ ਰਿਹਾ ਹਾਂ। ਬੜਾ ਦੁੱਖ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦੇ ਨਾਂ ਤੇਯੂਨੀਵਰਸਿਟੀ ਬਣੀ ਹੋਵੇ ਅਤੇ ਉਸ ਯੂਨੀਵਰਸਿਟੀ ਨੂੰ ਬਚਾਉਣ ਲਈ, ਉਸ ਦੀ ਬੁਨਿਆਦ ਨੂੰ ਬਚਾਉਣ ਲਈ ਲਗਾਤਾਰ ਅਧਿਆਪਕਾਂ ਨੂੰ ਅਤੇ ਵਿਦਿਆਰਥੀਆਂ ਨੂੰ ਧਰਨੇ ਲਾਉਣੇ ਪੈ ਰਹੇ ਹੋਣ। ਉਸ ਯੂਨੀਵਰਸਿਟੀ ਦੀ ਵਿੱਤੀ ਹਾਲਤ ਬਹੁਤ ਹਿੱਲ ਚੁੱਕੀ ਹੈ। ਇੱਥੇ ਹਰ ਪਾਰਟੀ ਦੇ ਨੁਮਾਇੰਦੇ, ਜਿਹੜੀਆਂ ਸਰਕਾਰਾਂ ਪਹਿਲਾਂ ਵੀ ਰਹੀਆਂ ਹਨ, ਉਨ੍ਹਾਂ ਦੇ ਨੁਮਾਇੰਦੇ ਪੰਜਾਬੀ ਭਾਸ਼ਾ ਦੀ ਗੱਲ ਕਰਦੇ ਹਨ, ਪੰਜਾਬੀ ਭਾਸ਼ਾ ਲਈ ਆਪਣੀ ਫਿਕਰਮੰਦੀ ਦਿਖਾਉਂਦੇ ਹਨ ਅਤੇ ਇਹ ਚਿੰਤਾ ਦੀ ਗੱਲ ਵੀ ਹੈ। ਪੰਜਾਬੀ ਭਾਸ਼ਾ ਲਈ ਫਿਕਰਮੰਦੀ ਸਟੇਜਾਂ ਤੇ, ਅਖਬਾਰਾਂ ਵਿੱਚ ਅਤੇ ਸਦਨ ਵਿੱਚ ਵੀ ਫਿਕਰਮੰਦੀ ਦਿਖਾਉਂਦੇ ਹਾਂ। ਪਰ ਪੰਜਾਬੀ ਭਾਸ਼ਾ ਦੇ ਨਾਂ ਤੇ ਜਿਹੜੀ ਯੂਨੀਵਰਸਿਟੀ ਬਣੀ ਹੋਈ ਹੈ, ਉਸ ਦੀ ਅਸੀਂ ਅੱਜ ਇਹ ਹਾਲਤ ਕਰ ਦਿੱਤੀ ਹੈ ਕਿ ਉਹ ਪੈਸੇ ਪੈਸੇ ਨੂੰ ਤਰਸ ਰਹੀ ਹੈ। ਸੋ, ਇੱਕ ਬਹੁਤ ਵਧੀਆ ਕਦਮ ਚੁੱਕਿਆ ਗਿਆ ਹੈ ਕਿ ਉਸ ਯੂਨੀਵਰਸਿਟੀ ਲਈ 200 ਕਰੋੜ ਰੁਪਏ ਰੱਖੇ ਗਏ ਹਨ ਤਾਂ ਕਿ ਉਸ ਯੂਨੀਵਰਸਿਟੀ ਨੂੰ ਬਚਾਇਆ ਜਾ ਸਕੇ, ਉਸ ਯੂਨੀਵਰਸਿਟੀ ਦੀ ਵਿੱਤੀ ਅਵਸਥਾ ਨੂੰ ਲੀਹ ਤੇ ਲਿਆਂਦਾ ਜਾ ਸਕੇ। ਉਸ ਯੂਨੀਵਰਸਿਟੀ ਨੂੰ ਬਚਾਉਣ ਲਈ ਇਹ ਬਹੁਤ ਵੱਡਾ ਫ਼ੈਸਲਾ ਹੈ ਅਤੇ ਪੰਜਾਬੀ ਭਾਸ਼ਾ ਲਈ ਵੀ ਇਹ ਬਹੁਤ ਵੱਡਾ ਫ਼ੈਸਲਾ ਕੀਤਾ ਗਿਆ ਹੈ।

**ਸ਼੍ਰੀ ਸਭਾਪਤੀ** : ਦਿਨੇਸ਼ ਜੀ ਪਲੀਜ਼ ਵਾਈਂਡ ਅੱਪ ਕਰੋ। ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਮੈਂ ਵਾਈਂਡ ਅੱਪ ਕਰਨ ਲੱਗਾ ਹਾਂ ਜੀ।

ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਸ਼ੁਰੂ ਕਰਨ ਦਾ ਵੀ ਫ਼ੈਸਲਾ ਲਿਆ ਗਿਆ ਹੈ। ਮੈਂ ਅੰਤ ਵਿੱਚ ਇਹੋ ਕਹਾਂਗਾ ਕਿ ਜਿਹੜਾ ਸਵਾਲ ਹਰ ਵਾਰ ਖੜ੍ਹਾ ਕੀਤਾ ਜਾਂਦਾ ਹੈ ਕਿ ਪੰਜਾਬ ਦੀ ਹਾਲਤ ਇਹੋ ਜਿਹੀ ਹੈ ਤਾਂ ਇਹ ਕਿਵੇਂ ਸੰਭਵ ਹੋਵੇਗਾ? ਇਹ ਸਿਰਫ ਇਸ ਕਰਕੇ ਸੰਭਵ ਹੋਵੇਗਾ ਕਿਉਂਕਿ ਪੰਜਾਬ ਦੇ ਇਹ ਪਹਿਲੇ ਮੁੱਖ ਮੰਤਰੀ ਹਨ ਜਿਹੜੇ ਇਸ ਵਿਧਾਨ ਸਭਾ ਵਿੱਚ ਇਹ ਗੱਲ ਹਿੱਕ ਠੋਕ ਕੇ ਕਹਿੰਦੇ ਹਨ ਅਤੇ ਕਹਿ ਸਕਦੇ ਹਨ ਕਿ ਜੇਕਰ ਇੱਕ ਰੁਪਏ ਦਾ ਭ੍ਰਿਸ਼ਟਾਚਾਰ ਜਾਂ ਗਲਤ ਕਮਾਈ ਦਾ

ਇੱਕ ਰੁਪਿਆ ਵੀ ਭਗਵੰਤ ਮਾਨ ਕੋਲ ਪਹੁੰਚਿਆ ਹੋਇਆ ਦੇਖ ਲਿਆ ਤਾਂ ਇਹ ਸਲਫਾਸ ਖਾਣ ਦੇ ਬਰਾਬਰ ਸਮਝਿਆ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਨ੍ਹਾਂ ਦੀ ਇੰਨੀ ਵੱਡੀ ਵਿੱਲ ਪਾਵਰ ਹੈ, ਇੰਨੀ ਵੱਡੀ ਇੱਛਾ ਸ਼ਕਤੀ ਹੈ। ਇਸ ਕਰਕੇ ਇਹ ਸੰਭਵ ਹੈ ਕਿ ਪੰਜਾਬ ਦਾ ਮਾਲੀਆ ਵੀ ਵਧੇਗਾ ਅਤੇ ਸਭ ਚੀਜ਼ਾਂ ਹੋਣਗੀਆਂ।

ਮੈਂ ਅਖੀਰ ਵਿੱਚ ਸਭਾਪਤੀ ਜੀ, ਤੁਹਾਡੀ ਇਜਾਜ਼ਤ ਦੇ ਨਾਲ ਮੁੱਖ ਮੰਤਰੀ ਸਾਹਿਬ ਨੂੰ, ਵਿੱਤ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਜਿਹੜਾ ਤੁਸੀਂ ਕੰਡਿਆਂ ਭਰਿਆ ਰਾਹ ਚੁਣਿਆ ਹੈ, ਤੁਸੀਂ ਕਿਹਾ ਕਿ ਅੱਜ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਖਤਮ ਕਰਕੇ ਪੰਜਾਬ ਨੂੰ ਲੀਹ ਤੇ ਲਿਆਉਣਾ ਹੈ, ਅਸੀਂ 92 ਦੇ 92 ਆਮ ਆਦਮੀ ਪਾਰਟੀ ਦੇ ਐਮ.ਐਲ.ਏ. ਦਿਨ ਰਾਤ ਇਸ ਰਾਹ ਤੇ ਤੁਹਾਡੇ ਨਾਲ ਖੜ੍ਹੇ ਹਾਂ। ਪਿੱਛੇ ਦੇਖਣ ਦੀ ਲੋੜ ਨਹੀਂ ਹੈ।

**ਮ/ਰ.ਕ./5.55/28.06.2022**

ਭ੍ਰਿਸ਼ਟਾਚਾਰ ਨੂੰ ਪੰਜਾਬ ਵਿੱਚੋਂ ਖਤਮ ਕਰਕੇ ਪੰਜਾਬ ਨੂੰ ਲੀਹ ਉੱਪਰ ਲੈ ਕੇ ਆਉਣਾ ਹੈ। ਔਰ ਨਾਲ ਹੀ ਜਿਹੜੇ ਵਿਰੋਧੀ ਧਿਰ ਦੇ ਸਾਡੇ ਸਤਿਕਾਰਤ ਸਾਥੀ ਬੈਠੇ ਹਨ, ਉਨ੍ਹਾਂ ਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਜਿਸ ਸਟੇਜ ਦੇ ਉੱਪਰ ਅੱਜ ਸਾਡਾ ਸੂਬਾ ਖੜ੍ਹਾ ਹੈ, ਮੈਂ ਤੁਹਾਡੇ ਕੋਲੋਂ ਸਹਿਯੋਗ ਦੀ ਉਮੀਦ ਕਰਦਾ ਹਾਂ ਕਿਉਂਕਿ ਤੁਹਾਨੂੰ ਵੀ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ ਤੇ ਇਸ ਤਰ੍ਹਾਂ ਦੀ ਵਿੱਲ ਪਾਵਰ ਵਾਲਾ ਮੁੱਖ ਮੰਤਰੀ ਹੀ ਪੰਜਾਬ ਨੂੰ ਲੀਹ ਦੇ ਉੱਪਰ ਲੈ ਕੇ ਆ ਸਕਦਾ ਹੈ। ਅਸੀਂ ਤੁਹਾਡੇ ਕੋਲੋਂ ਸਹਿਯੋਗ ਦੀ ਆਸ ਕਰਦੇ ਹਾਂ ਕਿ ਤੁਸੀਂ ਵੀ ਮਾਨ ਸਾਹਿਬ ਨੂੰ ਪੂਰਾ ਸਹਿਯੋਗ ਦਿਓਗੇ ਤਾਂ ਕਿ ਸਾਡਾ ਪੰਜਾਬ ਮੁੜ ਖੁਸ਼ਹਾਲ ਸੂਬਾ ਬਣ ਸਕੇ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

**ਸ਼੍ਰੀ ਸਭਾਪਤੀ:** ਬਹੁਤ-ਬਹੁਤ ਧੰਨਵਾਦ ਜੀ। ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਤੁਹਾਡੇ ਕੋਲ ਪੰਜ ਮਿੰਟ ਹਨ।

**Shri Vikramjit Singh Chaudhary (Phillaur, SC):** Honourable Chairman Sahib, first of all I would like to Thank you and also our leader Sardar Partap Singh Bajwa Ji for giving me this opportunity to speak on Budget 2022-23. ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਸਾਰੇ ਸਾਥੀ ਜਿਹੜੇ ਜਿੱਤ ਕੇ ਆਏ ਹਨ, ਉਨ੍ਹਾਂ ਨੂੰ ਮੈਂ ਵਧਾਈ ਦਿੰਦਾ ਹਾਂ ਤੇ ਆਪਣੇ ਵਿਧਾਨ ਸਭਾ ਹਲਕੇ ਫਿਲੌਰ ਦੇ ਹਰ ਇੱਕ ਵੋਟਰ ਦੇ ਅੱਗੇ ਸਿਰ ਝੁਕਾ ਕੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਆਪਣਾ ਨੁਮਾਇੰਦਾ ਬਣਾ ਕੇ ਇਸ ਪਵਿੱਤਰ ਸਦਨ ਦਾ ਮੈਂਬਰ ਬਣਾਇਆ ਹੈ। ਚੇਅਰਮੈਨ ਸਾਹਿਬ, ਇਹ 16ਵੀਂ ਵਿਧਾਨ ਸਭਾ ਹੈ। ਮੈਂ ਜਿੱਥੇ ਫਿਲੌਰ ਦੇ ਵੋਟਰਾਂ ਦਾ

ਧੰਨਵਾਦ ਕਰਦਾ ਹਾਂ, ਉੱਥੇ ਆਪਣਾ ਜ਼ਿਲ੍ਹਾ ਜਲੰਧਰ ਦੇ ਵੋਟਰਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ 16ਵਾਂ ਮੌਕਾ ਸਾਡੇ ਪਰਿਵਾਰ ਨੂੰ ਦਿੱਤਾ ਹੈ। 16ਵੀਂ ਵਿਧਾਨ ਸਭਾ ਵਿੱਚ ਮੈਂ ਆਪਣੇ ਪਰਿਵਾਰ ਵੱਲੋਂ 16ਵੀਂ ਨੁਮਾਇੰਦਗੀ ਕਰ ਰਿਹਾ ਹਾਂ। ਉਸ ਵਾਸਤੇ ਮੈਂ ਆਪਣੇ ਸਮੁੱਚੇ ਜ਼ਿਲ੍ਹੇ ਨੂੰ ਵੀ ਧੰਨਵਾਦ ਕਰਦਾ ਹਾਂ। ਇਹ ਗੱਲ ਮੈਂ ਇਸ ਕਰਕੇ ਦੱਸੀ ਹੈ ਕਿਉਂਕਿ ਕਈ ਸਾਥੀਆਂ ਨੇ ਕਿਹਾ ਕਿ ਅਸੀਂ ਪਹਿਲੀ ਵਾਰੀ ਜਿੱਤ ਕੇ ਆਏ ਹਾਂ, ਤੁਸੀਂ ਜਿੱਤੇ ਹੋ, ਅਗਲੀ ਵਾਰੀ ਜਿੱਤੋਗੇ ਕਿ ਨਹੀਂ ਜਿੱਤੋਗੇ, ਇਹ ਗੱਲ ਮੈਂ ਇਸ ਕਰਕੇ ਦੱਸੀ ਹੈ ਕਿ ਜੇ ਅਸੀਂ 16ਵੀਂ ਵਾਰ ਪੰਜਾਬ ਦੀ ਵਿਧਾਨ ਸਭਾ ਵਿੱਚ ਚੁਣ ਕੇ ਆਏ ਹਾਂ ਤਾਂ ਅਸੀਂ ਕਾਂਗਰਸ ਪਾਰਟੀ ਦੀ ਸੋਚ ਤੇ ਵਿਚਾਰਧਾਰਾ ਤੇ ਕੰਮ ਕਰਦੇ ਸੀ ਜਿਸ ਤੋਂ ਸਾਡੇ ਇਲਾਕੇ ਦੇ ਲੋਕ ਪ੍ਰਭਾਵਿਤ ਹੁੰਦੇ ਸੀ ਔਰ ਉਨ੍ਹਾਂ ਨੇ ਸਾਨੂੰ ਇੱਥੇ ਭੇਜਿਆ ਹੈ। ਮੇਰੇ ਪਿਤਾ ਜੀ ਵੀ ਇਸ ਸਦਨ ਦੇ ਮੈਂਬਰ ਰਹੇ ਹਨ ਔਰ ਸਾਲ 2014 ਅਤੇ 2019 ਵਿੱਚ ਲਗਾਤਾਰ ਮੋਦੀ ਸਾਹਿਬ ਦੀ wave ਵਿੱਚ ਉਹ ਮੈਂਬਰ ਪਾਰਲੀਮੈਂਟ ਬਣ ਕੇ ਗਏ ਹਨ।

ਸਾਡੇ ਫਾਈਨੈਂਸ ਮਨਿਸਟਰ ਸਾਹਿਬ ਇੱਥੇ ਬੈਠੇ ਹਨ, ਹੁਣ ਮੈਂ ਚੇਅਰਮੈਨ ਸਾਹਿਬ, ਤੁਹਾਡੀ ਇਜਾਜ਼ਤ ਨਾਲ ਚੀਮਾ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਆਪਣੀ ਇਹ ਸਪੀਚ ਬਤੌਰ ਫਾਈਨੈਂਸ ਮਨਿਸਟਰ ਦਿੱਤੀ ਹੈ, ਇਹ 44 ਪੇਜਾਂ ਦੀ ਸਪੀਚ ਸੀ। ਮੈਂ ਕੁਝ ਮੁੱਦਿਆਂ ਤੇ ਚਾਨਣਾ ਪਾਉਣਾ ਚਾਹੁੰਦਾ ਹਾਂ। ਤੁਸੀਂ ਗਵਰਨਰ ਸਾਹਿਬ ਦੇ ਐਡਰੈੱਸ ਵਿੱਚ ਸਾਡੇ ਜ਼ਿਲ੍ਹਾ ਜਲੰਧਰ ਵਿੱਚ ਇੱਕ ਇੰਟਰਨੈਸ਼ਨਲ ਏਅਰਪੋਰਟ ਬਣਾਉਣ ਦਾ ਐਲਾਨ ਕੀਤਾ ਹੈ। ਕੀ ਉਹ ਕੇਵਲ ਇੱਕ ਐਲਾਨ ਸੀ? ਜੇ ਉਹ ਕੇਵਲ ਇੱਕ ਐਲਾਨ ਨਹੀਂ ਸੀ ਤਾਂ ਇਸ ਬਜਟ ਵਿੱਚ ਉਸ ਏਅਰਪੋਰਟ ਬਾਰੇ ਕਿਤੇ ਵੀ 44 ਪੇਜਾਂ ਵਿੱਚ ਜ਼ਿਕਰ ਕਿਉਂ ਨਹੀਂ ਹੈ? ਆਪਾਂ ਏਅਰਪੋਰਟ ਦੀ ਗੱਲ ਕਰ ਰਹੇ ਹਾਂ, ਮੈਂ ਸਰਕਾਰ ਨੂੰ ਔਰ ਖਾਸ ਕਰਕੇ ਮੁੱਖ ਮੰਤਰੀ ਸਾਹਿਬ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਸਾਡੇ ਮੈਂਬਰ ਪਾਰਲੀਮੈਂਟ, ਜਲੰਧਰ, ਚੌਧਰੀ ਸਾਹਿਬ ਦੇ ਉਪਰਾਲੇ ਸਦਕਾ ਜਿਹੜਾ ਆਦਮਪੁਰ ਏਅਰਬੇਸ ਸੀ, ਉਸ ਵਿੱਚ ਡੋਮੈਸਟਿਕ ਫਲਾਈਟਸ ਦੀ ਸ਼ੁਰੂਆਤ ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਦੌਰਾਨ ਹੋਈ ਕਿਉਂਕਿ ਉਸ ਤੇ ਕਾਫੀ ਵੱਡੀ ਰਾਸ਼ੀ ਲਗਣੀ ਸੀ, ਜਗ੍ਹਾ ਐਕੁਆਇਰ ਹੋਣੀ ਸੀ ਤੇ ਟਰਮੀਨਲ ਬਣਨਾ ਸੀ। ਉਹ ਟਰਮੀਨਲ ਹੁਣ ਬਣ ਚੁੱਕਿਆ ਹੈ ਔਰ ਇਲਾਕੇ ਦੀ ਮੰਗ ਸੀ ਕਿ ਉਸ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਿਆ ਜਾਵੇ ਔਰ ਇਸੇ ਸਦਨ ਵਿੱਚ 28 ਨਵੰਬਰ, 2017 ਨੂੰ ਇਹ ਰੈਜ਼ੋਲਿਊਸ਼ਨ ਵੀ ਲਿਆਂਦਾ ਗਿਆ ਕਿ ਇਸ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਿਆ ਜਾਵੇ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਹੁਣ ਸਰਕਾਰ ਦੇ ਵਿੱਚ ਹੋ ਤੇ ਕੇਂਦਰ ਸਰਕਾਰ ਦੇ ਨਾਲ ਮਿਲ ਕੇ ਜਲਦ ਤੋਂ ਜਲਦ ਡੋਮੈਸਟਿਕ ਏਅਰਪੋਰਟ ਦੇ ਟਰਮੀਨਲ ਦਾ ਨਾਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਨਾਂ ਤੇ ਰੱਖਿਆ ਜਾਵੇ।

ਚੀਮਾ ਸਾਹਿਬ, ਮੈਂ ਤੁਹਾਨੂੰ ਇੱਕ ਸਵਾਲ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਗਵਰਨਰ ਐਡਰੈੱਸ ਵਿੱਚ ਕਿਹਾ ਕਿ ਤੁਸੀਂ ਪੰਜਾਬ ਦੀ ਸਭ ਤੋਂ ਵੱਡੀ ਸਪੋਰਟਸ ਯੂਨੀਵਰਸਿਟੀ, ਜਲੰਧਰ ਵਿੱਚ ਬਣਾਓਗੇ। ਪਰ ਤੁਹਾਡੇ ਇਸ 44 ਪੇਜ ਦੀ ਬਜਟ ਸਪੀਚ ਵਿੱਚ ਕਿਤੇ ਵੀ ਉਸ ਯੂਨੀਵਰਸਿਟੀ ਦਾ ਵੇਰਵਾ ਨਹੀਂ ਹੈ। ਮੇਰਾ ਇੱਕ ਸੁਝਾਅ ਹੈ ਕਿ ਜਲੰਧਰ ਵਿਖੇ ਇੱਕ ਗੌਰਮਿੰਟ ਸਪੋਰਟਸ ਕਾਲਜ ਜਿਸ ਦੀ ਸਾਲ 1961 ਵਿੱਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਦੀ ਸਰਕਾਰ ਵੇਲੇ ਸਥਾਪਨਾ ਹੋਈ ਸੀ।

ਸ.ਸ.-ਮੋ.ਸ਼./6:00/28.06.2022

ਉੱਥੇ 43 ਏਕੜ ਜਗ੍ਹਾ ਹੈ ਔਰ ਉੱਥੋਂ ਬਹੁਤ ਨਾਮੀ ਖਿਡਾਰੀ ਨਿਕਲੇ ਹਨ ਜਿਨ੍ਹਾਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ, ਹੇਅਰ ਸਾਹਿਬ। ਆਪਾਂ ਜੇ ਯੂਨੀਵਰਸਿਟੀ ਬਣਾਉਣੀ ਹੈ ਤਾਂ ਅਸੀਂ ਉਸ ਕਾਲਜ ਦੇ ਇਨਫਰਾਸਟਰੱਕਚਰ ਨੂੰ absorb ਕਰ ਸਕਦੇ ਹਾਂ ਤਾਂ ਕਿ ਜਲਦੀ ਤੋਂ ਜਲਦੀ ਤੁਹਾਡੇ ਐਲਾਨ ਤੇ ਤੁਸੀਂ ਕੰਮ ਕਰ ਸਕੋ।

**ਸ਼੍ਰੀ ਸਭਾਪਤੀ:** ਸਰ, ਵਾਈਂਡਅੱਪ ਕਰੋ ਜੀ, ਤੁਹਾਡਾ ਟਾਈਮ ਹੋ ਗਿਆ ਹੈ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਸਰ, ਦੋ ਮਿੰਟ ਜੀ। ਮੇਰਾ ਵੀ ਇਸ ਸਦਨ ਵਿੱਚ maiden speech ਹੈ, ਇੱਕ-ਅੱਧਾ ਮਿੰਟ ਤਾਂ ਤੁਸੀਂ ਵੀ ਦੇ ਸਕਦੇ ਹੋ, ਸਾਡੇ ਪੁਰਾਣੇ ਸਾਥੀ ਹੋ।

**ਸ਼੍ਰੀ ਸਭਾਪਤੀ:** ਹੁਣ ਵੀ ਸਾਥੀ ਹਾਂ ਜੀ, ਕੋਈ ਗੱਲ ਨਹੀਂ।

**ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:** ਇੱਕ ਮੇਰੀ ਚੀਮਾ ਸਾਹਿਬ ਨੂੰ ਬੇਨਤੀ ਹੈ ਜੀ। ਤੁਸੀਂ ਸ਼ਡਿਊਲਡ ਕਾਸਟ ਸਬ ਪਲਾਨ ਤਹਿਤ 33.26% ਤਕਰੀਬਨ 12,992 ਕਰੋੜ ਰੁਪਿਆ ਐਲੋਕੇਟ ਕੀਤਾ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਹ ਹਰ ਸਰਕਾਰ ਦੇ ਵਿੱਚ ਵੱਡੀ ਰਾਸ਼ੀ ਐਲੋਕੇਟ ਹੁੰਦੀ ਹੈ ਪਰ ਇਸ ਰਾਸ਼ੀ ਦਾ ਸਹੀ ਤਰ੍ਹਾਂ ਯੂਟੀਲਾਈਜ਼ੇਸ਼ਨ ਨਹੀਂ ਹੁੰਦੀ। ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ ਬੈਠੇ ਹਨ, ਮੁੱਖ ਮੰਤਰੀ ਸਾਹਿਬ ਨਹੀਂ ਹਨ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸ਼ਡਿਊਲਡ ਕਾਸਟ ਸਬ ਪਲਾਨ ਦੀ ਸਹੀ ਇੰਪਲੀਮੈਂਟੇਸ਼ਨ ਹੋਵੇ। ਇਸ ਵਾਸਤੇ ਅਸੀਂ ਸਦਨ ਵਿੱਚ ਕੋਈ ਕਾਨੂੰਨ ਲਿਆਈਏ ਅਤੇ ਕਾਨੂੰਨ ਪਾਸ ਕਰੀਏ ਤਾਂ ਕਿ ਜਿਹੜਾ earmarked ਪੈਸਾ ਹੈ, ਉਹ ਐੱਸ.ਸੀ. ਵੈਲਫੇਅਰ ਤੇ ਹੀ ਲੱਗੇ, ਉਹ ਡਾਇਵਰਟ ਨਾ ਹੋਵੇ। ਇਸ ਦੇ ਨਾਲ-ਨਾਲ ਐੱਨ.ਆਰ.ਆਈ. ਮਨਿਸਟਰ ਸਾਹਿਬ ਇੱਥੇ ਬੈਠੇ ਹਨ। ਸਾਡੇ ਪੰਜਾਬ ਵਿੱਚ ਐੱਨ.ਆਰ.ਆਈਜ਼. ਦਾ ਬਹੁਤ ਆਉਣਾ-ਜਾਣਾ ਹੈ ਔਰ ਮੇਰੇ ਇਲਾਕੇ ਵਿੱਚ ਜਲੰਧਰ ਵਿਖੇ ਵੱਡੀ ਗਿਣਤੀ ਵਿੱਚ ਇਹੋ-ਜਿਹੀਆਂ ਫੈਮਲੀਜ਼ ਹਨ ਜਿਨ੍ਹਾਂ ਬੱਚੀਆਂ ਦੇ ਵਿਆਹ ਬਾਹਰਲੇ ਮੁਲਕਾਂ ਵਿੱਚ ਹੁੰਦੇ ਹਨ। ਉੱਥੇ ਐੱਨ.ਆਰ.ਆਈ. ਆਉਂਦੇ ਹਨ, ਵਿਆਹ ਕਰਕੇ ਉਨ੍ਹਾਂ ਨੂੰ ਛੱਡ ਕੇ ਚਲੇ ਜਾਂਦੇ ਹਨ। ਐੱਨ.ਆਰ.ਆਈ.

ਸਭਾ ਕੋਲ ਇੰਨੇ ਜ਼ਿਆਦਾ ਕੇਸਿਜ਼ ਹਨ ਤੇ ਉਹ ਕੰਮ ਉਨ੍ਹਾਂ ਕੋਲੋਂ ਨਹੀਂ ਹੋ ਪਾ ਰਿਹਾ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਇੱਥੇ ਸਾਡੀਆਂ ਬੱਚੀਆਂ ਨਾਲ ਕੋਈ ਐੱਨ.ਆਰ.ਆਈ. ਦਾ ਵਿਆਹ ਹੁੰਦਾ ਹੈ ਤਾਂ ਉਸ ਐੱਨ.ਆਰ.ਆਈ. ਨੂੰ ਕੋਈ ਡਰ ਹੋਵੇ, ਕੋਈ ਖੌਫ ਹੋਵੇ ਕਿ ਜੇ ਉਨ੍ਹਾਂ ਨਾਲ ਕੋਈ ਧੋਖਾ ਕਰਨਗੇ ਤਾਂ ਪਿੱਛੇ ਉਨ੍ਹਾਂ ਦੇ ਪਰਿਵਾਰ ਦੀ ਕੋਈ ਜ਼ਮੀਨ ਸਰਕਾਰ ਵੱਲੋਂ ਅਟੈਚ ਕਰ ਦਿੱਤੀ ਜਾਵੇਗੀ ਤਾਂ ਕਿ ਜਿਹੜੀਆਂ ਇਹ ਬਹੁਤ ਵੱਡੇ ਪੱਧਰ ਤੇ ਸਾਡੇ ਇਲਾਕੇ ਦੀਆਂ ਬੱਚੀਆਂ ਨਾਲ ਧੋਖਾ ਹੋ ਰਿਹਾ ਹੈ, ਉਸ ਨੂੰ ਰੋਕਿਆ ਜਾ ਸਕੇ।

**ਸ਼੍ਰੀ ਸਭਾਪਤੀ:** ਧੰਨਵਾਦ ਜੀ, ਤੁਹਾਡੇ ਪਹਿਲਾਂ ਹੀ ਤਿੰਨ ਮਿੰਟ ਉੱਪਰ ਚਲੇ ਗਏ ਹਨ। ਸਰਦਾਰ ਸੁਖਪਾਲ ਸਿੰਘ ਖਹਿਰਾ, ਤੁਹਾਡੇ ਪੰਜ ਮਿੰਟ ਹਨ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਚੇਅਰਮੈਨ ਸਾਹਿਬ, ਸ਼ੁਕਰੀਆ ਜੀ। ਮੈਂ ਫਾਰਮੈਲਟੀਜ਼ ਨਾ ਕਰਦਾ ਹੋਇਆ ਸਿੱਧਾ ਬਜਟ ਤੇ ਆਉਂਦਾ ਹਾਂ ਜੀ। ਇਹ ਬਜਟ ਲਗਭੱਗ 1 ਲੱਖ 55 ਹਜ਼ਾਰ ਕਰੋੜ ਰੁਪਏ ਦਾ ਐਸਟੀਮੇਟਿਡ ਹੈ for the year 2022-23, about 14% increase. Increase because ਇਨਫਲੇਸ਼ਨ ਵੀ ਹੋ ਰਹੀ ਹੈ, ਹਰੇਕ ਚੀਜ਼ ਦੀਆਂ ਕੀਮਤਾਂ ਵੀ ਵੱਧ ਰਹੀਆਂ ਹਨ ਔਰ ਗੌਰਮਿੰਟ ਦੇ in field of Health care and Education ਕੁਝ ਅਟੈਂਪਟਜ਼ ਵੀ ਹਨ to improve the situation. ਮੈਂ ਸਭ ਤੋਂ ਪਹਿਲਾਂ ਐਗਰੀਕਲਚਰ ਸੈਕਟਰ ਤੇ ਜਾਣਾ ਹੈ ਕਿਉਂਕਿ ਪੰਜਾਬ ਐਗਰੇਰੀਅਨ ਸਟੇਟ ਹੈ, 70 ਫੀਸਦੀ ਲੋਕ ਪਿੰਡਾਂ ਵਿੱਚ ਰਹਿੰਦੇ ਹਨ ਔਰ ਸਭ ਤੋਂ ਜ਼ਿਆਦਾ ਮਾਯੂਸੀ ਇੰਡੀਪੈਂਡੈਂਸ ਤੋਂ ਲੈ ਕੇ ਇੱਥੇ ਆਈ ਹੈ। ਮੈਂ ਕਿਸੇ ਪਾਰਟੀ ਜਾਂ ਇੱਧਰ-ਉੱਧਰ ਕਿਸੇ ਨੂੰ ਕੁਝ ਨਹੀਂ ਕਹਿਣ ਲੱਗਿਆ। ਇਸ ਦੇਸ਼ ਦਾ ਜਿਹੜਾ ਪ੍ਰਾਈਸ ਫਿਕਸੇਸ਼ਨ ਸਿਸਟਮ ਸੀ, ਇਸ ਨੇ ਹਮੇਸ਼ਾ ਸਾਰੇ ਦੇਸ਼ ਦੇ ਕਿਸਾਨ ਦੇ ਨਾਲ ਵਿਤਕਰਾ ਕੀਤਾ ਪਰ ਪੰਜਾਬ ਸਭ ਤੋਂ ਜ਼ਿਆਦਾ ਡੈਮੇਜ ਹੋਇਆ ਕਿਉਂਕਿ ਇਹ ਕੰਟਰੀ ਦਾ food-bowl ਸੀ। ਇੱਥੇ ਕਿਸਾਨ ਆਪ ਭੁੱਖਾ ਸੌਂਦਾ ਰਿਹਾ ਅਤੇ ਦੇਸ਼ ਦੇ food-granary ਨੂੰ ਉਨ੍ਹਾਂ ਨੇ ਰਜਾਇਆ, ਦੇਸ਼ ਦੀ ਭੁੱਖ ਕੱਢੀ। ਪਿਛਲੇ ਕਾਫੀ ਸਮੇਂ ਤੋਂ ਬਹੁਤ ਸਾਰੀਆਂ ਸਟੱਡੀਜ਼ ਹਨ ਜਿਸ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਟੱਡੀ ਹੈ ਔਰ ਹੋਰਨਾਂ ਯੂਨੀਵਰਸਿਟੀ ਦੀ ਸਟੱਡੀਜ਼ ਹਨ। Eminent Farm Economists ਦੀ ਸਟੱਡੀ ਨੇ ਦੱਸਿਆ ਕਿ by now approximately 25 ਹਜ਼ਾਰ ਕਿਸਾਨਾਂ ਨੇ ਆਤਮ-ਹੱਤਿਆ ਕੀਤੀ ਹੈ ਜਿਹੜੀ ਕਿ ਹਾਲੇ ਵੀ ਚਲੀ ਜਾਂਦੀ ਹੈ, ਹੁਣ ਸਰਕਾਰ ਬਣਨ ਤੋਂ ਬਾਅਦ ਵੀ 42-43-44 ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ। ਐਗਰੇਰੀਅਨ ਇਕਾਨਮੀ ਦਾ ਜਦੋਂ ਕੋਲੈਪਸ ਹੋਇਆ ਕਿਉਂਕਿ ਸਾਡੀ ਸਟੇਟ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਆਪਾਂ ਕੋਈ ਬਹੁਤ ਜ਼ਿਆਦਾ ਇੰਡਸਟਰੀਲਾਈਜ਼ ਨਹੀਂ ਕਰ ਸਕਦੇ। ਆਪਾਂ ਲੈਂਡਲਾਕ ਸਟੇਟ ਹਾਂ, ਸਾਡਾ ਬਾਰਡਰ ਪਾਕਿਸਾਨ ਨਾਲ ਲੱਗਦਾ ਹੈ।Unfortunately ਦੇਸ਼ ਦੀਆਂ ਸਰਕਾਰਾਂ ਦੀ ਪਾਕਿਸਾਨ ਨਾਲ ਅਣਬਣ ਕਰਕੇ ਸਭ ਤੋਂ ਜ਼ਿਆਦਾ ਖਮਿਆਜ਼ਾ ਆਪਾਂ ਇੱਥੇ ਭੁਗਤ ਰਹੇ ਹਾਂ।

ਇੱਥੇ ਵਪਾਰ ਬਹੁਤ ਜ਼ਿਆਦਾ ਹੋ ਜਾਣਾ ਸੀ, ਅਗਰ ਸਾਡਾ ਬਾਰਡਰ ਪਾਕਿਸਤਾਨ ਨਾਲ ਖੁੱਲ੍ਹਾ ਹੁੰਦਾ, ਪੁਰਾਣਾ silk root ਹੈ, right up to Central AsI and beyond, ਸਾਡੀਆਂ ਜਿਹੜੀਆਂ ਇਨ੍ਹਾਂ ਫਸਲਾਂ ਦੀ ਇੱਥੇ ਬੇਕਦਰੀ ਹੋ ਰਹੀ ਹੈ।

**ਗ.ਕੌ./ਮ.ਸ਼./6.05/28.06.2022**

ਫਲ ਫਰੂਟਾਂ, ਸਬਜ਼ੀ, ਦਾਲਾਂ, ਕਣਕ ਝੌਨੇ ਅਤੇ ਖੰਡ ਦੀ ਕਮਾਦ ਦੀ ਜੋ ਬੇਕਦਰੀ ਹੋ ਰਹੀ ਹੈ ਇਨ੍ਹਾਂ ਦੀ ਕੀਮਤ ਸਾਨੂੰ ਉੱਧਰਲੇ ਬਾਜ਼ਾਰ ਵਿੱਚੋਂ ਮਿਲ ਸਕਦੀ ਸੀ। ਜਦੋਂ ਮੈਂ ਛੋਟਾ ਜਿਹਾ ਸੀ ਮੈਨੂੰ ਯਾਦ ਹੈ somewhere around early 80's ਆਪਣਾ ਪੰਜਾਬ ਦਾ ਆਲੂ ਈਰਾਨ ਤੋਂ ਬਹੁਤ ਵੱਡੇ ਏਅਰ ਕੰਡੀਸ਼ਨ ਟਰੱਕ ਆਏ ਸਨ ਅਤੇ ਬਹੁਤ ਚੰਗੇ ਰੇਟ ਤੇ ਇੱਥੋਂ ਈਰਾਨ ਨੂੰ ਐਕਸਪੋਰਟ ਹੋਇਆ ਸੀ। unfortunately ਉਸ ਤੋਂ ਬਾਅਦ ਉਹ ਬੰਦ ਹੋ ਗਿਆ। ਅੱਜ ਅਗਰ ਤੁਸੀਂ ਕਹਿੰਦੇ ਹੋ ਕਿ ਲੋਕ ਮਾਯੂਸ ਹਨ ਕਿਸੇ ਦੇ ਚਿਹਰੇ ਤੇ ਕੋਈ ਰੌਣਕ ਨਹੀਂ ਹੈ। ਅਸੀਂ ਜੋ ਮਰਜ਼ੀ ਕਹੀ ਜਾਈਏ ਜਾਂ ਜਿੰਨੇ ਮਰਜ਼ੀ ਚੰਗੇ ਐਲਾਨ ਕਰੀ ਜਾਈਏ, ਜਿੰਨੇ ਮਰਜ਼ੀ ਯਤਨ ਕਰੀਏ ਲੇਕਿਨ ਹੁਣ ਲੋਕਾਂ ਦੇ ਚਿਹਰੇ ਤੇ ਮੁਸਕਰਾਹਟ ਨਹੀਂ ਹੈ। ਇਸ ਦਾ ਕਾਰਨ ਅਗਰੇਰੀਅਨ ਇਕਾਨਮੀ ਦਾ ਕੋਲੈਪਸ ਹੋਣਾ ਹੈ। ਪਹਿਲਾਂ ਮੈਂ ਇਸ ਬਾਰੇ ਥੋੜ੍ਹਾ ਘੱਟ ਸਮਝਦਾ ਸੀ। ਕੁਝ ਦਿਨ ਪਹਿਲਾਂ ਮੇਰੇ ਗਿਆਨ ਵਿੱਚ ਵੀ ਵਾਧਾ ਹੋਇਆ ਹੈ। ਇੱਕ ਲੱਖ ਕਰੋੜ ਦਾ ਕਿਸਾਨਾਂ ਉੱਤੇ ਇਕੱਲਾ ਇੰਸਟੀਚਿਊਸ਼ਨਲ ਬੈਂਕਾਂ ਦਾ ਹੀ ਕਰਜ਼ਾ ਹੈ। ਆੜ੍ਹਤੀਆਂ ਦਾ ਅਲੱਗ ਕਰਜ਼ਾ ਹੈ। ਇੰਨੇ ਵੱਡੇ ਕਰਜ਼ੇ ਵਿੱਚੋਂ ਕੋਈ ਕਿਵੇਂ ਪ੍ਰੋਗਰੈਸ ਕਰ ਸਕਦਾ ਹੈ। ਕਿੱਥੋਂ ਉਹ ਤਰੱਕੀ ਕਰ ਸਕਦੇ ਹਨ ਅਤੇ ਜਦੋਂ ਕੁਝ ਨਹੀਂ ਲੱਭਦਾ ਤਾਂ ਉਦੋਂ ਉਨ੍ਹਾਂ ਦੇ ਬੱਚੇ ਇੱਥੋਂ ਆਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ। ਜਿਹੜੇ ਨਸ਼ਿਆਂ ਦੀ ਇਲਜ਼ਾਮਬਾਜ਼ੀ ਲਗਾਉਂਦੇ ਹਾਂ ਉਸ ਦਾ ਬਹੁਤ ਵੱਡਾ ਕਾਰਨ ਬੇਰੁਜ਼ਗਾਰੀ, ਕਿਸਾਨ ਦੀ ਇਕਾਨਮੀ ਦਾ ਕੁਲੈਪਸ ਹੋਣਾ ਹੈ। ਨਸ਼ਿਆਂ ਦਾ ਇੱਕ ਗਰਾਊਂਡ ਬਣਦਾ ਹੈ। ਨਸ਼ੇ ਕਰਨ ਨੂੰ ਜਲਦੀ ਕਿਸੇ ਦਾ ਦਿਲ ਨਹੀਂ ਕਰਦਾ। ਨਸ਼ੇ ਲੋਕ ਮਜਬੂਰੀ ਵਿੱਚ ਕਰਦੇ ਹਨ। ਅਮੀਰਾਂ ਦੀ ਥੋੜ੍ਹੀ ਜਿਹੀ ਕਰੀਮੀ ਲਹਿਰ ਹੈ ਜਿਹੜੇ ਮਹਿੰਗੇ ਨਸ਼ੇ ਕਰਦੇ ਹੋਣਗੇ। ਡਰੱਗਜ਼ ਦਾ ਜ਼ਿਆਦਾ ਟਰੈਪ ਅਗਰੇਰੀਅਨ ਇਕਾਨਮੀ ਦੀ ਕੁਲੈਪਸ ਦਾ ਬਹੁਤ ਵੱਡਾ ਕਾਰਨ ਹੈ। ਬੱਚੇ ਵਿਦੇਸ਼ਾਂ ਨੂੰ ਭੱਜ ਗਏ। ਸਟੱਡੀਜ਼ ਇਹ ਵੀ ਕਹਿੰਦੀਆਂ ਹਨ ਕਿ ਪਿਛਲੇ ਕੁਝ ਦਹਾਕਿਆਂ ਵਿੱਚ ਲੱਖਾਂ ਦੀ ਤਾਦਾਦ ਅਗਰ ਅਸੀਂ ਕਿਸਾਨਾਂ ਨੂੰ as a unit ਲਵਾਂਗੇ ਤਾਂ ਮੈਂ ਇੱਕ ਪੁਰਾਣੀ ਸਟੱਡੀ ਪੜ੍ਹ ਰਿਹਾ ਸੀ ਕਿ ਸਾਲ 2011 ਤੱਕ ਕਿਸਾਨਾਂ ਦਾ ਦੋ ਲੱਖ ਪਰਿਵਾਰ ਖੇਤੀ ਛੱਡ ਚੁੱਕਾ ਸੀ। ਜਿਹੜੇ ਕਿੱਲੇ ਦੋ ਕਿੱਲੇ ਵਾਲੇ ਕਿਸਾਨ ਸਨ ਉਹ ਨਾ ਤਾਂ ਟਰੈਕਟਰ ਲੈ ਸਕਦੇ ਸਨ ਅਤੇ ਨਾ ਹੀ ਸੰਦ ਬਣਾ ਸਕਦੇ ਹਨ ਅਤੇ ਨਾ ਕੁਝ ਇਨਵੈਸਟਮੈਂਟ ਕਰ ਸਕਦੇ ਹਨ। ਉਨ੍ਹਾਂ ਨੇ ਫਿਰ ਖੇਤੀ ਛੱਡ ਦਿੱਤੀ। ਉਹ ਜਾਂ ਤਾਂ ਜ਼ਮੀਨ ਵੇਚ ਕੇ ਇੱਥੋਂ ਭੱਜ ਗਏ ਜਾਂ ਫਿਰ ਉਹ ਕਿਸੇ ਛੋਟੀ ਮੋਟੀ ਨੌਕਰੀ ਦੇ ਮੁਹਤਾਜ ਹੋ ਗਏ।

ਇਸ ਕਰਕੇ ਮੇਰਾ ਇਹ ਮੰਨਣਾ ਹੈ, ਮੈਂ ਕੋਈ ਇਲਜ਼ਾਮ ਨਹੀਂ ਦੇ ਰਿਹਾ। ਉੱਧਰਲੇ ਪਾਸੇ ਵਾਲੇ ਤੁਸੀਂ ਕਈ ਵਾਰ ਇਹੀ ਸਮਝਦੇ ਹੋ ਕਿ ਮੈਂ ਕੋਈ ਇਲਜ਼ਾਮ ਦੇ ਰਿਹਾ ਹਾਂ। ਸਪੀਕਰ ਸਾਹਿਬ ਇੱਥੇ ਨਹੀਂ ਹਨ। ਮੈਂ ਉਨ੍ਹਾਂ ਨਾਲ ਥੋੜ੍ਹਾ ਨਾਰਾਜ ਹਾਂ। ਮੈਂ ਸਮਾਂ ਮੰਗਦਾ ਰਿਹਾ ਉਨ੍ਹਾਂ ਨੇ ਮੈਨੂੰ ਬਹੁਤ ਘੱਟ ਸਮਾਂ ਦਿੱਤਾ। ਮੇਰਾ ਪਰਸਨਲ ਤਾਂ ਕੋਈ ਕੰਮ ਨਹੀਂ ਹੈ। ਨਾ ਤੁਹਾਡਾ ਕਿਸੇ ਦਾ ਕੋਈ ਪਰਸਨਲ ਕੰਮ ਹੈ। ਜੇਕਰ ਕਿਸੇ ਨੇ ਕੋਈ ਗੱਲ ਕਰਨੀ ਹੈ ਤਾਂ ਚੰਗੀ ਗੱਲ ਹੀ ਕਰਨੀ ਹੈ। ਜਿਹੜੀ ਕਿਸਾਨਾਂ ਦੀ ਐਗਰੀਕਲਚਰ ਬਜਟ ਐਲੋਕੇਸ਼ਨ ਹੈ ਉਹ 11,560 ਕਰੋੜ ਰੁਪਏ ਹੈ। ਚੇਅਰਮੈਨ ਸਾਹਿਬ, ਉਸ ਵਿੱਚੋਂ 60% ਸਬਸਿਡੀ ਤਾਂ PSPCL ਨੂੰ ਚਲੇ ਜਾਣੀ ਹੈ। ਪੰਜਾਬ ਦੀ ਖੇਤੀਬਾੜੀ ਵਾਸਤੇ 4500 ਕਰੋੜ ਰੁਪਿਆ ਇਸ ਬਜਟ ਵਿੱਚ ਬਚਿਆ ਹੈ। ਇਸ ਵਿੱਚੋਂ ਤੁਸੀਂ ਅੰਦਾਜ਼ਾ ਲਗਾ ਲਵੋ ਕਿ ਕਿੰਨਾ ਡਾਇਵਰਸੀਫਿਕੇਸ਼ਨ ਕਰ ਸਕਾਂਗੇ। ਕਿੰਨੀ MSP ਦੇ ਸਕਾਂਗੇ। ਅਸੂਲਣ ਇਸ ਦੇ ਲਈ ਦੇਸ਼ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਭਾਵੇਂ ਸਾਡੀਆਂ ਪਿਛਲੀਆਂ ਸਰਕਾਰਾਂ ਸੀ ਭਾਵੇਂ ਹੁਣ ਵਾਲੀ ਸਰਕਾਰ ਹੈ। ਇਹ ਜਿਹੜਾ ਕਰਜ਼ਾ ਸਾਡੇ ਤੇ ਚੜ੍ਹਿਆ ਹੈ ਇਹ unfair pricing of the crops, all over India ਆਪਣੇ ਨਾਲ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਵੀ ਬਹੁਤ ਆਤਮ ਹੱਤਿਆਵਾਂ ਹੋ ਰਹੀਆਂ ਹਨ। ਮੇਰੇ ਨਾਲ ਪਿਛਲੀ ਵਾਰੀ ਲੀਡਰ ਆਫ ਆਪੋਜ਼ੀਸ਼ਨ ਸੀ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਜੰਤਰ ਮੰਤਰ ਤਾਮਿਲਨਾਡੂ ਦੇ ਕਿਸਾਨਾਂ ਨੂੰ ਮਿਲਣ ਗਏ ਸੀ ਉਦੋਂ ਕਿਸਾਨ ਨੰਗੇ ਬੈਠੇ ਸਨ। ਔਰਤਾਂ ਵੀ ਨੰਗੀਆਂ ਬੈਠੀਆਂ ਸਨ। ਉਹ ਆਪਣੇ ਪਰਿਵਾਰਾਂ ਦੀਆਂ ਖੋਪਰੀਆਂ ਲੈ ਕੇ ਬੈਠੇ ਸਨ। ਲਾਗਿਉਂ ਉੱਥੋਂ ਮੋਦੀ ਲੰਘਦਾ ਸੀ। ਬੀ.ਜੇ.ਪੀ. ਦੇ ਵੱਡੇ ਵੱਡੇ ਅਫਸਰ ਵੀ ਲੰਘਦੇ ਸਨ। ਕਿਸਾਨ ਦਾ ਕਹਿਣਾ ਸੀ ਕਿ ਸਾਨੂੰ ਕਿਸੇ ਨੇ ਆ ਕੇ ਇਹ ਵੀ ਨਹੀਂ ਪੁੱਛਿਆ ਕਿ ਤੁਸੀਂ ਜਿਉਂਦੇ ਹੋ ਜਾਂ ਮਰ ਗਏ ਹੋ? ਸਪੀਕਰ ਸਾਹਿਬ, ਇੱਕ ਲਾਸਟ ਮੈਂਬਰ ਹੈ, he is not speaking. ਉਹ ਟਾਈਮ ਮੈਨੂੰ ਐਲੋਕੇਟ ਕਰ ਦਿਓ if you think approprIte.

**Mr. Chairman:** Sandeep Jakhar ji you are not speaking?

**Shri Sandeep Jakhar :** No, sir.

**Mr. Chairman**:Ok.

**Sardar Sukhpal Singh Khaira :** He doesn't want to speak. ਸੋ, ਮੈਂ ਕਹਿ ਰਿਹਾ ਸੀ ਕਿ ਉਹ ਖੋਪਰੀਆਂ ਲੈ ਕੇ ਬੈਠੇ ਸਨ। ਉਹ ਨਾ ਤਾਂ ਸਾਡੀ ਜ਼ੁਬਾਨ ਸਮਝਣ। ਉਨ੍ਹਾਂ ਬੜੀ ਮੁਸ਼ਕਿਲ ਨਾਲ ਇੱਕ ਗੱਲ ਸਮਝਾਈ। ਉਹ ਕਹਿੰਦੇ ਕਿ ਜੇਕਰ ਤੁਸੀਂ ਇੱਥੇ ਨਾ ਹੁੰਦੇ, ਉਨ੍ਹਾਂ ਨੇ ਬੰਗਲਾ ਸਾਹਿਬ ਵੱਲ ਨੂੰ ਇਸ਼ਾਰਾ ਕੀਤਾ। ਜੇਕਰ ਇੱਥੇ ਬੰਗਲਾ ਸਾਹਿਬ ਗੁਰਦੁਆਰਾ ਨਾ ਹੁੰਦਾ ਤਾਂ ਅਸੀਂ ਭੁੱਖੇ ਮਰ ਜਾਣਾ ਸੀ। ਪੰਜਾਬ ਦੇ ਲੋਕਾਂ ਨੂੰ ਇਹ ਸਾਡੀ ਦੇਣ ਹੈ। ਜਦੋਂ ਸਾਡੇ ਕੋਲ ਕੁਝ ਵੀ ਨਹੀਂ ਹੈ ਜਦੋਂ ਅਸੀਂ ਆਪ ਭੁੱਖੇ ਹਾਂ

ਪਰ ਫਿਰ ਵੀ ਦੁਨੀਆ ਵਿੱਚ ਸਭ ਨੂੰ ਰੋਟੀ ਖਵਾਉਂਦੇ ਹਾਂ। ਪਰ ਜਿਨ੍ਹਾਂ ਨੇ ਸਭ ਕੁਝ ਖਵਾਇਆ ਜਿਹੜੇ ਤਿੰਨ ਕਾਨੂੰਨ ਸਨ ਜਿਹੜੇ ਕੱਖ ਵੀ ਨਹੀਂ ਸਨ, ਮੇਰੇ ਹਿਸਾਬ ਨਾਲ ਇੰਨੀ ਵੱਡੀ ਅਗਰੇਰੀਅਨ ਕਰਾਈਸਿਜ਼ ਵਿੱਚ ਇੱਕ ਛੋਟਾ ਜਿਹਾ tip of the iceberg ਸੀ। ਇਨ੍ਹਾਂ ਕਾਨੂੰਨਾਂ ਨੇ ਸਾਰੇ ਦੇਸ਼ ਦਾ ਜ਼ੋਰ ਲਗਵਾ ਦਿੱਤਾ। ਸਾਰੀ ਸਟੇਟ ਦਾ ਜ਼ੋਰ ਲਗਵਾ ਦਿੱਤਾ। ਪਤਾ ਨਹੀਂ ਕਿੰਨਾ ਪੈਸਾ ਸਵਾ ਸਾਲ ਦੇ ਅੰਦੋਲਨ ਵਿੱਚ ਗਿਆ। 600-700 ਬੰਦਾ ਉੱਥੇ ਮਰ ਗਿਆ ਪਰ ਫਿਰ ਵੀ ਕੋਈ ਸਰਕਾਰ ਨਾ ਤਾਂ ਜਾਗੀ ਅਤੇ ਨਾ ਉੱਠੀ। ਮੈਨੂੰ ਪਤਾ ਹੈ ਕਿ ਸਟੇਟ ਦੇ ਕਨਸਟਰੇਨਟਸ ਹਨ। ਭਾਵੇਂ ਤੁਹਾਡੇ ਕੁਝ ਮੈਂਬਰ ਐਮ.ਐਸ.ਪੀ. ਬਾਰੇ ਨਹੀਂ ਜਾਣਦੇ ਸਨ ਅਤੇ ਉਹ ਇਲੈੱਕਸ਼ਨਾਂ ਤੋਂ ਪਹਿਲਾਂ ਕਹਿ ਗਏ ਸਨ ਕਿ ਪੰਜ ਮਿੰਟ ਸਾਰੀ ਕਰਾਪਸ ਤੇ ਐਮ.ਐਸ.ਪੀ. ਦੇਵਾਂਗੇ। ਇਸ ਤਰ੍ਹਾਂ ਐਮ.ਐਸ.ਪੀ. ਨਹੀਂ ਦੇ ਸਕਦੇ। ਇਕੱਲੇ ਝੋਨੇ ਨੂੰ ਇੱਕ ਫਸਲ ਨੂੰ ਚੁੱਕਣ ਵਾਸਤੇ ਸਾਨੂੰ 70-80 ਹਜ਼ਾਰ ਕਰੋੜ ਰੁਪਿਆ ਚਾਹੀਦਾ ਹੈ। ਜਿਹੜੀ CCL limits ਅਸੀਂ ਲੈਂਦੇ ਹਾਂ। ਚੇਅਰਮੈਨ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ। ਹੁਣ ਸੀ.ਐਮ. ਸਾਹਿਬ ਤਾਂ ਇੱਥੇ ਨਹੀਂ ਹਨ।

ਕੁ.ਕ/ਸ਼.ਜ./6.10/28.06.2022

ਮੇਰੀ ਤੁਹਾਨੂੰ ਬੇਨਤੀ ਹੈ ਕਿ ਸਭ ਤੋਂ ਜ਼ਿਆਦਾ ਐਗਰੇਰੀਅਨ ਇਕਾਨਮੀ ਦੇ sufferers ਤੇ ਧਿਆਨ ਦੇਵੋ। ਜੇ ਆਪਣੇ ਕੋਲ 4500 ਕਰੋੜ ਹੀ ਹੈ, ਉਨ੍ਹਾਂ ਨੂੰ ਦੇਖ ਲਵੋ, ਜਿਹੜੇ ਮਰ ਚੁੱਕੇ ਹਨ। ਇੱਕ-ਇੱਕ ਘਰ ਵਿੱਚ ਦੋ-ਦੋ ਸੁਸਾਈਡਜ਼ ਹਨ। ਸਭ ਤੋਂ ਜ਼ਿਆਦਾ ਇਫੈਕਟਿਵ ਸੁਸਾਈਡਜ਼ ਸੰਗਰੂਰ, ਮਾਨਸਾ, ਬਠਿੰਡਾ ਅਤੇ ਬਰਨਾਲਾ ਜ਼ਿਲ੍ਹੇ ਵਿੱਚ ਹਨ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਆਤਮ ਹੱਤਿਆ ਕਰਨ ਵਾਲੇ ਨੂੰ ਪਰਮੋਟ ਕਰੋ। ਚੇਅਰਮੈਨ ਸਾਹਿਬ, ਖੁਸ਼ੀ ਨਾਲ ਕੌਣ ਸੁਸਾਈਡ ਕਰਦਾ ਹੈ?

***6.10 ਵਜੇ ਬਾਅਦ ਦੁਪਹਿਰ)** **(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

ਮੀਤ ਹੇਅਰ ਜੀ you are a very young Minister, you understand the plight of these people and particularly of your district who are committing suicides. ਉਨ੍ਹਾਂ ਦੇ ਭਵਿੱਖ ਨੂੰ ਸਕਿਓਰ ਕਰਨ ਵਾਸਤੇ ਕੋਈ ਅੱਛੀ ਨੀਤੀ ਘੜੋ। Particularly for those people ਜਿਹੜੇ ਡੈੱਟ ਇਫੈਕਟਿਡ ਹਨ ਤੇ ਆਤਮ ਹੱਤਿਆ ਕਰ ਰਹੇ ਹਨ। ਚਾਹੇ ਉਨ੍ਹਾਂ ਨੂੰ ਜਾਬਜ਼ ਦੇ ਦੇਵੋ। ਆਪਾਂ ਜਵਾਨਾਂ ਵਾਸਤੇ ਇੱਕ ਕਰੋੜ ਰੁਪਿਆ ਰੱਖਿਆ ਹੈ। ਇਹ ਬਹੁਤ ਅੱਛੀ ਗੱਲ ਹੈ ਕਿਉਂਕਿ ਉਹ ਸਾਡੇ ਦੇਸ਼ ਦੀ ਰਾਖੀ ਕਰਦੇ ਹਨ। ਉਨ੍ਹਾਂ ਦੀ ਲਾਈਫ ਫਿਰ ਵੀ ਸਕਿਓਰ ਹੈ। ਸਰਕਾਰ ਉਨ੍ਹਾਂ ਦੇ ਬੱਚਿਆਂ ਨੂੰ ਜਾਬਜ਼ ਦੇ ਦਿੰਦੀ ਹੈ। ਉਨ੍ਹਾਂ ਨੂੰ 40-50 ਲੱਖ ਰੁਪਿਆ ਐਕਸ-ਗਰੇਸ਼ੀਆ ਗ੍ਰਾਂਟ different measures ਤੇ ਆਰਮੀ ਵੱਲੋਂ

ਵੀ ਮਿਲਦੀ ਹੈ। ਗਰੀਬ ਕਿਸਾਨ ਜਿਹੜਾ ਕਿ ਭੂੰਜੇ ਸੌਂਦਾ ਹੈ, ਜਿਹੜਾ ਸਲਫਾਸ ਪੀਂਦਾ ਹੈ, ਇਸ ਕੋਲ ਤਾਂ ਕੱਖ ਵੀ ਨਹੀਂ ਹੈ। ਇਸ ਕਿਸਾਨ ਦੇ ਵਾਸਤੇ ਜੇ ਤੁਸੀਂ 50 ਕਰੋੜ ਨਹੀਂ ਤਾਂ ਘੱਟੋ ਘੱਟ ਉਨ੍ਹਾਂ ਦੇ ਬੱਚਿਆਂ ਨੂੰ ਜਾਬਜ਼ ਹੀ ਦੇ ਦੇਵੋ। 25 ਲੱਖ ਹੀ ਦੇ ਦੇਵੋ, 30 ਲੱਖ ਹੀ ਦੇ ਦੇਵੋ do something ਤਾਂ ਕਿ ਕਿਸਾਨ ਇਸ ਵਿੱਚੋਂ ਨਿਕਲ ਸਕਣ। ਮੁਕਤਸਰ ਸਾਹਿਬ ਦੇ ਐਮ.ਐਲ.ਏ. ਸਾਹਿਬ ਨੇ ਕਿਸਾਨਾਂ ਨਾਲ ਰਿਲੇਟਿਡ ਗੱਲ ਕੀਤੀ ਸੀ, ਉਹ ਹੁਣ ਹਾਊਸ ਵਿੱਚ ਨਹੀਂ ਹਨ। ਸਭ ਤੋਂ ਵੱਡੀ ਸਮੱਸਿਆ ਪਾਣੀ ਦੀ ਆ ਚੁੱਕੀ ਹੈ। 12-13 ਟਿਊਬਵੈੱਲ ਲੱਗ ਚੁੱਕੇ ਹਨ, ਨਿਰੰਤਰ ਪੰਪ ਕਰ ਰਹੇ ਹਾਂ। ਨਾਸਾ ਦੀਆਂ ਸੈਟੇਲਾਈਟਸ ਕਹਿ ਰਹੀਆਂ ਹਨ ਕਿ ਉਹ ਦਿਨ ਦੂਰ ਨਹੀਂ ਹੈ ਜੇਕਰ ਇਸੇ ਤਰ੍ਹਾਂ ਪਾਣੀ ਪੰਪ ਕਰਦੇ ਰਹੇ ਤਾਂ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। Already ground water is in red spots. ਸਪੀਕਰ ਸਾਹਿਬ ਤੁਸੀਂ ਆ ਗਏ ਹੋ। ਤੁਹਾਡ ਸ਼ੁਕਰੀਆ। ਤੁਹਾਡੇ ਨਾਲ ਥੋੜ੍ਹਾ ਜਿਹਾ ਗਿਲ੍ਹਾ ਕਰਨਾ ਹੈ, ਉਹ ਬਾਅਦ ਵਿੱਚ ਕਰਦਾ ਹਾਂ ਜੀ। ਜੋ ਤੁਸੀਂ ਕੱਲ੍ਹ ਟਿੱਪਣੀ ਕੀਤੀ ਸੀ ਮੈਂ ਉਸ ਗੱਲ ਲਈ ਖੇਦ ਵੀ ਮੰਗਦਾ ਹਾਂ। ਤੁਸੀਂ ਮੇਰਾ ਨਾਂ ਨਹੀਂ ਲਿਆ, you were little graceful. ਅਗਰ ਮੇਰੇ ਤੋਂ ਚੇਅਰ ਦੇ ਮੁਤੱਲਕ ਕੁਝ ਕਿਹਾ ਗਿਆ ਹੋਵੇ, ਮੈਂ ਉਸ ਦੇ ਲਈ ਖੇਦ ਵਿਅਕਤ ਕਰਦਾ ਹਾਂ। ਬਲਕਿ ਪੁਰਾਣੇ ਸਪੀਕਰ ਸਾਹਿਬ, ਮੇਰੇ colleague ਸਨ। ਅੱਜ ਉਹ ਹਾਊਸ ਵਿੱਚ ਨਹੀਂ ਹਨ, ਰਾਣਾ ਕੇ.ਪੀ. ਸਿੰਘ। ਅਗਰ ਉਨ੍ਹਾਂ ਦੇ ਮੁਤੱਲਕ ਵੀ ਸਪੀਕਰ ਸਾਹਿਬ, ਕੁਝ ਕਿਹਾ ਗਿਆ ਹੈ then I apologize. ਪਰ ਥੋੜ੍ਹਾ ਜਿਹਾ ਤੁਸੀਂ ਵੀ ਸਾਡਾ ਧਿਆਨ ਰੱਖਿਆ ਕਰੋ। ਤੁਸੀਂ ਮਤਰੇਈ ਮਾਂ ਦਾ ਸਲੂਕ ਨਹੀਂ ਕਰਨਾ। ਤੁਸੀਂ ਇਸ ਹਾਊਸ ਦੀ ਮਾਂ ਹੋ। ਸਪੀਕਰ ਸਾਹਿਬ, ਤੁਸੀਂ ਕਈ ਵਾਰੀ ਇੱਧਰ ਨੂੰ ਮੂੰਹ ਹੀ ਨਹੀਂ ਕਰਦੇ। ਅਸੀਂ ਤੁਹਾਡੇ ਦੋਸਤ ਹੀ ਹਾਂ, ਪੁਰਾਣੇ ਮਿੱਤਰ ਹਾਂ। ਚਲੋ ਛੋਟੇ-ਮੋਟੇ ਜ਼ਿੰਦਗੀ ਵਿੱਚ political differences ਹੁੰਦੇ ਰਹਿੰਦੇ ਹਨ। ਸੋ, 12 ਲੱਖ ਟਿਊਬਵੈੱਲ, 13 ਲੱਖ constant pumping of water, ਸਾਡਾ ਗਰਾਊਂਡ ਵਾਟਰ ਬਿਲਕੁਲ ਮੁੱਕ ਰਿਹਾ ਹੈ। ਜਿਹੜਾ ਗਰਾਊਂਡ ਵਾਟਰ ਅਵੇਲਏਬਲ ਹੈ, ਜਿਸ ਤਰ੍ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਬੁੱਢੇ ਦਰਿਆ ਤੋਂ ਚੱਲ ਜਾਵੋ, even, ਦੂਜੇ ਦਰਿਆਵਾਂ ਤੇ ਚਲੇ ਜਾਵੋ, ਫੀਡਰਾਂ ਤੇ ਚਲੇ ਜਾਵੋ। ਮੈਂ ਬਠਿੰਡੇ ਦੇ ਆਲੇ-ਦੁਆਲੇ ਦੇ ਸਾਰੇ ਵਾਟਰ ਵਰਕਸ ਵਿੱਚ ਜਾ ਕੇ ਦੇਖ ਕੇ ਆਇਆ ਹਾਂ। ਮੈਂ ਤਾਂ ਹੈਰਾਨ ਹਾਂ ਕਿ ਉਹ ਇਸ ਪਾਣੀ ਨੂੰ ਕਿਸ ਤਰ੍ਹਾਂ ਪੀਂਦੇ ਹਨ। ਪਹਿਲਾਂ ਤਾਂ ਮੈਂ ਸੋਚਦਾ ਸੀ ਕਿ ਕੋਈ ਗਰਾਊਂਡ ਵਾਟਰ ਤੋਂ ਇਨ੍ਹਾਂ ਦੇ ਵਾਟਰ ਵਰਕਸ ਨੂੰ ਪਾਣੀ ਜਾਂਦਾ ਹੋਵੇਗਾ। ਜਿਵੇਂ ਸਾਡੇ ਦੁਆਬੇ ਵਿੱਚ ਮੋਟਰਾਂ ਲੱਗੀਆਂ ਹੋਈਆਂ ਹਨ। 500 ਫੁੱਟ ਤੋਂ ਪਾਣੀ ਚੱਲ ਜਾਂਦਾ ਹੈ, ਤੇ ਲੋਕਾਂ ਕੋਲ ਸਾਫ ਪਾਣੀ ਜਾਂਦਾ ਹੈ। ਉੱਥੇ ਤਾਂ ਪਹਿਲਾਂ ਥੱਲੇ ਸਟੋਰ ਹੁੰਦਾ ਹੈ। ਉੱਥੇ ਮੈਂ ਸਟੋਰੇਜ ਟੈਂਕ ਵਿੱਚ ਕਾਂ ਅਤੇ ਹੋਰ ਜਾਨਵਰ ਮਰੇ ਦੇਖੇ ਹਨ। ਉਹ ਪਾਣੀ ਹੀ ਟੈਂਕੀ ਵਿੱਚ ਚਲਾ ਜਾਂਦਾ ਹੈ ਅਤੇ ਫਿਰ ਲੋਕਾਂ ਦੇ ਪੀਣ ਲਈ ਚਲਾ ਜਾਂਦਾ ਹੈ। ਹੁਣ ਅਸੀਂ ਕੈਨਾਲ ਇਰੀਗੇਸ਼ਨ ਤਾਂ ਬਿਲਕੁਲ ਡਾਊਨ ਹੀ ਕਰ ਦਿੱਤੀ ਹੈ। ਬਹੁਤ ਸਾਰੇ ਮਾਝੇ ਦੇ ਮੈਂਬਰ ਇੱਥੇ ਸਾਡੇ ਵਾਲੇ ਪਾਸੇ ਬੈਠੇ ਹਨ। ਮਾਝੇ ਵਿੱਚ ਪਾਣੀ ਹੈ ਹੀ ਨਹੀਂ। ਅੰਗਰੇਜ਼ਾਂ

ਨੇ ਸਭ ਤੋਂ ਬਿਹਤਰੀਨ ਕੈਨਾਲ ਸਿਸਟਮ ਸਭ ਤੋਂ ਪਹਿਲਾਂ ਮਾਝੇ ਵਿੱਚ ਘੜਿਆ ਸੀ। ਫਿਰ ਸਾਡਾ ਬਿਸਤ ਦੁਆਬ ਕੈਨਾਲ ਸੀ। ਇਸ ਬਜਟ ਵਿੱਚ ਇਸ ਕੈਨਾਲ ਨੂੰ ਪੈਸੇ ਨਹੀਂ ਦਿੱਤੇ ਗਏ। ਐਫ.ਐਮ. ਸਾਹਿਬ ਜ਼ਿਆਦਾ ਦੱਸ ਸਕਦੇ ਹਨ, 780 ਕਰੋੜ ਰੁਪਿਆ ਰਾਜਸਥਾਨ ਤੇ ਸਰਹਿੰਦ ਫੀਡਰ ਲਈ ਰੱਖਿਆ ਗਿਆ ਹੈ। ਉਹ ਪਾਣੀ ਪਤਾ ਕਿੱਥੇ ਜਾਣਾ ਹੈ? Directly to Rajasthan, nothing to us. ਔਰ ਉਸ ਨੂੰ ਤੁਸੀਂ ਹੁਣ ਕੰਕਰੀਟ ਕਰ ਰਹੇ ਹੋ ਤਾਂ ਕਿ ਵਾਟਰ ਵੀ ਰਿਚਾਰਜ ਨਾ ਹੋ ਸਕੇ। ਪਾਣੀ ਸਾਰਾ ਚਲਾ ਜਾਵੇ, ਪਾਣੀ ਦੀ ਇੱਕ ਬੂੰਦ ਵੀ ਧਰਤੀ ਦੇ ਵਿੱਚ ਨਾ ਜਾਵੇ ਤਾਂ ਕਿ ਸਾਡਾ ਗਰਾਊਂਡ ਵਾਟਰ ਲੈਵਲ ਕਿਤੇ ਉੱਚਾ ਨਾ ਹੋ ਜਾਵੇ। ਮੈਨੂੰ ਸਮਝ ਨਹੀਂ ਆ ਰਹੀ ਕਿ ਕੀ ਇਹ ਸਾਡਾ ਬਜਟ ਹੈ? ਕਿਉਂਕਿ ਕੁੱਝ ਪੁਰਾਣੇ ਇਰੀਗੇਸ਼ਨ ਮਨਿਸਟਰ ਸਾਨੂੰ ਕਹਿ ਰਹੇ ਸਨ ਕਿ ਇਹ ਬਜਟ ਐਲੋਕੇਸ਼ਨ ਪੰਜਾਬ ਦੀ ਹੈ। This is subject to correction and I really don't know. ਅਸੀਂ ਤਾਂ ਉਨ੍ਹਾਂ ਕੋਲੋਂ ਰਾਇਲਟੀ ਲੈਣੀ ਹੈ। Lots of States are charging royalty. ਦਿੱਲੀ ਸ਼ਾਇਦ ਹਿਮਾਚਲ ਪ੍ਰਦੇਸ਼ ਨੂੰ ਪਾਣੀ ਲਈ ਰਾਇਲਟੀ ਦੇ ਰਿਹਾ ਹੈ। ਸਾਡੇ ਤਾਂ ਪੁਰਾਣੇ ਬੰਦਿਆਂ ਨੇ ਪਤਾ ਨਹੀਂ ਇਸ ਸਬੰਧੀ ਕੁਝ ਕਿਉਂ ਨਹੀਂ ਕੀਤਾ। ਰਾਜਸਥਾਨ ਦੇ ਪਾਣੀ ਦੇ ਚਾਰਜਿਜ਼ ਇਕੱਲੇ ਪੰਜਾਬ ਦਾ ਕਰਜ਼ਾ ਲਾਹ ਸਕਦੇ ਹਨ। ਅਗਰ ਆਪਾਂ ਰਾਜਸਥਾਨ ਤੋਂ ਰਾਇਲਟੀ ਲੈ ਸਕਦੇ ਹੁੰਦੇ ਤਾਂ ਇਕੱਲਾ ਪੰਜਾਬ ਦਾ ਕਰਜ਼ਾ ਇਸ ਨਾਲ ਉਤਾਰਿਆ ਜਾ ਸਕਦਾ ਸੀ। ਸਪੀਕਰ ਸਾਹਿਬ, ਇੱਕ ਮੇਰੀ ਛੋਟੀ ਜਿਹੀ ਆਬਜੈਕਸ਼ਨ ਹੈ। ਆਟੇ ਦੀ ਫਰੀ ਡਿਲੀਵਰੀ ਤਾਂ ਕਿਸੇ ਨੇ ਮੰਗੀ ਹੀ ਨਹੀਂ ਹੈ। ਤੁਸੀਂ honestly ਦੱਸੋ ਐਫ.ਐਮ. ਸਾਹਿਬ, ਤੁਸੀਂ ਕਹਿੰਦੇ ਹੋ ਕਿ ਤੁਹਾਡੇ ਕੋਲ 20 ਹਜ਼ਾਰ ਅਰਜ਼ੀਆਂ ਆਈਆਂ, ਉਨ੍ਹਾਂ ਵਿੱਚੋਂ ਕਿਸੇ ਨੇ ਫਰੀ ਡਿਲੀਵਰੀ ਆਟੇ ਦੀ ਮੰਗੀ? 497 ਕਰੋੜ ਰੁਪਿਆ ਇਸ ਚੀਜ਼ ਲਈ ਰੱਖਿਆ ਹੈ। ਇੱਕ ਪਾਸੇ ਕਹਿੰਦੇ ਹੋ ਪੌਣੇ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਉਸ ਵਿੱਚ ਹੁਣ ਹੋਰ ਕਰਜ਼ਾ ਐਡ ਹੋ ਗਿਆ because of UDAY scheme, State level undertakings. ਔਰ ਸਪੀਕਰ ਸਾਹਿਬ, ਅਪਣਾ ਕਰਜ਼ਾ ਤਕਰੀਬਨ ਤਕਰੀਬਨ ਹੁਣ ਪੌਣੇ 3 ਲੱਖ ਕਰੋੜ ਰੁਪਏ ਹੈ।

**ਪ.ਸ਼./ਸ.ਜ./06.15/28.06.2022**

ਸਪੀਕਰ ਸਾਹਿਬ, ਇਹ ਸਹੂਲਤ ਤਾਂ ਉਨ੍ਹਾਂ ਨੇ ਮੰਗੀ ਹੀ ਨਹੀਂ। ਮੈਨੂੰ ਨਹੀਂ ਪਤਾ, ਤੁਸੀਂ ਆਪਣੀ ਮਰਜ਼ੀ ਕਰੀ ਚਲੋ। ਕੀ ਆਟਾ ਪੰਜ ਛੇ ਦਿਨਾਂ ਬਾਅਦ ਘਰ ਦੇ ਵਿੱਚ ਟਿਕਦਾ ਹੁੰਦਾ ਹੈ? ਉਸ ਦੇ ਵਿੱਚ ਸੁਸਰੀ ਪੈ ਜਾਂਦੀ ਹੈ। ਪਹਿਲਾਂ ਉਸ ਦੀ ਪੈਕਿੰਗ ਹੋਣੀ ਹੈ। ਉਹ ਵੀ ਪਤਾ ਨਹੀਂ ਕਿੱਥੋਂ ਹੋਣੀ ਹੈ? ਇਸ ਦੇ ਨਾਲੋਂ ਤਾਂ ਕਣਕ ਸੌ ਗੁਣਾਂ ਚੰਗੀ ਹੈ। ਪਹਿਲਾਂ ਉਹ ਆਪਣੇ ਘਰਾਂ ਦੇ ਵਿੱਚ ਕਣਕ ਰੱਖਦੇ ਹੁੰਦੇ ਸਨ। ਆਪਣੀ ਲੋੜ ਮੁਤਾਬਿਕ ਲੋਕਲ ਚੱਕੀ ਤੋਂ ਆਟਾ ਪਿਸਵਾ ਕੇ ਆਪਣੇ ਕੋਲ ਰੱਖ ਲੈਂਦੇ ਸਨ। (ਘੰਟੀ)

**ਮਾਨਯੋਗ ਸਪੀਕਰ**: ਬਸ ਹੋ ਗਿਆ ਜੀ। ਮੇਰੇ ਆਉਣ ਤੋਂ ਬਾਅਦ ਤੁਹਾਨੂੰ ਤਿੰਨ ਮਿੰਟ ਮੈਂ ਆਪਣੇ ਕੋਲੋਂ ਹੋਰ ਦੇ ਦਿੱਤੇ ਸਨ।

**Sardar Sukhpal Singh Khaira:** Heavens are not going to fall. I am only speaking what I want to, just give me 2 minutes.

**ਮਾਨਯੋਗ ਸਪੀਕਰ**: ਤੁਹਾਨੂੰ ਦੋ ਮਿੰਟ ਦਾ ਸਮਾਂ ਹੋਰ ਦਿੱਤਾ ਜਾਂਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ**: ਵ੍ਹਾਈਟ ਪੇਪਰ ਦੇ ਵਿੱਚ ਤੁਸੀਂ ਸਾਰੀ ਪੁਰਾਣੀ ਇਕਾਨਮੀ ਨੂੰ ਛੇੜਿਆ ਹੈ। ਇਹ ਬਹੁਤ ਹੀ ਅੱਛਾ ਕੀਤਾ ਹੈ। ਇਹ ਤੁਸੀਂ ਦੱਸ ਦਿੱਤਾ ਹੈ ਕਿ ਕਿਹੜੀ-ਕਿਹੜੀ ਸਰਕਾਰ ਨੇ ਕਿਸ ਤਰ੍ਹਾਂ ਕਰਜ਼ਾ ਚੜ੍ਹਾਇਆ ਹੈ। ਮੇਰੇ ਖਿਆਲ ਦੇ ਵਿੱਚ ਪਿਛਲੇ 35 ਸਾਲਾਂ ਦੇ ਕਰਜ਼ੇ ਦੀ ਇਹ ਦਾਸਤਾਨ ਹੈ। 1980 ਦੇ ਕਰੀਬ ਇਹ ਰੈਵੇਨਿਊ ਸਰਪਲੱਸ ਸਟੇਟ ਸੀ। ਪਰ ਤੁਸੀਂ ਅਕਾਊਂਟੇਬਿਲਟੀ ਕਿਸੇ ਦੀ ਫਿਕਸ ਹੀ ਨਹੀਂ ਕੀਤੀ। ਇਸ ਦੇ ਵਿੱਚ ਨਾ ਹੀ ਕੋਈ ਸੁਝਾਅ ਦਿੱਤਾ ਗਿਆ ਹੈ ਕਿ ਅਸੀਂ ਕਰਜ਼ੇ ਨੂੰ ਕਿਸ ਤਰ੍ਹਾਂ ਠੀਕ ਕਰਾਂਗੇ। ਸਿਰਫ ਇਕ ਛੋਟਾ ਜਿਹਾ ਪੈਰ੍ਹਾ ਹੈ that we will try to improve our economy's working ਅਤੇ ਰੈਵੇਨਿਊ ਲੋਸਿਸ ਨੂੰ ਅਸੀਂ ਪਲੱਗ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਦੇ ਨਾਲ ਤਾਂ ਕੁਝ ਨਹੀਂ ਹੋਣਾ। ਚੀਮਾ ਸਾਹਿਬ, ਇਹ ਵ੍ਹਾਈਟ ਪੇਪਰ ਤਾਂ ਸਾਲ 2017 ਦੇ ਵਿੱਚ ਕੈਪਟਨ ਸਰਕਾਰ ਵੱਲੋਂ ਵੀ ਪੇਸ਼ ਕੀਤਾ ਗਿਆ ਸੀ। Most of the parts are copied other than the fresh debt that has been added now. ਔਰ ਮੁਆਫ ਕਰਨਾ ਅਸੀਂ ਦੂਜਿਆਂ ਨੂੰ ਤਾਂ ਇਲਜ਼ਾਮ ਲਗਾ ਰਹੇ ਹਾਂ ਪਰ ਤੁਸੀਂ ਪਿਛਲੇ ਤਿੰਨ ਮਹੀਨਿਆਂ ਦੇ ਵਿੱਚ ਨੌਂ ਹਜ਼ਾਰ ਕਰੋੜ ਦਾ ਕਰਜ਼ਾ ਇਸ ਵਿੱਚ ਜੋੜਿਆ ਹੈ। ਅਗਰ ਇਸ ਸਪੀਡ ਦੇ ਨਾਲ ਕਰਜ਼ਾ ਜੁੜਦਾ ਰਿਹਾ ਤਾਂ ਡੇਢ ਲੱਖ ਕਰੋੜ ਜਾਂ ਪੌਣੇ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਇਸ ਵਿੱਚ ਐਡ ਹੋ ਜਾਵੇਗਾ। I do not know, ਸਪੀਡ ਤੁਸੀਂ ਘਟਾਉਗੇ ਜਾਂ ਵਧਾਉਗੇ। ਸਪੀਕਰ ਸਾਹਿਬ, ਕੱਲ੍ਹ ਪੇਪਰ ਲੈੱਸ ਬਜਟ ਸੀ। Very good. ਪੇਪਰ ਲੈੱਸ ਬਜਟ ਕਾਰਨ ਅਸੀਂ 20 ਲੱਖ ਰੁਪਿਆ ਬਚਾਇਆ ਹੈ ਪਰ 42 ਲੱਖ 70 ਹਜ਼ਾਰ ਰੁਪਏ ਅਸੀਂ ਅਖਬਾਰਾਂ ਦੇ ਵਿੱਚ ਇਸ਼ਤਿਹਾਰ ਦੇਣ ਲਈ ਖਰਚ ਕਰ ਦਿੱਤਾ। 45 ਕਰੋੜ ਰੁਪਿਆ ਤਾਂ ਪਿਛਲੇ ਤਿੰਨ ਮਹੀਨਿਆਂ ਦੇ ਵਿੱਚ ਪਬਲਿਸਿਟੀ ਤੇ ਲਗਾ ਦਿੱਤਾ ਗਿਆ। (ਘੰਟੀ)

**ਮਾਨਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਸਪੀਕਰ ਸਾਹਿਬ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਮਾਨਯੋਗ ਸਪੀਕਰ ਸਾਹਿਬ,

ਇਹ ਜੋ ਬਜਟ ਤਿਆਰ ਕੀਤਾ ਗਿਆ ਹੈ, ਇਹ ਸਰਦਾਰ ਹਰਪਾਲ ਸਿੰਘ ਚੀਮਾ ਜੀ, ਜੋ ਕਿ ਸਾਡੇ ਐਫ.ਐਮ. ਹਨ, ਵੱਲੋਂ ਘਰ ਬੈਠ ਕੇ ਜਾਂ ਦਫਤਰ ਦੇ ਵਿੱਚ ਬੈਠ ਕੇ ਨਹੀਂ ਤਿਆਰ ਕੀਤਾ ਗਿਆ। ਇਹ ਪੰਜਾਬ ਦੇ ਕੋਨੇ-ਕੋਨੇ ਦੇ ਵਿੱਚ ਗਏ ਹਨ। ਮੈਂ ਇਸ ਗੱਲ ਦਾ ਗਵਾਹ ਹੀ ਨਹੀਂ ਸਗੋਂ ਮੈਂ ਇਨ੍ਹਾਂ ਦੇ ਨਾਲ ਕਾਫੀ ਜ਼ਿਲ੍ਹਿਆਂ ਦੇ ਵਿੱਚ ਮੌਜੂਦ ਵੀ ਰਿਹਾ। ਲੋਕਾਂ ਨੇ ਬੜੇ ਸੁਝਾਅ ਦਿੱਤੇ। ਇਨ੍ਹਾਂ ਨੇ ਉਨ੍ਹਾਂ ਸੁਝਾਵਾਂ ਤੇ ਕੰਮ ਕੀਤਾ, ਜਿਸ ਦੇ ਸਿੱਟੇ ਵਜੋਂ ਇਹ ਜਿਹੜਾ ਬਜਟ ਹੈ, ਇੱਕ ਬਹੁਤ ਹੀ ਵਧੀਆ ਬਜਟ ਹੋ ਨਿੱਬੜਿਆ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਬਜਟ ਦੇ ਵਿੱਚ ਬੜੀ ਵਧੀਆ ਗੱਲਾਂ ਕੀਤੀਆਂ ਗਈਆਂ ਹਨ। ਹੋਰ ਸਪੀਕਰ ਸਾਹਿਬ, ਕਿਸੇ ਵੀ ਸਮਾਜ ਦੇ ਵਿੱਚ ਵਧੀਆ ਢੰਗ ਨਾਲ ਰਹਿਣ ਦੇ ਲਈ ਵਧੀਆ ਜੀਵਨ ਬਸਰ ਕਰਨ ਦੇ ਲਈ ਤਿੰਨ ਅਹਿਮ ਬੁਨਿਆਦੀ ਸਹੂਲਤਾਂ ਦੀ ਜ਼ਰੂਰਤ ਹੁੰਦੀ ਹੈ, ਜਿਸ ਦੇ ਵਿੱਚੋਂ ਪਹਿਲੇ ਨੰਬਰ ਦੇ ਵਿੱਚ ਸਿਹਤ ਆਉਂਦੀ ਹੈ। ਜੇਕਰ ਸਾਡੀ ਸਿਹਤ ਠੀਕ ਹੋਵੇਗੀ ਤਾਂ ਹੀ ਅਸੀਂ ਕੁਝ ਉਸਾਰੂ ਸੋਚ ਜਾਂ ਕਰ ਸਕਦੇ ਹਾਂ। Sound mind lives in a sound body. ਜਾਨ ਹੈ ਤਾਂ ਜਹਾਨ ਹੈ। ਦੂਸਰੀ ਹੈ ਸਿੱਖਿਆ। ਜੇਕਰ ਮਨੁੱਖ ਸਿੱਖਿਅਤ ਹੈ, ਉਸ ਦੇ ਕੋਲ ਗਿਆਨ ਹੈ, ਪੜ੍ਹਾਈ ਹੈ ਤਾਂ ਹੀ ਉਹ ਆਪਣੀ ਰੋਜ਼ੀ ਦਾ ਵਸੀਲਾ ਕਰ ਸਕਦਾ ਹੈ ਅਤੇ ਸਮਾਜ ਦੇ ਵਿੱਚ ਵਧੀਆ ਢੰਗ ਦੇ ਨਾਲ ਜੀਵਨ ਬਸਰ ਸਕਦਾ ਹੈ। ਤੀਸਰੀ ਹੈ ਸਕਿਉਰਿਟੀ। ਜੇਕਰ ਮਨੁੱਖ ਆਪਣੇ ਆਪ ਨੂੰ ਸੇਫ ਮਹਿਸੂਸ ਕਰੇਗਾ ਤਾਂ ਹੀ ਉਹ ਜ਼ਿੰਦਗੀ ਦੇ ਵਿੱਚ ਵਧੀਆ ਢੰਗ ਦੇ ਨਾਲ ਗੁਜ਼ਾਰਾ ਕਰ ਸਕਦਾ ਹੈ ਤੇ ਵਧੀਆ ਜ਼ਿੰਦਗੀ ਜੀਅ ਸਕਦਾ ਹੈ।

**6.20/ਜਸਪਾਲ/28.6.22/ਟਿਵਾਣਾ**

ਸੋ, ਸਪੀਕਰ ਸਾਹਿਬ, ਸਾਡੇ ਮਾਣ ਤੇ ਸਤਿਕਾਰਯੋਗ ਐਫ.ਐਮ.ਸਾਹਿਬ ਨੇ ਜੋ ਬਜਟ ਤਿਆਰ ਕੀਤਾ ਹੈ, ਇਸ ਵਿੱਚ ਜਿਵੇਂ ਪਹਿਲੀ ਗੱਲ ਸਿਹਤ ਸਬੰਧੀ ਕੀਤੀ ਗਈ ਸੀ। ਮੈਂ ਸਿਹਤ ਸਬੰਧੀ ਗੱਲ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਜੇ ਸਿਹਤ ਦੀ ਗੱਲ ਕਰੀਏ ਤਾਂ ਸਾਡੇ ਐਫ.ਐਮ.ਸਾਹਿਬ ਨੇ 117 ਮੁਹੱਲਾ ਕਲੀਨਿਕ ਖੋਲ੍ਹਣ ਦਾ ਫੈਸਲਾ ਲਿਆ ਹੈ ਜਿਸ ਲਈ 70 ਕਰੋੜ ਰੁਪਏ ਦੀ ਰਾਸ਼ੀ ਦੀ ਤਜਵੀਜ਼ ਰੱਖੀ ਗਈ ਹੈ। ਸਮੁੱਚੇ ਤੌਰ 4,731 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਇਸ ਦੇ ਨਾਲ ਹੀ ਮੈਡੀਕਲ ਸਿੱਖਿਆ ਤੇ ਖੋਜ ਲਈ 16 ਹੋਰ ਨਵੇਂ ਮੈਡੀਕਲ ਕਾਲਜ ਬਣਾਉਣ ਦਾ ਫੈਸਲਾ ਲਿਆ ਹੈ ਜਿਸ ਨਾਲ ਇਹ ਕਾਲਜ ਹੁਣ 25 ਹੋ ਜਾਣਗੇ। ਅਗਲਾ ਸਿੱਖਿਆ ਦਾ ਹੈ। ਸਪੀਕਰ ਸਾਹਿਬ, ਜੇਕਰ ਸਿੱਖਿਆ ਦੀ ਗੱਲ ਕਰੀਏ ਤਾਂ ਸਪੀਕਰ ਸਾਹਿਬ, ਸਾਡੀ ਬਹੁਤ ਹੀ ਪਾਕ ਪਵਿੱਤਰ ਗੁਰਬਾਣੀ ਦੇ ਵਿੱਚ ਦਰਜ ਹੈ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

ਸਪੀਕਰ ਸਾਹਿਬ, ਸਾਡੇ ਮਾਨਯੋਗ ਐਮ. ਐਫ.ਸਾਹਿਬ ਨੇ ਸਿੱਖਿਆ ਦਾ ਮਿਆਰ ਉਚਾ ਚੁੱਕਣ ਲਈ ਇਸ ਬਜਟ ਵਿੱਚ 47.84 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ, ਇਸੇ ਤਰ੍ਹਾਂ ਮੈਡੀਕਲ ਸਿੱਖਿਆ ਲਈ 56.60 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ। ਸਪੀਕਰ ਸਾਹਿਬ, ਐਫ.ਐਮ.ਸਾਹਿਬ ਨੇ 500 ਸਰਕਾਰੀ ਸਕੂਲਾਂ ਵਿੱਚ ਆਧੁਨਿਕ ਡਿਜੀਟਲ ਕਲਾਸ ਰੂਮ ਬਣਾਉਣ ਲਈ 40 ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ । ਪੇਂਡੂ ਅਤੇ ਸ਼ਹਿਰੀ ਸਕੂਲਾਂ ਦੀਆਂ ਚਾਰ ਦੀਵਾਰੀਆਂ ਲਈ 400 ਕਰੋੜ ਰੁਪਏ ਤੇ ਯੂਨੀਵਰਸਲ ਸਕੀਮ ਰਾਹੀਂ 8ਵੀਂ ਕਲਾਸ ਵਿਚ ਪੜ੍ਹਦੇ ਸਾਰੇ ਹੀ ਵਿਦਿਆਰਥੀਆਂ ਨੂੰ, ਚਾਹੇ ਕੋਈ ਐਸ.ਸੀ.ਵਰਗ ਨਾਲ ਸਬੰਧਿਤ ਰੱਖਦਾ ਹੈ, ਚਾਹੇ ਉਹ ਜਨਰਲ ਵਰਗ ਨਾਲ ਸਬੰਧ ਰੱਖਦਾ ਹੈ, ਉਨ੍ਹਾਂ ਲਈ, ਸਾਰਿਆਂ ਨੂੰ, ਅੱਠਵੀਂ ਕਲਾਸ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਵਰਦੀਆਂ ਦੇਣ ਲਈ 23 ਕਰੋੜ ਰੁਪਏ ਦੀ ਤਜਵੀਜ਼ ਰੱਖੀ ਗਈ ਹੈ। (ਥੰਪਿੰਗ) ਸੋ, ਸਪੀਕਰ ਸਾਹਿਬ, ਇਹ ਗੱਲਾਂ ਸਿੱਧ ਕਰਦੀਆਂ ਹਨ ਕਿ ਇਹ ਇੱਕ ਬਹੁਤ ਵਧੀਆ ਬਜਟ ਪੇਸ਼ ਕੀਤਾ ਗਿਆ ਹੈ।

ਸਪੀਕਰ ਸਾਹਿਬ, 9 ਜ਼ਿਲ੍ਹਿਆਂ ਦੇ ਲਈ ਲਾਇਬਰੇਰੀਆਂ ਦੇ ਪ੍ਰਬੰਧ ਲਈ 30 ਕਰੋੜ ਰੁਪਿਆ ਰੱਖਿਆ ਗਿਆ ਹੈ। ਜਿਵੇਂ ਮੇਰੇ ਤੋਂ ਪਹਿਲਾਂ ਡਾਕਟਰ ਨਿੱਜਰ ਜੀ ਹੁਰਾਂ ਨੇ ਗੱਲ ਕੀਤੀ ਸੀ ਕਿ ਜਿਹੜੀ ਲਾਇਬਰੇਰੀਆਂ ਦੀ ਮਹੱਤਤਾ ਹੈ ਉਹ ਸਾਡੇ ਜੀਵਨ ਦੇ ਵਿਚ ਬਹੁਤ ਜ਼ਿਆਦਾ ਹੈ। ਜੋ ਅਸੀਂ ਕਿਤਾਬਾਂ ਤੋਂ ਸਿੱਖ ਸਕਦੇ ਹਾਂ ਜਾਂ ਕਿਤਾਬਾਂ ਸੇਧ ਦੇ ਸਕਦੀਆਂ ਹਨ, ਉਹ ਸੇਧ ਸਾਨੂੰ ਕਿਤੋਂ ਨਹੀਂ ਮਿਲ ਸਕਦੀ। ਸਪੀਕਰ ਸਾਹਿਬ, ਮੇਰਾ ਖੁਦ ਦਾ ਜਿਹੜਾ ਜੀਵਨ ਹੈ ਉਹ ਪੜ੍ਹਨ ਲਿਖਣ ਵਾਲਾ ਜੀਵਨ ਹੈ। ਵੀਹ ਸਾਲ ਮੈਂ ਪੱਤਰਕਾਰਤਾ ਦੇ ਖੇਤਰ ਵਿੱਚ ਗੁਜ਼ਾਰਿਆ ਔਰ 2013 ਦੇ ਵਿਚ ਪਾਰਟੀ ਦੇ ਵਿਚ ਸਰਗਰਮ ਹੋਣ ਤੋਂ ਪਹਿਲਾਂ ਮੇਰੀ ਲਾਸਟ ਕਿਤਾਬ 2021 ਤੜਪ ਦਰ ਤੜਪ ਛਪੀ ਸੀ ਕਿਉਂਕਿ ਉਸ ਤੋਂ ਰੁਝੇਵੇਂ ਬਹੁਤ ਜ਼ਿਆਦਾ ਹੋ ਗਏ। ਮੇਰੇ ਕਹਿਣ ਤੋਂ ਭਾਵ ਜਿਹੜੀਆਂ ਕਿਤਾਬਾਂ ਹੁੰਦੀਆਂ ਹਨ, ਇਹ ਮਨੁੱਖ ਨੂੰ ਬਹੁਤ ਅੱਛੀ ਸੇਧ ਦਿੰਦੀਆਂ ਹਨ। ਸੋ, ਸਪੀਕਰ ਸਾਹਿਬ, ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਲਈ 95 ਕਰੋੜ, ਤਕਨੀਕੀ ਸਿੱਖਿਆ ਲਈ 641 ਕਰੋੜ, ਖੇਡਾਂ ਤੇ ਯੁਵਕ ਸੇਵਾਵਾਂ ਲਈ 25 ਕਰੋੜ ਰੁਪਏ ਦੀ ਰਾਸ਼ੀ ਦੀ ਤਜਵੀਜ਼ ਰੱਖੀ ਗਈ ਹੈ। ਪੰਜਾਬੀ ਯੂਨੀਵਰਸਿਟੀ ਜੋ ਬਹੁਤ ਘੋਰ ਸੰਕਟ ਵਿਚੋਂ ਲੰਘ ਰਹੀ ਹੈ ਉਸ ਨੂੰ ਮੁੜ ਸੁਰਜੀਤ ਕਰਨ ਲਈ 200 ਕਰੋੜ ਰੁਪਿਆ ਰੱਖਿਆ ਗਿਆ ਹੈ। ਸੋ, ਸਪੀਕਰ ਸਾਹਿਬ, ਮੈਂ ਸਕਿਉਰਿਟੀ ਦੀ ਗੱਲ ਕਰ ਰਿਹਾ ਸੀ । ਤੀਸਰੇ ਨੰਬਰ ਉਤੇ ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਕੈਬਨਿਟ ਦੀ ਪਹਿਲੀ ਮੀਟਿੰਗ ਵਿਚ ਹੀ 26454 ਮੁਲਾਜ਼ਮਾਂ ਦੀ ਭਰਤੀ ਕਰਨ ਦਾ ਐਲਾਨ ਕੀਤਾ ਗਿਆ ਹੋਵੇ, ਇਨ੍ਹਾਂ ਵਿੱਚ ਤਕਰੀਬਨ 10,000 ਮੁਲਾਜ਼ਮ ਪੁਲਿਸ ਦੇ ਭਰਤੀ ਕੀਤੇ ਜਾਣਗੇ ਜਿਸ ਨਾਲ ਜਿਹੜਾ ਸਕਿਉਰਿਟੀ ਵਾਲਾ ਪਰਪੱਜ਼ ਹੈ ਉਹ ਵੀ ਬਹੁਤ ਵੱਡੀ ਪੱਧਰ ਤੇ ਹੱਲ ਹੋਵੇਗਾ ਤੇ ਸਾਨੂੰ ਹੋਰ ਵੀ ਰਾਹਤ ਮਿਲੇਗੀ।

ਸਪੀਕਰ ਸਾਹਿਬ, ਗੱਲ ਨੌਜਵਾਨਾਂ ਦੀ ਕਰਦੇ ਹਾਂ। ਜਿਹੜਾ ਪੰਜਾਬ ਦਾ ਨੌਜਵਾਨ ਹੈ, ਇਹ ਸਾਡੇ ਸਮਾਜ ਦਾ ਹਰਿਆਵਲ ਦਸਤਾ ਮੰਨਿਆ ਜਾਂਦਾ ਹੈ। ਸਪੀਕਰ ਸਾਹਿਬ, ਆਪਾਂ ਜਾਣਦੇ ਹਾਂ ਕਿ ਜਿਹੜਾ ਪੰਜਾਬ ਦਾ ਨੌਜਵਾਨ ਹੈ, ਇਸ ਦੀਆਂ ਬਹਾਦਰੀ ਦੀਆਂ ਧੁੰਮਾਂ, ਬਹਾਦਰੀ ਦੇ ਚਰਚੇ ਪੂਰੀ ਦੁਨੀਆਂ ਵਿੱਚ ਪਏ ਹਨ, ਚਾਹੇ ਅਹਿਮਦ ਸ਼ਾਹ ਅਬਦਾਲੀ ਹੋਇਆ ਹੈ, ਮਹਿਮੂਦ ਗਜ਼ਨਵੀ ਹੋਇਆ ਹੈ, ਮੁਹੰਮਦ ਗੌਰੀ ਹੋਇਆ ਹੈ, ਇਨ੍ਹਾਂ ਦੇ ਜਿੰਨੇ ਵੀ ਹਮਲੇ ਪੰਜਾਬ ਉਤੇ ਹੁੰਦੇ ਸੀ ਤਾਂ ਉਸ ਸਮੇਂ ਸਾਡੇ ਨੌਜਵਾਨ ਸਾਹਮਣਾ ਕਰਦੇ ਸੀ ਪਰ ਪਿਛਲੇ ਸਮੇਂ ਦੌਰਾਨ ਸਹੀ ਨੀਤੀਆਂ ਨਾ ਹੋਣ ਕਾਰਨ ਸਾਡੇ ਕੁਝ ਨੌਜਵਾਨ ਵਦੇਸ਼ਾਂ ਵੱਲ ਨੂੰ ਕੂਚ ਕਰ ਗਏ ਤੇ ਕੁਝ ਮਾਯੂਸ ਹੋ ਗਏ ਤੇ ਕੁਝ ਮਾੜੀ ਸੰਗਤ ਦਾ ਸ਼ਿਕਾਰ ਹੋ ਗਏ।

**ਬ.ਕ./ਹ.ਸ/28.6.22/6.25**

ਸਪੀਕਰ ਸਾਹਿਬ, ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ, ਉਨ੍ਹਾਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ, ਉੱਦਮੀ ਬਣਾਉਣ ਲਈ ਇਕ start-up programme ਅਧੀਨ, ਅਗਾਂਹਵਧੂ ਬਣਾਉਣ ਲਈ 50 ਕਰੋੜ ਦੀ ਤਜਵੀਜ਼ ਰੱਖੀ ਗਈ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

ਸਪੀਕਰ ਸਾਹਿਬ, NCC ਦੀ ਗੱਲ ਕੀਤੀ ਗਈ ਹੈ ਜਿਸ ਵੱਲ ਕਦੇ ਧਿਆਨ ਨਹੀਂ ਦਿੱਤਾ ਗਿਆ। ਸਕੂਲ ਲਾਈਫ ਅਤੇ ਕਾਲਜ ਲਾਈਫ ਵਿੱਚ ਇਸ ਦਾ ਮੌਕਾ ਮਿਲਦਾ ਹੈ। ਮੈਂ 1996 ਵਿੱਚ ਜਦੋਂ ਐਲ.ਆਰ ਕਾਲਜ, ਜਗਰਾਓਂ ਦਾਖਲਾ ਲਿਆ ਸੀ ਤਾਂ ਪਹਿਲੇ ਸਾਲ ਵਿੱਚ NCC ਦਾ ਕੈਡਿਟ ਬਣਿਆ ਸੀ। ਤਿੰਨ ਸਾਲ NCC ਦੌਰਾਨ ਦੇਸ਼ ਦੇ ਕੋਨੇ ਕੋਨੇ ਵਿੱਚ ਕੈਂਪ ਅਟੈਂਡ ਕੀਤੇ। ਇਨ੍ਹਾਂ ਕੈਂਪਾਂ ਦੌਰਾਨ ਜੋ ਸਿਖਲਾਈ ਹਾਸਲ ਕੀਤੀ, ਉਹ ਮੈਂ ਬਿਆਨ ਨਹੀਂ ਕਰ ਸਕਦਾ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਲਈ ਇਹ ਬਹੁਤ ਜ਼ਰੂਰੀ ਹੈ। NCC ਦੇ ਯੂਨਿਟਾਂ ਅਤੇ ਸਿਖਲਾਈ ਕੇਂਦਰਾਂ ਲਈ ਪੰਜ ਕਰੋੜ ਰੁਪਿਆ ਰਾਖਵਾਂ ਰੱਖਿਆ ਗਿਆ ਹੈ।

ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਫਿਕਰਮੰਦੀ ਦੀ ਗੱਲ ਕਰਨਾ ਚਾਹੁੰਦਾ ਹੈ ਜੋ ਕਿ ਪਾਣੀ ਸਬੰਧੀ ਹੈ। ਸਾਡਾ ਪੀਣ ਵਾਲਾ ਪਾਣੀ ਦਿਨ-ਬ-ਦਿਨ ਥੱਲੇ ਜਾ ਰਿਹਾ ਹੈ, ਡੂੰਘਾ ਹੋ ਰਿਹਾ ਹੈ। ਇਸ ਦੇ ਨਾਲ ਹੀ ਇਸ ਵਿਚ ਯੂਰੇਨੀਅਮ ਦੀ ਮਾਤਰਾ ਵੀ ਪਾਈ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਸ਼ਾਇਦ ਸਾਡੀ ਤੀਜੀ ਪੀੜ੍ਹੀ ਨੂੰ ਪੀਣ ਵਾਲਾ ਪਾਣੀ ਨਸੀਬ ਨਹੀਂ ਹੋਵੇਗਾ। ਮਸ਼ਹੂਰ ਸ਼ਾਇਰ ਡਾ. ਸੁਰਜੀਤ ਪਾਤਰ ਜੀ ਨੇ ਕਿਹਾ ਹੈ:

*ਵੱਜੀ ਤੇਰੇ ਜੇ ਕਲੇਜੇ ਛੁਰੀ ਨਹੀਂ, ਇਹ ਨਾ ਸਮਝੀ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।* (ਥੰਪਿੰਗ)

ਸੋ, ਸਪੀਕਰ ਸਾਹਿਬ, ਜੇਕਰ ਆਉਣ ਵਾਲੇ ਸਮੇਂ ਵਿੱਚ ਅਸੀਂ ਪਾਣੀ ਦਾ ਸੰਕਟ ਹੱਲ ਨਾ ਕੀਤਾ ਤਾਂ ਸਾਡੇ ਲਈ ਬਹੁਤ ਵੱਡੀ ਮੁਸੀਬਤ ਬਣੇਗੀ। ਇਸ ਪਾਸੇ ਬਚਾਅ ਕਰਨ ਲਈ ਸਾਡੇ ਬਹੁਤ ਹੀ ਸਤਿਕਾਰਯੋਗ ਸੀ.ਐਮ ਸਾਹਿਬ ਨੇ ਝੋਨੇ ਦੀ ਸਿੱਧੀ ਬਿਜਾਈ ਦਾ ਉਪਰਾਲਾ ਕਰਦਿਆਂ 1500 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਹੈ, ਜਿਸ ਤਹਿਤ 450 ਕਰੋੜ ਰੁਪਿਆ ਰੱਖਿਆ ਗਿਆ। ਮੂੰਗੀ ਵਾਸਤੇ ਘੱਟੋ ਘੱਟ ਸਮਰਥਨ ਮੁੱਲ, ਜਿਸ ਨੂੰ ਐਮ.ਐਸ.ਪੀ ਕਹਿੰਦੇ ਹਨ, ਉਹ ਦਿੱਤੀ ਗਈ ਹੈ, ਇਸ ਵਾਸਤੇ 450 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਫਸਲੀ ਵਿਭਿੰਨਤਾ ਲਈ 66 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

ਸਪੀਕਰ ਸਾਹਿਬ, ਆਪਾਂ ਵਿਧਾਇਕ ਚੁਣ ਕੇ ਆਏ ਹਾਂ। ਇੱਥੇ ਇਕ ਵਿਧਾਇਕ ਇਕ ਪੈਨਸ਼ਨ ਦੀ ਗੱਲ ਚੱਲੀ ਸੀ ਜੋ ਕਿ ਸ਼ਲਾਘਾਯੋਗ ਉਪਰਾਲਾ ਹੈ। ਇਸ ਨਾਲ 19.53 ਕਰੋੜ ਰੁਪਏ ਦੀ ਸਾਲਾਨਾ ਬੱਚਤ ਹੋਵੇਗੀ ਜੋ ਕਿ ਬਹੁਤ ਵਧੀਆ ਗੱਲ ਹੈ।

ਸਪੀਕਰ ਸਾਹਿਬ, ਗਰੀਬਾਂ ਨੂੰ ਆਟਾ-ਦਾਲ ਦੇਣ ਦੀ ਗੱਲ ਚੱਲੀ ਸੀ। ਖਹਿਰਾ ਸਾਹਿਬ ਨੇ ਕਿਹਾ ਸੀ ਕਿ ਆਟਾ ਤਾਂ ਕਿਸੇ ਨੇ ਮੰਗਿਆ ਹੀ ਨਹੀਂ। ਮੈਂ ਚੀਮਾ ਸਾਹਿਬ (ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ) ਨਾਲ ਜਾਂਦਾ ਰਿਹਾ ਹਾਂ। ਆਮ ਗੱਲ ਚਲਦੀ ਸੀ ਕਿ ਕਣਕ ਉਹ ਲੋਕ ਵੀ ਲੈਂਦੇ ਹਨ, ਜਿਹੜੇ ਲੋੜਵੰਦ ਨਹੀਂ ਹਨ। ਉਹ ਕੀ ਕਰਦੇ ਹਨ? ਕਣਕ ਘਰ ਨਹੀਂ ਲਿਆਉਂਦੇ, ਘਰ ਦੇ ਬਾਹਰ ਹੀ ਲਾਹ ਦਿੰਦੇ ਹਨ ਅਤੇ ਪਸ਼ੂਆਂ ਨੂੰ ਪਾ ਦਿੰਦੇ ਹਨ ਜੇਕਰ ਆਟਾ ਦੇਵਾਂਗੇ ਤਾਂ ਉਹ ਗਰੀਬ ਬੰਦਾ ਵਰਤੇਗਾ। ਆਟੇ ਦੀ ਹੋਮ ਡਲਿਵਰੀ 1.58 ਕਰੋੜ ਲਾਭਪਾਤਰੀਆਂ ਨੂੰ ਦੇਣ ਲਈ 497 ਕਰੋੜ ਰੁਪਏ ਦਾ ਪ੍ਰਸਤਾਵ ਰੱਖਿਆ ਗਿਆ ਹੈ। ਅਸ਼ੀਰਵਾਦ ਸਕੀਮ ਤਹਿਤ 150 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਮਿਡ ਡੇ ਮੀਲ ਲਈ 473 ਕਰੋੜ ਰੁਪਏ, ਮਨਰੇਗਾ ਸਕੀਮ ਲਈ 600 ਕਰੋੜ ਰੁਪਏ, ਨਵੇਂ ਘਰ ਸਕੀਮ ਤਹਿਤ 292 ਕਰੋੜ ਰੁਪਏ, ਅਨੁਸੂਚਿਤ ਜਾਤੀਆਂ ਦੇ ਬੱਚਿਆਂ ਲਈ ਪ੍ਰੀਮੈਟ੍ਰਿਕ ਵਜ਼ੀਫੇ ਲਈ 79 ਕਰੋੜ ਰੁਪਿਆ ਰੱਖਿਆ ਗਿਆ ਹੈ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਕੁੱਲ ਮਿਲਾ ਕੇ ਇਹ ਬਜਟ ਉਸਾਰੂ ਬਜਟ ਹੈ। ਮੈਂ ਜਿਵੇਂ ਪਹਿਲਾਂ ਗੱਲ ਕਰਕੇ ਹਟਿਆ ਹਾਂ ਕਿ ਮੇਰਾ 20 ਸਾਲ ਦਾ ਪੱਤਰਕਾਰੀ ਦਾ ਜੀਵਨ ਅਤੇ ਪੰਜ ਸਾਲ ਦਾ ਐਜ਼ ਆਪੋਜੀਸ਼ਨ ਐਮ.ਐਲ.ਏ ਜੀਵਨ ਹੈ, ਇਹ ਮੇਰਾ 26ਵਾਂ ਸਾਲ ਚੱਲ ਰਿਹਾ ਹੈ। ਮੈਂ ਇਹੀ ਸੁਣਦਾ ਆ ਰਿਹਾ ਹਾਂ ਕਿ ਖਜ਼ਾਨਾ ਖਾਲੀ ਹੈ। ਐਫ.ਐਮ. ਸਾਹਿਬ ਨੇ ਜਿਹੜਾ ਇਹ ਬਜਟ ਤਿਆਰ ਕੀਤਾ ਹੈ, ਮੈਂ ਇਨ੍ਹਾਂ ਨੂੰ ਬਹੁਤਾ ਨਹੀਂ ਪਰ ਇੰਨਾ ਜ਼ਰੂਰ ਕਹਾਂਗਾ ਕਿ ਉੱਡਣ ਵਾਲੇ ਹਵਾਵਾਂ ਦਾ ਰੁਖ ਨਹੀਂ ਦੇਖਿਆ ਕਰਦੇ। ਖਜ਼ਾਨਾ ਚਾਹੇ ਕਿਵੇਂ ਦਾ ਵੀ ਹੈ, ਇਹ ਲੋਕਾਂ ਨੂੰ ਸਹੂਲਤਾਂ ਜ਼ਰੂਰ ਦੇਣਗੇ। ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਹਿ॥ (ਥੰਪਿੰਗ)

**28.6.2022 karamjit kaur / Birendra singh 6.30**

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸੋ, ਅੱਜ ਬਜਟ ਦੇ ਉਤੇ ਬਹਿਸ ਹੋ ਰਹੀ ਹੈ, ਸਾਰੀਆਂ ਪਾਰਟੀਆਂ ਇਸ ਬਹਿਸ ਵਿੱਚ ਆਪਣਾ ਆਪਣਾ ਹਿੱਸਾ ਪਾ ਰਹੀਆਂ ਹਨ। ਲੋਕਤੰਤਰ ਦਾ ਇਹ ਬੜਾ ਖ਼ੂਬਸੂਰਤ ਦ੍ਰਿਸ਼ ਹੈ ਕਿ ਲੋਕਤੰਤਰ ਵਿੱਚ ਆਪੋਜ਼ੀਸ਼ਨ ਵੀ ਹੁੰਦੀ ਹੈ, ਉਸ ਦੀ ਗੱਲ ਵੀ ਸੁਣੀ ਜਾਂਦੀ ਹੈ। ਜਿੰਨੇ ਵੀ ਆਪੋਜੀਸ਼ਨ ਮੈਂਬਰ ਹੁੰਦੇ ਹਨ, ਉਹ ਭਾਗ ਲੈਂਦੇ ਹਨ। ਪਰ ਜੇ ਡਿਕਟੇਟਰਸ਼ਿਪ ਹੋਵੇ, ਜਿਵੇਂ ਅੱਜਕਲ੍ਹ ਰੂਸ, ਚਾਈਨਾ ਜਾਂ ਕਿਤੇ ਹੋਰ ਚਲਦਾ ਹੈ, ਕਿ ਇੱਕ ਹੀ ਪਾਰਟੀ ਹੁੰਦੀ ਹੈ ਤਾਂ ਉਥੇ ਦੂਸਰਿਆਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਨਹੀਂ ਮਿਲਦਾ ਹੁੰਦਾ। ਇਸ ਕਰਕੇ ਜਦੋਂ ਅਸੀਂ ਵਿਚਾਰ ਚਰਚਾ ਕਰਦੇ ਹਾਂ, ਕੋਈ ਗੱਲ ਕਰਦੇ ਹਾਂ ਤਾਂ ਕੁਦਰਤੀ ਗੱਲ ਹੈ ਕਿ ਸਾਨੂੰ ਉਸ ਦਾ ਕੰਪੈਰੇਜਿਨ ਕਰਨਾ ਪੈਂਦਾ ਹੈ। ਜੇ ਇਹ ਬਜਟ ਐਫ.ਐਮ. ਸਾਹਿਬ ਨੇ ਬਣਾਇਆ ਹੈ ਤਾਂ ਬਜਟ ਬਣਾਉਣ ਵੇਲੇ ਪਿਛਲਾ ਬਜਟ ਵੀ ਦੇਖਿਆ ਜਾਂਦਾ ਹੈ ਕਿ ਪਹਿਲਾਂ ਇਸ ਵਿੱਚ ਕੀ ਸੀ ਅਤੇ ਮੈਂ ਕੀ ਕੁਝ ਦੇਣਾ ਹੈ। ਪਹਿਲਾਂ ਇਸ ਵਿੱਚ ਕੀ ਨਹੀਂ ਦਿੱਤਾ ਗਿਆ ਤੇ ਹੁਣ ਹੋਰ ਕੀ ਦੇਣਾ ਹੈ। ਸੋ, ਜਦੋਂ ਪਹਿਲੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਦੀ ਕੋਈ ਆਲੋਚਨਾ ਹੁੰਦੀ ਹੈ, ਸਗੋਂ ਜਿਹੜੀਆਂ ਕਮੀਆਂ ਪਹਿਲੇ ਵਿੱਚ ਹੁੰਦੀਆਂ ਹਨ, ਉਹ ਕਮੀਆਂ ਅਗਲੇ ਬਜਟ ਵਿੱਚ ਦੂਰ ਕਰਨੀਆਂ ਹੁੰਦੀਆਂ ਹਨ। ਇਸ ਕਰਕੇ ਪਿਛਲੇ ਬਜਟ ਨੂੰ ਅਤੇ ਇਤਿਹਾਸ ਨੂੰ ਦੇਖਣਾ ਬਹੁਤ ਜ਼ਰੂਰੀ ਹੁੰਦਾ ਹੈ। ਸੋ, ਬਜਟ ਪੇਸ਼ ਕਰਨ ਵਿੱਚ ਸਾਡੀ ਪਾਰਟੀ ਨੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸਰਦਾਰ ਹਰਪਾਲ ਸਿੰਘ ਚੀਮਾ ਨੇ ਬਜਟ ਲਈ ਤਿੰਨ ਮੇਨ ਗੱਲਾਂ ਤੇ ਫੋਕਸ ਰੱਖਿਆ ਹੈ ਜੀ। ਪਹਿਲਾ ਹੈ:

"to restore the deteriorating fiscal health and moderate the augmenting debt by increasing our own revenues;"

ਸੂਬੇ ਦੀ ਡਿੱਗਦੀ ਹੋਈ ਵਿੱਤੀ ਹਾਲਤ ਨੂੰ ਬਹਾਲ ਕਰਨਾ ਸਾਡਾ ਫੋਕਸ ਹੈ ਜੀ। ਵਿਗੜਦੇ ਵਿੱਤੀ ਹਾਲਾਤ ਨੂੰ ਬਹਾਲ ਕਰਨਾ ਤੇ ਮਾਲੀਏ ਨੂੰ ਵਧਾ ਕੇ ਕਰਜ਼ੇ ਨੂੰ ਘੱਟ ਕਰਨਾ, ਇੱਕ ਤਾਂ ਇਸ ਫੋਕਸ ਤੇ ਗੱਲ ਹੋ ਰਹੀ ਹੈ। ਦੂਜਾ ਇਹ ਹੈ:

> "to deliver on the promise of "Good Governance" by ensuring effective and efficient use of the public funds, arresting wasteful expenditure, and revamping existing schemes; and

ਯਾਨੀ ਕਿ ਜਿੰਨੇ ਵੀ ਜਨਤਕ ਫੰਡਜ਼ ਹਨ, ਉਨ੍ਹਾਂ ਦੀ ਪ੍ਰਭਾਵਸ਼ਾਲੀ ਤੇ ਕੁਸ਼ਲ ਵਰਤੋਂ ਰਾਹੀਂ ਫਜ਼ੂਲ ਖਰਚਿਆਂ ਨੂੰ ਘਟਾ ਕੇ ਮੌਜੂਦਾ ਸਕੀਮਾਂ ਨੂੰ ਸੁਧਾਰ ਕੇ ਸੁਚੱਜਾ ਰਾਜ ਪ੍ਰਬੰਧ ਮੁੜ ਤੋਂ ਕਾਇਮ ਕਰਨਾ ਹੈ। ਤੀਜਾ ਜਿਹੜਾ ਫੋਕਸ ਰੱਖਿਆ ਹੈ, ਉਹ ਹੈ:

There are two foundations of any society: ਉਹ ਫਾਊਂਡੇਸ਼ਨਜ਼ ਹੈਲਥ ਤੇ ਐਜੂਕੇਸ਼ਨ ਹਨ ਜੀ। ਇਸ ਤਰ੍ਹਾਂ ਇਹ ਬਜਟ ਥ੍ਰੀ ਫੋਲਡ ਫੋਕਸਡ ਬਜਟ ਹੈ। ਸੋ, ਜਦੋਂ ਅਸੀਂ ਇਸ ਵਿੱਚ ਇੱਕ ਵਾਰੀ ਪਿਛਲੀ ਹਾਲਤ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਪਿਛਲੀ ਵਾਰੀ ਸੂਬੇ ਦੀ ਵਿੱਤੀ ਹਾਲਤ ਵਿਗੜੀ ਹੋਈ ਸੀ। ਇਹ ਵੀ ਦੇਖਣਾ ਪਿਆ ਹੈ ਕਿ ਕੀ ਮਾਲੀਏ ਵਿੱਚ ਵਾਧਾ ਹੁੰਦਾ ਸੀ ਜਾਂ ਨਹੀਂ ਹੁੰਦਾ ਸੀ। ਇਸ ਦੇ ਬਾਰੇ ਜਿਹੜਾ ਕਰਜ਼ੇ ਸਬੰਧੀ ਵਾਈਟ ਪੇਪਰ ਜਾਰੀ ਕੀਤਾ ਹੈ, ਉਸ ਨੂੰ ਪੜ੍ਹਨਾ ਜ਼ਰੂਰ ਪੈਂਦਾ ਹੈ। ਸਰ, ਜੋ ਪੰਜਾਬ ਦੀ ਆਰਥਿਕ ਹਾਲਤ ਹੈ, ਪੰਜਾਬ ਇਸ ਸਮੇਂ ਕਰਜ਼ੇ ਦੀ ਦਲਦਲ ਵਿੱਚ ਫਸਿਆ ਹੋਇਆ ਹੈ ਔਰ 2,84,000 ਕਰੋੜ ਰੁਪਏ ਦਾ ਜਿਹੜਾ ਕਰਜ਼ਾ ਹੈ, ਜਿਹੜਾ ਕਿ 45.23% ਬਣਦਾ ਹੈ, ਇਹ ਕਰਜ਼ਾ ਸਾਡੀ ਸਰਕਾਰ ਨੂੰ ਵਿਰਾਸਤ ਵਿੱਚ ਮਿਲਿਆ ਹੈ। ਪਿਛਲੀਆਂ ਸਰਕਾਰਾਂ ਨੇ ਜੋ ਸਾਡੇ ਸੂਬੇ ਦੀ ਆਰਥਿਕਤਾ ਦੀ ਹਾਲਤ ਬਣਾ ਦਿੱਤੀ ਹੈ, ਉਹ ਅਜਿਹੀ ਹਾਲਤ ਬਣ ਗਈ ਹੈ ਕਿ ਪਿਛਲਾ ਕਰਜ਼ਾ ਮੋੜਨ ਲਈ ਵੀ ਅਗਾਂਹ ਕਰਜ਼ਾ ਲੈਣਾ ਪੈਂਦਾ ਹੈ। ਇਸ ਸਥਿਤੀ ਨੂੰ ਕਰਜ਼ ਜਾਲ ਵੀ ਕਿਹਾ ਜਾਂਦਾ ਹੈ। ਸੋ, ਪਿਛਲੀਆਂ ਸਰਕਾਰਾਂ ਪੰਜਾਬੀਆਂ ਦੇ ਭਵਿੱਖ ਨੂੰ ਖਤਰੇ ਵਿੱਚ ਪਾਉਣ ਸਬੰਧੀ ਜ਼ਿੰਮੇਵਾਰ ਤੇ ਜਵਾਬਦੇਹ ਹਨ, ਇਹ ਗੱਲ ਸਾਨੂੰ ਮੰਨਣੀ ਪਵੇਗੀ।

ਸਪੀਕਰ ਸਾਹਿਬ, ਸੋ ਇੱਕ ਸੁਚੱਜੇ ਰਾਜ ਪ੍ਰਬੰਧ ਦੀ ਹੁਣ ਲੋੜ ਹੈ, ਇੱਕ ਚੰਗੇ ਮਾਡਲ ਦੀ ਲੋੜ ਹੈ। ਸੋ, ਜਿਹੜੀ ਜੀ.ਐਸ.ਡੀ.ਪੀ. ਹੈ, ਇਸ ਨੂੰ ਵਧਾਉਣ ਵਾਲੇ ਸੁਧਾਰਾਂ ਨੂੰ ਸ਼ੁਰੂ ਕਰਨ ਦੀ ਜ਼ਰੂਰਤ ਹੈ ਅਤੇ ਜਿਹੜੀਆਂ ਮਾਰਕੀਟ ਦੀਆਂ ਅਸਫਲਤਾਵਾਂ ਹਨ, ਉਨ੍ਹਾਂ ਨੂੰ ਰੋਕ ਕੇ ਮਾਲੀਏ ਵਿੱਚ ਵਾਧਾ ਕਰਨ ਦੀ ਲੋੜ ਪੈਂਦੀ ਹੈ। ਹੁਣ ਗੱਲ ਇਹ ਬਣਦੀ ਹੈ ਕਿ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਪਹਿਲਾਂ ਮਾਲੀਆ ਇੰਨਾ ਸੀ ਅਤੇ ਹੁਣ ਇੰਨਾ ਵਧਿਆ ਹੈ। ਕਿਉਂਕਿ ਸਾਡੀ ਸਰਕਾਰ ਦਾ ਇਹ ਪਹਿਲਾ ਸਾਲ ਹੈ। ਪਹਿਲੇ ਸਾਲ ਵਿੱਚ ਸਾਡੇ ਦੁਆਰਾ ਮਾਲੀਏ ਨੂੰ ਵਧਾਉਣ ਦੇ ਸਬੰਧ ਵਿੱਚ ਜਿਹੜੇ ਕੁਝ ਸਟੈੱਪਸ ਚੁੱਕਣੇ ਹਨ, ਉਹ ਇਸ ਸਾਲ ਵਿੱਚ ਚੁੱਕੇ ਜਾਣਗੇ। ਜਿਹੜਾ ਇਸ ਤੋਂ ਬਾਅਦ ਅਗਲੇ ਸਾਲ ਬਜਟ ਆਵੇਗਾ, ਉਸ ਵਿੱਚ ਸਾਡੇ ਮਾਲੀਏ ਦੇ ਵਾਧੇ ਸਬੰਧੀ ਕਾਫ਼ੀ ਗੱਲ ਹੋਵੇਗੀ। ਦੇਖੋ, ਗੱਲ ਇਹ ਹੈ ਕਿ ਪਿਛਲੀ ਸਰਕਾਰ ਨੇ ਕੀ ਕੀਤਾ ਹੈ? ਜਿਹੜਾ ਟੈਕਸ ਰੈਵੇਨਿਊ ਹੈ, ਉਹ ਸਾਲ 2011-12 ਵਿੱਚ 18,841 ਕਰੋੜ ਰੁਪਏ ਸੀ। 10 ਸਾਲਾਂ ਦੇ ਵਿੱਚ ਉਹ 37,345 ਕਰੋੜ ਰੁਪਏ ਹੋਇਆ ਹੈ। ਇਹ ਇਕੱਲਾ 10 ਸਾਲਾਂ ਵਿੱਚ ਦੁੱਗਣਾ ਹੋਇਆ ਹੈ ਜੀ ਜੋ ਕਿ ਘੱਟੋ-ਘੱਟ ਤਿੰਨ ਜਾਂ ਚਾਰ ਗੁਣਾਂ ਹੋਣਾ ਚਾਹੀਦਾ ਸੀ।

ਸਪੀਕਰ ਸਾਹਿਬ, ਤੀਜਾ ਜਿਹੜਾ ਨਾਨ ਟੈਕਸ ਰੈਵੇਨਿਊ ਹੈ, ਉਹ ਸਾਲ 2006-07 ਵਿੱਚ 3,973 ਕਰੋੜ ਰੁਪਏ ਸੀ ਅਤੇ ਸਾਲ 2021-22 ਵਿੱਚ 4769 ਕਰੋੜ ਰੁਪਏ ਹੋਇਆ ਹੈ। ਇਹ ਨਾਨ ਟੈਕਸ ਰੈਵੇਨਿਊ ਦਾ 791 ਕਰੋੜ ਰੁਪਿਆ 15 ਸਾਲ ਵਿੱਚ ਵਧਿਆ ਹੈ ਪਰ ਅੱਜ ਸਾਡੇ ਤੇ ਇਹ ਇਲਜ਼ਾਮ ਲਗਾਇਆ ਜਾ ਰਿਹਾ ਹੈ, ਵਿੱਤ ਮੰਤਰੀ ਸਾਹਿਬ ਨੂੰ ਵੀ ਇਹ ਕਿਹਾ ਗਿਆ ਹੈ ਕਿ ਇਸ ਵਿੱਚ ਵਧਿਆ ਕੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ 15 ਸਾਲਾਂ ਵਿੱਚ ਇੰਨਾ ਕੁ ਹੀ ਵਧਾ ਸਕੇ ਹੋ ਤਾਂ ਅਸੀਂ ਤਾਂ ਇਸ ਪਹਿਲੇ ਸਾਲ ਵਿੱਚ ਅਨੁਮਾਨ ਹੀ ਲਗਾਇਆ ਹੈ। ਇਹ ਅਨੁਮਾਨ ਟੈਕਸ ਹੈ, ਜਦੋਂ ਸਾਲ ਭਰ ਵਿੱਚ ਪੂਰੀ ਕੋਸ਼ਿਸ਼ ਹੋਵੇਗੀ ਤਾਂ ਉਸ ਤੋਂ ਅੱਗੇ ਜਿਹੜਾ ਬਜਟ ਆਵੇਗਾ, ਉਸ ਵਿੱਚ ਅਸੀਂ ਪੂਰੀ ਦਮਦਾਰ ਸਥਿਤੀ ਵਿੱਚ ਹੋਵਾਂਗੇ।

ਸਪੀਕਰ ਸਾਹਿਬ, ਹੁਣ ਮੈਂ ਪ੍ਰਤੀ ਵਿਅਕਤੀ ਕਰਜ਼ੇ ਦੀ ਗੱਲ ਕਰਦਾ ਹਾਂ। ਭਾਰਤ ਦੇ ਵਿੱਚੋਂ ਪੰਜਾਬ ਇੱਕ ਬੜਾ ਵਧੀਆ ਸੂਬਾ ਹੈ, ਜਿੱਥੇ ਜਿੱਥੇ ਇੱਕ ਇੱਕ ਇੰਚ ਚੱਪੇ ਤੇ ਫਸਲਾਂ ਦੀ ਬਿਜਾਈ ਹੁੰਦੀ ਹੈ, ਜਿੱਥੇ ਕਿ ਪਹਿਲਾਂ ਸਿੰਚਾਈ ਦੇ ਵਧੀਆ ਰਿਸੋਰਸਿਜ਼ ਸੀ। ਇਹ ਸੂਬਾ ਸਾਲ 1980-82 ਤੱਕ ਇੱਕ ਨੰਬਰ ਤੇ ਚੱਲ ਰਿਹਾ ਸੀ। ਇਸ ਦੀ ਹਾਲਤ ਅੱਗੇ ਅੱਗੇ ਵਿਗੜਦੀ ਗਈ। ਭਾਵੇਂ ਖਾੜਕੂਵਾਦ ਦਾ ਦੌਰ ਆਇਆ, ਉਸ ਤੋਂ ਬਾਅਦ ਲਗਾਤਾਰ ਇਸ ਨੂੰ ਨੰਬਰ ਇੱਕ ਤੇ ਲਿਆਉਣ ਲਈ ਕੋਸ਼ਿਸ਼ਾਂ ਕਰਨੀਆਂ ਬਣਦੀਆਂ ਸੀ, ਅੱਜ ਸਾਡਾ ਸੂਬਾ 11ਵੇਂ ਸਥਾਨ ਤੇ ਪਹੁੰਚ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਮਹਾਂਰਾਸ਼ਟਰ, ਕੇਰਲਾ, ਤਾਮਿਲਨਾਡੂ, ਕਰਨਾਟਕ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼ ਸਾਡੇ ਤੋਂ ਅੱਗੇ ਹਨ। ਕਰਜ਼ੇ ਤੋਂ ਇਲਾਵਾ ਸਾਨੂੰ ਵਿਰਾਸਤ ਵਿੱਚ 24,351 ਕਰੋੜ ਰੁਪਏ ਦੀ ਮੰਦਭਾਗੀ ਦੇਣਦਾਰੀ ਪ੍ਰਾਪਤ ਹੋਈ ਹੈ।

**28.06.2022/06.35/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ**

ਅਕਾਲੀ ਸਰਕਾਰ ਨੇ ਸਾਨੂੰ ਬਹੁਤ ਵੱਡਾ ਸੈਟਬੈਕ ਲਗਾਇਆ ਹੈ। 2016 ਵਿਚ ਜਾਂਦੇ ਹੋਏ 30 ਹਜ਼ਾਰ ਕਰੋੜ ਦੀ ਸੀ.ਸੀ.ਐਲ ਕਰਜ਼ੇ ਦੇ ਰੂਪ ਵਿਚ ਸਾਨੂੰ ਦੇ ਦਿੱਤੀ। ਜੇਕਰ ਉਹ 30 ਹਜ਼ਾਰ ਕਰੋੜ ਕਰਜ਼ੇ ਦੇ ਵਿਚ ਨਾ ਜੁੜਦਾ ਤਾਂ ਹਾਲਤ ਥੋਹੜੀ ਜਿਹੀ ਠੀਕ ਹੋ ਜਾਣੀ ਸੀ, ਸੰਭਲ ਜਾਣੀ ਸੀ ਔਰ ਉਸ 30 ਹਜ਼ਾਰ ਕਰੋੜ ਦਾ 54 ਹਜ਼ਾਰ ਕਰੋੜ 2034 ਤੱਕ ਅਸੀਂ ਭਰਨਾ ਹੈ। ਜਿਸ ਦੀ 3240 ਕਰੋੜ ਰੁਪਏ ਦੀ ਕਿਸ਼ਤ ਅਸੀਂ ਹਰ ਸਾਲ ਦਿੰਦੇ ਹਾਂ। ਇਹ ਗੱਲਾਂ ਸਾਨੂੰ ਕਰਨੀਆਂ ਪੈਂਦੀਆਂ ਹਨ ਨਹੀਂ ਤਾਂ ਫਿਰ ਸਰਕਾਰਾਂ ਦਾ ਕੰਪੈਰੀਜ਼ਨ ਕਿਵੇਂ ਹੋਵੇਗਾ। ਜਿਹੜੀ ਕੋਈ ਆਲੋਚਨਾ ਹੁੰਦੀ ਹੈ, ਉਸ ਤੋਂ ਭਾਵ ਇਹ ਹੁੰਦਾ ਹੈ ਕਿ ਸਾਡੀ ਸਰਕਾਰ ਉਹ ਗਲਤੀਆਂ ਨਾ ਕਰੇ ਕਿ ਆਉਣ ਵਾਲੇ ਸਮੇਂ ਵਿਚ ਤੁਸੀਂ ਸਾਡੇ ਤੇ ਚਿੱਕੜ ਉਛਾਲੋਂ। ਸਾਡਾ ਖਰਚਾ 1 ਲੱਖ 55 ਹਜ਼ਾਰ ਕਰੋੜ ਹੈ ਪਰ ਰੈਵਿਨਿਊ 1 ਲੱਖ 51 ਹਜ਼ਾਰ ਕਰੋੜ ਹੈ। ਇਹ ਖੁਦ ਮੰਨਦੇ ਹਨ ਕਿ ਪਿਛਲੀ ਸਰਕਾਰ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਾਢੇ ਚਾਰ ਸਾਲ ਕੁੱਝ ਨਹੀਂ ਕੀਤਾ, ਮਹਿਲਾਂ

ਵਿਚ ਬੈਠਾ ਰਿਹਾ। ਇਹ ਵੀ ਦੁਖੀ ਸੀ ਅਤੇ ਅਸੀਂ ਵੀ ਦੁਖੀ ਸੀ। ਉਸ ਤੋਂ ਬਆਦ ਜਦੋਂ ਚੰਨੀ ਸਾਹਿਬ ਆਏ ਤਾਂ ਇਹ ਲਗਦਾ ਸੀ ਕਿ ਅਸੀਂ ਕੁੱਝ ਨਾ ਕੁੱਝ ਕਰੀਏ ਪਰੰਤੂ ਉਸ ਤੋਂ ਬਾਅਦ ਹਾਲਾਤ ਹੋਰ ਵਿਗੜ ਗਏ। ਤੁਸੀਂ ਹੈਰਾਨ ਹੋਵੋਂਗੇ ਕਿ ਸੀ.ਐਮ. ਦੇ ਅਖਤਿਆਰੀ ਕੋਟੇ ਵਿਚੋਂ 150 ਕਰੋੜ ਦੇ ਵਾਧੂ ਫੰਡ ਜਾਰੀ ਕੀਤੇ ਗਏ। 17.50 ਕਰੋੜ ਰੁਪਿਆ ਕੈਬਨਿਟ ਮੰਤਰੀਆਂ ਨੇ ਆਪਣੇ ਅਖਤਿਆਰੀ ਕੋਟੇ ਚੋਂ ਖਰਚਿਆ। ਇਸ ਵਿਚ ਕੋਈ ਸ਼ੱਕ ਨਹੀਂ ਸੀ ਪਿਛਲੀ ਸਰਕਾਰ ਵਿਚ ਗੁੱਡ ਗਵਰਨੈਂਸ ਨਾਮ ਦੀ ਕੋਈ ਚੀਜ਼ ਨਹੀਂ ਸੀ। ਪੂੰਜੀਗਤ ਖਰਚਾ ਵੀ ਵੱਧ ਗਿਆ। ਹੁਣ ਸਾਡੀ ਸਰਕਾਰ ਨੇ ਬਹੁਤ ਵੱਡੇ ਉਪਰਾਲੇ ਕੀਤੇ ਹਨ। ਸਭ ਤੋਂ ਵੱਡਾ ਉਪਰਾਲਾ ਇਹ ਕੀਤਾ ਹੈ ਕਿ ਹਾਇਰ ਐਜੂਕੇਸ਼ਨ ਵਿਚ ਬਜਟਰੀ ਆਊਟਲੇਅ 16.27 ਫੀਸਦੀ ਵਧਿਆ ਹੈ। ਇਹ ਬਹੁਤ ਵੱਡੀ ਗੱਲ ਹੈ। ਇਸ ਤੋਂ ਪਹਿਲਾਂ 1980 ਤੋਂ ਲੈ ਕੇ 2000 ਤੱਕ ਸਿੱਖਿਆ ਦਾ ਬਜਟ 16 ਫੀਸਦੀ ਹੁੰਦਾ ਸੀ। ਉਸ ਸਮੇਂ ਬਹੁਤ ਵਿਕਾਸ ਹੋਇਆ, ਚੰਗੇ ਸਕੂਲ ਕਾਲਜ ਬਣੇ ਹਨ। ਮੈਂ ਵੀ ਉਸ ਸਮੇਂ ਇਸ ਵਿਭਾਗ ਵਿਚ ਕੰਮ ਕੀਤਾ ਹੈ। ਉਸ ਤੋਂ ਬਾਅਦ ਇਹ ਘੱਟਦਾ ਹੀ ਚਲਾ ਗਿਆ। ਹੁਣ ਐਤਕੀਂ ਅਸੀਂ ਇਹ ਬਜਟ ਮੁੜ ਲੀਹ ਤੇ ਲਿਆਂਦਾ ਹੈ। ਇਸ ਤੋਂ ਬਾਅਦ ਸਿੱਖਿਆ ਦਾ ਬਜਟ ਹੋਰ ਵਧੇਗਾ। ਦੂਜੀ ਗੱਲ ਤਕਨੀਕੀ ਸਿੱਖਿਆ ਦੀ ਹੈ।ਮੈਂ ਚੰਨੀ ਸਾਹਿਬ ਨੂੰ ਵੀ ਬੇਨਤੀ ਕਰਦਾ ਹੁੰਦਾ ਸੀ ਕਿ ਮੇਰੇ ਹਲਕੇ ਵਿਚ 1970 ਦੇ ਕਰੀਬ ਦੀ ਆਈ.ਟੀ.ਆਈ. ਬਣੀ ਹੋਈ ਹੈ, ਮੈਂ ਜੇ.ਬੀ.ਟੀ. ਵੀ ਉੱਥੇ ਕੀਤੀ ਹੈ। ਮੈਂ ਇੱਥੇ ਹੀ ਬੋਲਦੇ ਹੋਏ ਚੰਨੀ ਸਾਹਿਬ ਨੂੰ ਕਿਹਾ ਸੀ ਕਿ ਆਈ.ਟੀ.ਆਈ. ਵਿਚੋਂ ਲੋਕ ਤਕਨੀਕੀ ਸਿੱਖਿਆ ਲੈ ਕੇ ਸਵੈ ਰੁਜ਼ਗਾਰ ਦਾ ਸਾਧਨ ਕਰ ਸਕਦੇ ਹਨ, ਉਸ ਵਾਸਤੇ ਫੰਡ ਜਾਰੀ ਕਰੋ ਪਰ ਪੂਰੇ ਪੰਜ ਸਾਲ ਵਿਚ ਉਸ ਆਈ.ਟੀ.ਆਈ. ਲਈ ਇਕ ਪੈਸਾ ਵੀ ਨਹੀਂ ਦਿੱਤਾ ਗਿਆ, ਨਾ ਬਿਲਡਿੰਗ ਬਣਾਉਣ ਲਈ, ਨਾ ਟਰੇਡਾਂ ਵਧਾਉਣ ਲਈ। ਇਸ ਸਰਕਾਰ ਵੱਲੋ ਤਕਨੀਕੀ ਸਿਖਿਆ ਦਾ 48 ਫੀਸਦੀ ਬਜਟ ਵਧਾਉਣਾ ਬਹੁਤ ਵੱਡੀ ਗੱਲ ਹੈ। ਦੂਜੀ ਗੱਲ ਮੈਡੀਕਲ ਐਜੂਕੇਸ਼ਨ ਵਿਚ 57 ਫੀਸਦੀ ਦਾ ਵਾਧਾ ਗਿਆ ਹੈ। ਮੈਂ ਸਿੱਖਿਆ ਦੇ ਖੇਤਰ ਵਿਚ ਲੰਮਾ ਸਮਾਂ ਲਗਭੱਗ 40 ਸਾਲ ਕੰਮ ਕੀਤਾ ਹੈ ਔਰ ਇਹ ਪਹਿਲੀ ਵਾਰ ਹੋਇਆ ਹੈ ਕਿ ਸਿੱਖਿਆ ਲਈ ਐਨਾ ਬਜਟ ਰੱਖਿਆ ਗਿਆ ਹੋਵੇ। ਮੇਰੇ ਸਾਥੀਆਂ ਨੇ ਇਸ ਬਾਰੇ ਬਹੁਤ ਗੱਲ ਕੀਤੀ ਹੈ, ਮੈਂ ਦੁਹਰਾਉਣਾ ਨਹੀਂ ਚਾਹੁੰਦਾ। ਮੈਂ 10 ਸਾਲ ਪ੍ਰਿੰਸੀਪਲਸ਼ਿਪ ਕੀਤੀ ਹੈ। ਜਦੋਂ ਸਕੂਲਾਂ ਦਾ ਕਮਰਾ ਬਣਨਾ ਹੁੰਦਾ ਤਾਂ ਇੱਟਾਂ, ਬਜਰੀ, ਰੇਤਾ, ਸੀਮਿੰਟ ਅਸੀਂ ਹੀ ਲਿਆਉਂਦੇ ਅਤੇ ਮਾਸਟਰਾਂ ਨੂੰ ਦਿਹਾੜੀ ਤੇ ਲਗਾ ਲੈਂਦੇ ਪਰ ਸਾਡੀ ਸਰਕਾਰ ਨੇ ਵੱਡੀ ਗੱਲ ਕੀਤੀ ਹੈ ਕਿ ਇਕ ਐਸਟੇਟ ਮੈਨੇਜਰ ਰੱਖ ਲਿਆ, ਜੋ ਕਲੱਸਟਰ ਸਕੂਲਾਂ ਦੇ ਵਿਚ ਇਹ ਸਾਰੇ ਪ੍ਰਬੰਧ ਕਰੇਗਾ। ਜੇਕਰ ਕੋਈ ਪੱਖਾ ਖਰਾਬ ਹੋ ਗਿਆ, ਕੋਈ ਬਾਥਰੂਮ ਬਣਾਉਣ ਦਾ ਕੰਮ ਹੈ, ਛੱਤ ਚੋਣ ਲੱਗ ਗਈ, ਆਦਿ ਇਹ ਸਾਰੇ ਕੰਮ ਉਹ ਕਰੇਗਾ। ਬਜਟ ਵਿਚ ਇਹ ਗੱਲ ਕਹੀ ਗਈ ਹੈ ਕਿ Principal should focus on academics.

**ਅ.ਕ/ਰ.ਕ/6.40/28.6.2022**

ਜਿਹੜਾ ਕੰਮ ਹੈ ਉਹ ਸਟੇਟ ਮੈਨੇਜਰ ਦੇਖੇਗਾ। ਇਹ ਵੱਡਾ ਕੰਮ ਕੀਤਾ ਹੈ। ਦੂਜੀ ਗੱਲ ਮੈਂ ਤੁਹਾਨੂੰ ਦੱਸਦਾ ਹਾਂ। ਸਰਦਾਰ ਪਰਗਟ ਸਿੰਘ ਚਲੇ ਗਏ ਹਨ। ਕਹਿੰਦੇ ਸੀ ਕਿ ਸਾਡਾ ਇੱਕ ਨੰਬਰ ਆ ਗਿਆ । ਜਿੰਨਾਂ ਪੰਜ ਸਾਲ ਵਿੱਚ ਸਕੂਲ ਸਿਸਟਮ ਦਾ ਬੇੜਾ ਬਿਠਾਇਆ, ਉਹ ਸਾਰਾ ਕਾਂਗਰਸ ਕੀ ਸਰਕਾਰ ਨੇ ਬਿਠਾਇਆ ਹੈ। ਮੇਰਾ ਟੀਚਰਾਂ ਨਾਲ ਵਾਹ ਪੈਂਦਾ ਰਹਿੰਦਾ ਹੈ, Maths ਦੇ ਜਦੋਂ ਪੇਪਰ ਹੁੰਦੇ ਸਨ ਜਿਹੜਾ actual curriculum ਸੀ, ਮੈਂ ਸਾਲ 2001 ਦੇ ਵਿੱਚ PCS qualify ਕੀਤਾ ਹੈ, ਮੈਂ ਸਿਲੈਕਟ ਵੀ ਹੋ ਗਿਆ ਸੀ। ਮੈਂ ਪ੍ਰਿੰਸੀਪਲ ਸੀ ਇਸ ਕਰਕੇ ਮੈਂ ਜੁਆਇੰਨ ਨਹੀਂ ਕੀਤਾ ਸੀ। ਮੈਂ ਸਪੀਕਰ ਸਾਹਿਬ, ਜਿਹੜੀ 6ਵੀਂ ਸੀ ਐਸ.ਐਸ ਹੈ, ਇੰਨਾਂ ਗਿਆਨ ਉਸ ਦੇ ਵਿੱਚ ਹੈ ਕਿ ਕੋਈ ਵੀ ਬੰਦਾ ਜਿਹੜਾ ਆਈ.ਏ.ਐਸ ਕਰਦਾ ਹੈ ਅਤੇ ਜਦੋਂ ਪੀ.ਸੀ.ਐਸ ਦੇ ਪੇਪਰ ਦਿੰਦਾ ਹੈ ਤਾਂ 6ਵੀਂ, 7ਵੀਂ ਅਤੇ 8ਵੀਂ ਦੀ N.C.E.R.T ਦੇ ਵਿੱਚੋਂ 4-5 ਕੁਐਸ਼ਚਨਜ਼ ਆਉਂਦੇ ਹੀ ਆਉਂਦੇ ਹਨ। ਇੰਨਾ ਤਕੜਾ ਸਲੇਬਸ ਤੇ curriculum ਹੈ, ਟੀਚਰਾਂ ਨੂੰ ਪਿਛਲੇ 3-4 ਸਾਲਾਂ ਦੇ ਵਿੱਚ ਪੜ੍ਹਾਉਣ ਨਹੀਂ ਦਿੱਤਾ ਗਿਆ ਹੈ। ਤੁਸੀਂ ਕਿਸੇ ਵੀ ਟੀਚਰ ਨੂੰ ਜਾ ਕੇ ਪੁੱਛ ਲੈਣਾ ਕਿ ਕੀ ਉਨ੍ਹਾਂ ਨੂੰ ਪੜਾਉਣ ਦਿੱਤਾ ਗਿਆ ਹੈ? ਜੇਕਰ ਮੈਥਸ ਦਾ ਪੇਪਰ ਹੁੰਦਾ ਤਾਂ ਉਸ ਦਾ ਸਿਲੇਬਸ ਅਲੱਗ ਹੁੰਦਾ ਅਤੇ ਉਸ ਦੀਆਂ ਅਲੱਗ ਕਿਤਾਬਾਂ ਛੱਪਦੀਆਂ ਹਨ। ਟੀਚਰਾਂ ਨੂੰ ਕਿਹਾ ਗਿਆ ਕਿ ਤੁਸੀਂ ਸਿਰਫ ਇਸੇ ਤੇ ਹੀ ਫੋਕਸ ਕਰਨਾ ਹੈ। Curriculum ਨਹੀਂ ਪੜਾਉਣਾ ਹੈ। ਹਜ਼ਾਰਾਂ ਟੀਚਰ ਬੈਠੇ ਹਨ, ਤੁਸੀਂ ਜਾ ਕੇ ਉਨ੍ਹਾਂ ਨੂੰ ਪੁੱਛ ਲਓ। ਕੋਈ ਪੜਾਉਣਾ ਨਹੀਂ ਹੈ। ਟੀਚਰਾਂ ਨੂੰ ਸਖਤ ਹਦਾਇਤ ਸੀ ਕਿ ਜੇਕਰ 60% ਤੋਂ ਥੱਲੇ ਕਿਸੇ ਬੱਚੇ ਦੇ ਨੰਬਰ ਆ ਗਏ ਤਾਂ ਬੁੱਢਲਾਡੇ ਵਾਲੇ ਟੀਚਰ ਨੂੰ ਕਿਹਾ ਜਾਂਦਾ ਕਿ ਤੁਹਾਡੀ ਪਠਾਨਕੋਟ ਦੀ ਬਦਲੀ ਕਰ ਦਿੱਤੀ ਜਾਵੇਗੀ ਅਤੇ ਪਠਾਨਕੋਟ ਵਾਲੇ ਟੀਚਰ ਨੂੰ ਕਿਹਾ ਜਾਂਦਾ ਕਿ ਤੁਹਾਡੀ ਬੁੱਢਲਾਡੇ ਬਦਲੀ ਕਰ ਦਿੱਤੀ ਜਾਵੇਗੀ। ਇੰਨਾ ਬੁਰਾ ਹਾਲ ਹੈ। ਦੁਆਬੇ ਨਾਲੋਂ ਜ਼ਿਆਦਾ ਮਾਲਵੇ ਦੀ ਆਰਥਿਕ ਹਾਲਤ ਦਲਿਤ ਵਰਗ ਦੀ ਬਹੁਤ ਖਰਾਬ ਹੈ।ਉਹ ਕਿੱਥੋਂ ਸਮਾਰਟ ਫੋਨ ਲਿਆਉਣਗੇ। ਟੀਚਰ ਖੁਦ ਆਪਣੇ ਸਮਾਰਟ ਫੋਨ ਤੇ ਬੱਚਿਆਂ ਦਾ ਪੇਪਰ ਕਰਕੇ ਹੱਲ ਕਰਦੇ। ਜੇਕਰ ਕਿਸੇ ਦੇ 48% ਨੰਬਰ ਵੀ ਆ ਜਾਂਦੇ ਤਾਂ ਉਸ ਟੀਚਰ ਦੀ ਇੰਨਕੁਆਰੀ ਹੁੰਦੀ। 90% ਪੇਪਰ ਟੀਚਰ ਆਪ ਕਰਦੇ ਸੀ ਤਾਂ ਹੀ ਬੱਚੇ ਫਸਟ ਆ ਜਾਂਦੇ। ਸਾਡੇ ਸੀ.ਐਮ ਸਾਹਿਬ ਨੇ ਤਾਂ ਹੀ ਤਾਂ ਇਹ ਗੱਲ ਕਹੀ ਹੈ ਕਿ ਇਹ ਨਕਲੀ ਫਸਟ ਹੈ। ਮੈਂ ਇਹ ਗਲ ਸਟੇਜ ਤੇ ਜਾ ਕੇ ਕਹਿੰਦਾ ਹਾਂ, ਤੁਸੀਂ ਕਿਸੇ ਵੀ ਟੀਚਰ ਨੂੰ ਪੁੱਛ ਲੈਣਾ ਕਿ ਤੁਸੀਂ ਮੈਥਸ ਦਾ ਪੇਪਰ ਕਿਵੇਂ ਕਰਦੇ ਸੀ। ਰੀਅਲ ਕਰੀਕਲਮ ਜਿਹੜਾ ਹੈ, ਜੋ ਰੀਅਲ ਮੈਥ ਦਾ ਸੀ, ਸਾਇੰਸ ਦਾ ਸੀ, ਐਸ. ਐਸ. ਸੀ., ਜਿਓਗਰਾਫੀ ਸੀ, ਉਹ ਟੀਚਰਾਂ ਨੇ ਪੜਾਉਣੀ ਛੱਡ ਦਿੱਤੀ। ਐਡੂਕੇਸ਼ਨ ਦਾ ਸਿਸਟਮ ਐਨਾ ਗਲਤ ਕਰ ਦਿੱਤਾ ਹੈ। ਅੱਜ ਉਸ ਐਜੁਕੇਸ਼ਨ ਸਿਸਟਮ ਨੂੰ ਖਤਮ ਕਰਕੇ ਕੀਤਾ ਜਿਸ ਨੂੰ ਕਿ ਤੁਸੀਂ ਐਨਾ ਇਨਕਰੀਜ਼ ਕੀਤਾ ਸੀ। ਜਿਸ ਵਿਚ infrastructure system ਵਧੇਗਾ ਔਰ ਨਾਲ ਦੀ ਨਾਲ ਵੱਡੀ ਇਹ ਗਲ ਹੈ ਕਿ ਇਕ specllized

agencies to undertake research studies programme evaluation and practical analysis of various schemes and programmes, ਇਹ ਸਾਰੀਆਂ ਸਪੈਸ਼ਲ ਸਕੀਮਾਂ ਬਣਾਈਆਂ ਹਨ ਅਤੇ ਏਜੰਸੀਆਂ ਲਈਆਂ ਹਨ ਜਿਹੜੀਆਂ ਕਿ ਜੱਜ ਕਰਨਗੀਆਂ। ਉਹ ਜੱਜ ਕਰਨ ਤੋਂ ਬਾਅਦ ਪਤਾ ਲੱਗੇਗਾ ਕਿ ਸਾਡੇ ਕੋਲ ਕੀ ਹੱਲ ਹੈ।

ਸਪੀਕਰ ਸਾਹਿਬ, ਸੋ ਇਸੇ ਤਰ੍ਹਾਂ ਸਿਹਤ ਸਹੂਲਤਾਂ ਲਈ ਵੀ ਵਧੀਆ ਕੰਮ ਕੀਤਾ ਹੈ। ਇਸੇ ਤਰ੍ਹਾਂ ਇਨ੍ਹਾਂ ਨੂੰ ਵੀ ਈ.ਐਮ.ਯੂ. ਸਿਸਟਮ ਕੀਤਾ ਹੈ। ਐਸ.ਐਮ.ਓ. ਹੈ, ਐਸ.ਐਮ.ਓ. ਕਿਸੇ ਨੂੰ ਦੇਖੇ ਜਾਂ ਨਾ ਦੇਖੇ ਸੀ.ਐਮ.ਓ. ਦੇਖਦਾ ਹੈ, ਉਥੇ ਵੀ ਇਕ Establishment of Estate Manager Unit ਕਾਇਮ ਕਰਨ ਵਾਸਤੇ ਚੀਮਾ ਸਾਹਿਬ ਨੇ ਬਜਟ ਵਿਚ ਪ੍ਰੋਵੀਜ਼ਨ ਰੱਖੀ ਹੈ। ਜਿਵੇਂ ਅਸੀਂ ਸਕੂਲ ਜਾਂਦੇ ਹਾਂ, ਹਸਪਤਾਲ ਜਾਂਦੇ ਹਾਂ ਤਾਂ ਕਿਤੇ ਏ.ਸੀ. ਜਾਂ ਪੱਖੇ ਨਹੀਂ ਚਲਦੇ, ਕਿਤੇ ਵਾਸ਼ਰੂਮ ਖਰਾਬ ਹਨ, ਕਿਤੇ ਫਲਸ਼ਾਂ ਖਰਾਬ ਹਨ, ਕਿਤੇ ਬੈੱਡ ਖਰਾਬ ਹੈ ਬੈੱਡ ਧੋਇਆ ਨਹੀਂ ਹੋਇਆ, ਇਹ ਸਾਰਾ ਕੰਮ ਕਰਨ ਵਾਸਤੇ ਅਲੱਗ ਤੌਰ ਤੇ ਜਿਸ ਨਾਲ ਕਿ ਡਾਕਟਰ ਦਾ ਕੋਈ ਸਬੰਧ ਨਹੀਂ ,ਉਹ ਅਲੱਗ ਤੌਰ ਤੇ ਐਕਸਪਰਟ ਬੰਦਾ ਰਹੇਗਾ।

ਸਪੀਕਰ ਸਾਹਿਬ, ਮੈਂ ਚੀਮਾ ਸਾਹਿਬ ਦਾ ਧੰਨਵਾਦ ਕਰਦਾ ਹੈ ਕਿ ਜਿਹੜਾ ਸਾਡੇ ਪਟਿਆਲੇ ਰਜਿੰਦਰਾ ਹਸਪਤਾਲ ਵਿਚ ਪਹਿਲਾਂ ਬ੍ਰਹਮ ਮਹਿੰਦਰਾ ਜੀ ਬੈਠੇ ਹੁੰਦੇ ਸਨ, ਉਨ੍ਹਾਂ ਨੂੰ ਬਹੁਤ ਵਾਰੀ ਅਸੀਂ ਮਿਹਣੇ ਮਾਰਦੇ ਸੀ ਕਿ ਰਜਿੰਦਰਾ ਹਸਪਤਾਲ ਸਾਡੇ ਇਲਾਕੇ ਦਾ ਬਹੁਤ ਵੱਡਾ ਹਸਪਤਾਲ ਹੈ। ਜਦੋਂ ਵੀ ਉੱਥੇ ਮਰੀਜ਼ ਲੈ ਕੇ ਜਾਂਦੇ ਹਾਂ, ਉਥੇ ਕੋਈ ਤਕੜਾ ਚਾਈਲਡ ਸਪੈਸ਼ਲਿਸਟ ਨਹੀਂ ਹੈ, ਹਾਰਟ ਦਾ ਹਾਲੇ ਵੀ ਡੀ.ਐਮ. ਨਹੀਂ ਹੈ, ਪਹਿਲਾਂ ਹੈ ਸੀ। ਅੱਜ ਉਸ ਹਸਪਤਾਲ ਨੂੰ ਸੁਪਰ ਸਪੈਸ਼ੈਲਿਟੀ ਵਿਚ ਲਿਆਂਦਾ ਹੈ ਜਾਂ ਫਰੀਦਕੋਟ ਲਿਆਂਦਾ ਹੈ। ਇਸ ਕਰਕੇ ਮੈਂ ਸੀ.ਐਮ ਸਾਹਿਬ ਦਾ ਤੇ ਚੀਮਾ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਘੱਟੋ ਘੱਟ ਸਾਨੂੰ ਕੋਈ ਅਜਿਹਾ ਹਸਪਤਾਲ ਮਿਲ ਜਾਵੇ ਜਿੱਥੇ ਕਿਸੇ ਦੀ ਜਾਨ ਬਚ ਸਕਦੀ ਹੋਵੇ। ਸਪੀਕਰ ਸਾਹਿਬ, ਇੱਕ ਗੱਲ ਹੋਰ, ਮੈਂ ਚੀਮਾ ਸਾਹਿਬ ਨੂੰ ਮੈਂ ਬੇਨਤੀ ਕਰਦਾ ਕਿ ਕਾਲਜਾਂ ਦਾ ਬੁਰਾ ਹਾਲ ਹੈ। ਨਹਿਰੂ ਕਾਲਜ ਮਾਨਸਾ ਦੇ ਵਿੱਚ 26 ਪੋਸਟਾਂ ਹਨ ਤੇ 26 ਦੀ 26 ਖਾਲੀ ਹਨ। ਹੁਣ ਤੁਸੀਂ ਕਾਫੀ ਵੱਡਾ ਬਜਟ ਲਿਆਂਦਾ ਹੈ। ਮੈਨੂੰ ਆਸ ਹੈ ਕਿ ਇਹ ਕੰਮ ਪੂਰਾ ਹੋਵੇਗਾ। ਇੱਕ ਤੁਸੀਂ 30 ਕਰੋੜ ਰੁਪਿਆ ਜ਼ਿਲ੍ਹਿਆਂ ਦੀਆਂ ਲਾਇਬਰੇਰੀਆਂ ਨੂੰ ਦਿੱਤਾ ਹੈ, ਮੈਂ ਤੁਹਾਨੂੰ ਸੁਝਾਅ ਦਿੰਦਾ ਹਾਂ, ਤੁਸੀਂ ਮੇਰੀ ਗੱਲ ਜ਼ਰੂਰ ਮੰਨੋਗੇ ਕਿ ਇਸੇ 30 ਕਰੋੜ ਰੁਪਏ ਨੂੰ 10-11 ਜ਼ਿਲ੍ਹਿਆਂ ਦੇ ਵਿੱਚ ਦੇ ਦਿਓ। ਮਾਨਸਾ ਵਿੱਚ ਜਿਹੜਾ ਪੁਰਾਣਾ ਨਹਿਰੂ ਕਾਲਜ ਹੈ, ਕਾਫੀ ਪੁਰਾਣਾ ਇਤਿਹਾਸਕ ਕਾਲਜ ਹੈ, ਉਸ ਦੀ ਲਾਇਬਰੇਰੀ ਵੀ ਇਸ ਦੇ ਵਿੱਚ ਪਾ ਦਿਓ ਤੇ ਇੱਕ ਰਜਿੰਦਰਾ ਕਾਲਜ, ਬਠਿੰਡੇ ਵਾਸਤੇ ਵੀ ਪਾ ਦਿਓ ਤਾਂ ਅਸੀਂ ਸਾਰੇ ਤੁਹਾਡੇ ਬਹੁਤ ਧੰਨਵਾਦੀ

ਹੋਵਾਂਗੇ। NSS Unit ਜਿੱਥੇ ਕੀਤਾ ਹੈ, ਇਸ ਦੇ ਨਾਲ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਕ Scout and Guide ਦਾ ਸਟੇਟ ਪੱਧਰ ਦਾ ਮੈਂਬਰ ਰਿਹਾ ਹਾਂ।

**6.45 / 28.06.2022(AS)ਤਰਲੋਚਨ ਸਿੰਘ / ਰਜਨੀਸ਼ ਕੁਮਾਰ**

ਤਾਰਾ ਦੇਵੀ ਵਿਖੇ ਬੱਚੇ ਲਿਜਾਏ ਜਾਂਦੇ ਹਨ। ਸ਼ਿਮਲਾ ਤੋਂ ਉਰਲੇ ਪਾਸੇ ਇਹ ਬਹੁਤ ਵਧੀਆ ਸਥਾਨ ਹੈ ਜਿੱਥੇ 6ਵੀਂ ਤੋਂ 10ਵੀਂ ਤੱਕ ਦੇ ਬੱਚਿਆਂ ਨੂੰ ਸਕਾਊਟ ਐਂਡ ਗਾਈਡ ਪੜ੍ਹਾਇਆ ਜਾਂਦਾ ਹੈ। ਉਸ ਤੋਂ ਬਾਅਦ ਇਹ ਬੰਦੇ ਜਦੋਂ ਕਾਲਜ ਚਲੇ ਜਾਂਦੇ ਹਨ ਤਾਂ ਐਨ.ਐਸ.ਐਸ. ਵਿੱਚ ਚਲੇ ਜਾਂਦੇ ਹਨ। ਉਸ ਵਾਸਤੇ ਵੀ ਜ਼ਰੂਰ ਫੰਡਜ਼ ਦਿਉ ਤਾਂ ਕਿ ਸਕਾਊਟ ਐਂਡ ਗਾਈਡ ਦਾ ਤਾਰਾ ਦੇਵੀ ਸੈਂਟਰ ਦੁਬਾਰਾ ਚਾਲੂ ਕੀਤਾ ਜਾਵੇ।

ਸਾਡੇ ਸਿੱਖਿਆ ਮੰਤਰੀ ਜੀ ਪਿੱਛੇ ਜਿਹੇ ਭਾਸ਼ਾ ਵਿਭਾਗ ਗਏ ਸਨ। ਬੜੀ ਚੰਗੀ ਗੱਲ ਹੈ। ਇਹ ਪਹਿਲੇ ਸਿੱਖਿਆ ਮੰਤਰੀ ਹਨ ਜਿਹੜੇ ਭਾਸ਼ਾ ਵਿਭਾਗ ਗਏ ਹਨ। ਮੈਂ ਪਿਛਲੀ ਵਾਰੀ ਪ੍ਰਸ਼ਨ ਲਗਾਇਆ ਸੀ ਕਿ ਭਾਸ਼ਾ ਵਿਭਾਗ ਵਿੱਚ ਕਿੰਨੀਆਂ ਪੋਸਟਾਂ ਹਨ? ਉਦੋਂ ਮੈਂ 2017 ਵਿੱਚ ਆਇਆ ਹੀ ਸੀ। ਅਕਾਲੀ ਸਰਕਾਰ ਵੇਲੇ 411 ਪੋਸਟਾਂ ਸੀ। ਉਦੋਂ 60% ਪੋਸਟਾਂ ਖਾਲੀ ਸਨ। ਉਸ ਤੋਂ ਬਾਅਦ ਹਾਲੇ ਤੱਕ ਭਾਸ਼ਾ ਵਿਭਾਗ ਦੀਆਂ ਪੋਸਟਾਂ ਨਹੀਂ ਭਰੀਆਂ ਗਈਆਂ ਹਨ। ਅਕਾਲੀ ਸਰਕਾਰ ਨੇ ਪੰਜ ਸਾਲਾਂ ਵਿੱਚ ਸਿਰਫ 35 ਕਿਤਾਬਾਂ ਛਾਪੀਆਂ ਸਨ। ਇਸ ਤਰ੍ਹਾਂ 7 ਕਿਤਾਬਾਂ ਪ੍ਰਤੀ ਸਾਲ ਦੀ ਐਵਰੇਜ ਬਣਦੀ ਹੈ। ਇਸ ਤੋਂ ਬਾਅਦ ਤਾਂ ਕਿਤਾਬਾਂ ਹੀ ਨਹੀਂ ਛਾਪੀਆਂ ਗਈਆਂ। ਭਾਸ਼ਾ ਵਿਭਾਗ ਉਹ ਮਹਾਨ ਸੰਸਥਾ ਹੈ ਜਿੱਥੇ ਭਾਈ ਕਾਹਨ ਸਿੰਘ ਨਾਭਾ ਦਾ ਮਹਾਨ ਕੋਸ਼ ਛਾਪਿਆ ਜਾਂਦਾ ਹੈ। ਜਿੱਥੇ ਰਤਨ ਸਿੰਘ ਜੱਗੀ ਵਰਗੇ ਵਿਦਵਾਨ ਜਿਨ੍ਹਾਂ ਨੇ 20 ਸਾਲ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਟੱਡੀ ਕਰਵਾਈ ਹੈ, ਇਹੋ ਜਿਹੇ ਮਹਾਨ ਵਿਅਕਤੀਆਂ ਦੀਆਂ ਕਿਤਾਬਾਂ ਭਾਸ਼ਾ ਵਿਭਾਗ ਤੋਂ ਘੱਟ ਮੁੱਲ ਵਿੱਚ ਮਿਲਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਉਪਲਬਧ ਹੁੰਦਾ ਹੈ। ਉਹ ਭਾਸ਼ਾ ਵਿਭਾਗ ਜਿਹੜਾ ਗਰੀਬ ਅਤੇ ਵੱਡੇ ਵੱਡੇ ਹਿਸਟਾਰੀਕਲ, ਵੱਡੇ ਵੱਡੇ ਵਿਦਵਾਨਾਂ ਦੀਆਂ ਕਿਤਾਬਾਂ ਛਾਪ ਸਕਦਾ ਹੈ, ਉਸ ਵੱਲ ਵੀ ਧਿਆਨ ਦਿੱਤਾ ਜਾਵੇ।

ਐਸ.ਸੀ. ਸਬ ਪਲਾਨ ਬਾਰੇ ਗੱਲ ਕੀਤੀ ਗਈ ਹੈ। ਬੜੀ ਵਧੀਆ ਗੱਲ ਹੈ ਕਿ ਪਿਛਲੀ ਵਾਰੀ ਨਾਲੋਂ 12% ਦਾ ਵਾਧਾ ਕੀਤਾ ਗਿਆ ਹੈ। ਪਿਛਲੇ ਪੰਜ ਸਾਲ ਮੈਂ ਵੀ ਵਾਧਾ ਕਰਨ ਲਈ ਬੋਲਦਾ ਰਿਹਾ ਹਾਂ। ਐਸ.ਸੀ. ਸਬ ਪਲਾਨ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਕੋਈ ਕੰਮ ਨਹੀਂ ਹੋਇਆ ਹੈ ਪਰੰਤੂ ਅਸੀਂ ਯਕੀਨ ਦਿਵਾਉਂਦੇ ਹਾਂ ਕਿ ਜਿਹੜੀ ਸਾਡੀ ਸਰਕਾਰ ਹੈ, ਇਹ ਕਿਸਾਨਾਂ ਪ੍ਰਤੀ, ਦਲਿਤਾਂ ਪ੍ਰਤੀ, ਮਜ਼ਦੂਰਾਂ ਪ੍ਰਤੀ ਅਤੇ ਵਪਾਰੀਆਂ ਪ੍ਰਤੀ ਪੂਰੀ ਸੁਹਿਰਦ ਹੈ। ਹਰ ਪਾਸੇ ਦੇਖ ਕੇ ਇਹ ਬਜਟ ਬਣਾਇਆ ਗਿਆ ਹੈ। ਮੈਨੂੰ ਨਹੀਂ ਲੱਗਦਾ ਅਗਲੇ ਸਾਲ ਇਸ ਦੀ ਆਲੋਚਨਾ ਕੀਤੀ ਜਾ ਸਕਦੀ ਹੈ ਕਿ ਐਸ.ਸੀ. ਸਬ ਪਲਾਨ ਦਾ ਪੈਸਾ ਖਰਚਿਆ ਗਿਆ ਹੈ ਕਿ ਨਹੀਂ? ਮੈਨੂੰ ਆਸ ਹੈ ਕਿ ਚੀਮਾ ਸਾਹਿਬ ਦੀ ਅਗਵਾਈ ਵਿੱਚ ਅਤੇ ਭਗਵੰਤ ਮਾਨ

ਜੀ ਦੀ ਅਗਵਾਈ ਵਿੱਚ ਅਸੀਂ ਐਸ.ਸੀ. ਸਬ ਪਲਾਨ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆ ਕੇ ਦਲਿਤ ਵਰਗ ਦੀਆਂ ਲੋੜਾਂ ਨੂੰ ਪੂਰਾ ਕਰਾਂਗੇ।

ਗਵਰਨੈਂਸ ਰਿਫਾਰਮਜ਼ ਦੀਆਂ ਕੁਝ ਗੱਲਾਂ ਹੋਈਆਂ ਹਨ। ਫਲੈਗਸ਼ਿਪ ਪ੍ਰੋਗਰਾਮ ਲੋਕ ਮਿਲਣੀ has been launched. ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ, ਬਹੁਤ ਅੱਛੀ ਗੱਲ ਹੈ। ਸੀ.ਐਮ. ਸਾਹਿਬ ਨੇ ਇੱਕ ਦੂਜੀ ਗੱਲ ਕਹੀ ਹੈ ਕਿ ਹਰੇਕ ਜ਼ਿਲ੍ਹੇ ਵਿੱਚ ਸੀ.ਐਮ. ਹਾਊਸ ਬਣਾਉਣਾ ਹੈ ਤਾਂ ਜੋ ਤੁਹਾਡੀਆਂ ਗੱਲਾਂ ਓਥੇ ਹੀ ਪੂਰੀਆਂ ਕੀਤੀਆਂ ਜਾ ਸਕਣ। ਸੀ.ਐਮ. ਸਾਹਿਬ ਇੱਕ Annual Award for Best Districts and Best Sub Divisions ਸ਼ੁਰੂ ਕਰਨ ਜਾ ਰਹੇ ਹਨ। ਕਈ ਜ਼ਿਲ੍ਹਿਆਂ ਵਿੱਚੋਂ ਇੱਕ ਜ਼ਿਲ੍ਹਾ ਚੁਣਿਆ ਜਾਵੇਗਾ ਜਿਹੜਾ ਕਿ ਸਟੇਟ ਇਕਾਨਮੀ ਨੂੰ ਅੱਗੇ ਵਧਾਉਣ ਲਈ ਕੰਟਰੀਬਿਊਟ ਕਰ ਰਿਹਾ ਹੈ। ਅਜਿਹਾ ਹੀ ਸਬ ਡਵੀਜ਼ਨ ਚੁਣਿਆ ਜਾਵੇਗਾ ਜਿਹੜਾ ਸਟੇਟ ਦੀ ਇਕਾਨਮੀ ਨੂੰ ਅੱਗੇ ਵਧਾਉਣ ਲਈ ਕੰਟਰੀਬਿਊਟ ਕਰ ਕਰ ਰਿਹਾ ਹੈ।ਉਸ ਨੂੰ ਫਸਟ ਰੈਂਕ ਦੇ ਕੇ ਅਵਾਰਡ ਦਿੱਤਾ ਜਾਵੇਗਾ। ਇਹ ਨਵੀਂ ਚੀਜ਼ ਬਹੁਤ ਵਧੀਆ ਹੋਵੇਗੀ।

ਡੋਰ ਸਟੈੱਪ ਡਲਿਵਰੀ ਸਰਵਿਸਿਜ਼ ਬਹੁਤ ਵਧੀਆ ਕੰਮ ਹੈ। ਪਿਛਲੀ ਵਾਰੀ ਜਦੋਂ ਅਕਾਲੀ ਸਰਕਾਰ ਸੀ ਤਾਂ 2134 ਸੇਵਾ ਕੇਂਦਰ ਸਨ। ਜਿਵੇਂ ਹੀ ਕਾਂਗਰਸ ਸਰਕਾਰ ਆਈ ਤਾਂ 1600 ਸੇਵਾ ਕੇਂਦਰ ਇੱਕ ਦਮ ਬੰਦ ਕਰ ਦਿੱਤੇ ਗਏ ਅਤੇ ਸਿਰਫ 534 ਚੱਲ ਰਹੇ ਹਨ। ਸੇਵਾ ਕੇਂਦਰ ਘੱਟ ਹੋਣ ਕਰਕੇ ਇੰਨਾ ਜ਼ਿਆਦਾ ਬੋਝ ਪੈ ਰਿਹਾ ਹੈ ਕਿ ਲੋਕਾਂ ਦੀਆਂ ਲੰਮੀਆਂ ਲੰਮੀਆਂ ਲਾਈਨਾਂ ਲੱਗ ਰਹੀਆਂ ਹਨ। ਸੋ, ਜਿਹੜੀ ਤੁਸੀਂ ਦਿੱਲੀ ਸਰਕਾਰ ਦੀ ਤਰ੍ਹਾਂ ਡੋਰ ਸਟੈੱਪ ਡਲਿਵਰੀ ਸਰਵਿਸ ਦਿੱਤੀ ਹੈ, ਬੜੀ ਵਧੀਆ ਹੈ। ਉੱਥੇ ਸ਼ਾਇਦ 1675 ਜਾਂ 1676 ਟੋਲ ਫਰੀ ਨੰਬਰ ਜਾਰੀ ਕੀਤਾ ਹੈ। ਤੁਸੀਂ ਦੱਸੋ ਅਤੇ ਤੁਹਾਡੇ ਸਰਟੀਫਿਕੇਟ ਚਾਹੇ ਉਹ ਐਸ.ਸੀ. ਸਰਟੀਫਿਕੇਟ ਹੈ, ਜਨਮ ਸਰਟੀਫਿਕੇਟ ਹੈ ਜਾਂ ਮੈਰਿਜ ਸਰਟੀਫਿਕੇਟ ਹੈ, ਓਹ ਘਰ ਆ ਕੇ ਸਿਰਫ 50 ਰੁਪਏ ਦੀ ਫੀਸ ਲੈ ਕੇ ਦਿੱਤਾ ਜਾਂਦਾ ਹੈ। ਸੋ, ਇਸ ਨਾਲ ਤੁਸੀਂ ਬਹੁਤ ਵੱਡਾ ਇਨਕਲਾਬੀ ਚੇਂਜ ਲਿਆ ਰਹੇ ਹੋ।

ਸਰ, ਕੁਰੱਪਸ਼ਨ ਦੀ ਗੱਲ ਹੈ। ਸਾਡਾ ਜਿਹੜਾ ਰੈਵੇਨਿਊ ਹੈ, ਜਿਵੇਂ ਮੈਂ ਪਹਿਲਾਂ ਵੀ ਬੋਲਿਆ ਸੀ ਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਪੈਸਾ ਸਾਡੇ ਤੇ ਹੀ ਲੱਗੇ। ਸਾਡੀ ਇੰਡਸਟਰੀ ਐਗਰੋ ਬੇਸਡ ਹੋਵੇ ਤਾਂ ਕਿ ਸਾਡੀ ਇੰਡਸਟਰੀ ਡਿਵੈਲਪ ਹੋਵੇ। ਇੰਡਸਟਰੀ ਡਿਵੈਲਪ ਹੋਏ ਬਿਨਾ ਰੁਜ਼ਗਾਰ ਪੈਦਾ ਨਹੀਂ ਕੀਤਾ ਜਾ ਸਕਦਾ। ਰੁਜ਼ਗਾਰ ਇੰਡਸਟਰੀ ਵਿੱਚ ਹੀ ਮਿਲਦਾ ਹੈ। ਇਸ ਲਈ ਸਾਰੇ ਕੰਮ ਇੱਥੇ ਹੀ ਹੋਣੇ ਚਾਹੀਦੇ ਹਨ। ਜਿਵੇਂ ਰਾਜਾ ਵੜਿੰਗ ਸਾਹਿਬ ਨੇ ਬੱਸਾਂ ਦਾ ਠੇਕਾ ਦਿੱਤਾ ਸੀ। ਤੁਸੀਂ ਜੈਪੁਰ ਚਲੇ ਗਏ। ਜੈਪੁਰ ਤੱਕ ਤੁਸੀਂ ਡੇਢ ਸੌ ਕਰੋੜ ਦਾ ਤੇਲ ਫੂਕ ਕੇ ਗਏ ਅਤੇ ਆਏ। ਜੇਕਰ ਉਹ ਹੀ ਬੱਸਾਂ ਦੀ ਬਾਡੀ ਇੱਥੇ ਹੀ ਲਗਾਈ ਜਾਂਦੀ ਤਾਂ ਸਾਡੇ ਲੋਕਾਂ ਨੂੰ ਰੁਜ਼ਗਾਰ ਮਿਲਣਾ ਸੀ। ਜਦੋਂ ਸਾਡੇ ਲੋਕਾਂ ਦੀ ਜੇਬ ਵਿੱਚ ਪੈਸਾ ਆਉਂਦਾ ਹੈ ਤਾਂ ਸਾਡੀ ਇਕਾਨਮੀ ਦਾ ਸਰਕਲ ਚੱਲਦਾ ਹੈ। ਸੋ, ਪੰਜਾਬ ਵਿੱਚ ਇੰਡਸਟਰੀ ਡਿਵੈਲਪ ਕਰਨੀ ਚਾਹੀਦੀ ਹੈ। ਅਸੀਂ

ਹੀ ਜੇਕਰ ਦੂਜੇ ਰਾਜਾਂ ਵਿੱਚ ਜਾਵਾਂਗੇ ਤਾਂ ਮੇਰਾ ਖਿਆਲ ਇਹ ਪੰਜਾਬ ਦੇ ਨਾਲ ਨਿਆਂ ਨਹੀਂ ਹੋਵੇਗਾ। ਸਾਨੂੰ ਸੋਚਣਾ ਚਾਹੀਦਾ ਹੈ ਕਿ ਇਹ ਸਭ ਕੰਮ ਇੱਥੇ ਹੀ ਹੋਣ।

**ਮ/ਮ.ਸ਼./6.50/28.06.2022**

ਲਾਸਟ ਗੱਲ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਾਡੇ ਕਣਕ ਜਾਂ ਜ਼ੀਰੀ ਆਉਂਦੀ ਹੈ ਤਾਂ ਉਸਦੇ ਠੇਕੇ ਹੁੰਦੇ ਹਨ, ਕਣਕ ਚੁੱਕਣ ਦੇ ਠੇਕੇ, ਮਜ਼ਦੂਰ ਦੇ ਠੇਕੇ, ਟਰੱਕ ਠੇਕੇ ਤੇ ਦਿੰਦੇ ਹਨ, ਲੇਬਰ ਠੇਕੇਦਾਰ ਹੁੰਦਾ ਹੈ, ਇਸ ਸਿਸਟਮ ਵਿੱਚ ਇੰਨੀ ਜ਼ਿਆਦਾ ਕੁਰੱਪਸ਼ਨ ਹੈ ਕਿ ਅੱਜ ਸਾਡੇ ਫੂਡ ਸਪਲਾਈ ਮੰਤਰੀ ਜੀ ਮੌਜੂਦ ਨਹੀਂ ਹਨ, ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਨੂੰ ਇਹ ਕੁਰੱਪਸ਼ਨ ਰੋਕਣ ਦੀ ਜ਼ਰੂਰਤ ਹੈ। ਇਹ ਬਹੁਤ ਵੱਡੀ ਲੁੱਟ ਹੈ। ਪੰਜਾਬ ਪੱਲੇਦਾਰ ਯੂਨੀਅਨ ਹੈ, ਐਫ.ਸੀ.ਆਈ. ਪੱਲੇਦਾਰ ਯੂਨੀਅਨ ਹੈ, ਜੇਕਰ ਉਨ੍ਹਾਂ ਨੂੰ ਲੇਬਰ ਦੇ ਠੇਕੇ ਦਿੱਤੇ ਜਾਣ ਤਾਂ ਕੁਦਰਤੀ ਗੱਲ ਹੈ ਕਿ ਉਹ ਆਮਦਨ ਉਨ੍ਹਾਂ ਨੂੰ ਹੋਵੇਗੀ। ਮੈਂ ਇੱਕ ਬੰਦੇ ਨੂੰ ਪੁੱਛਿਆ ਕਿ ਇਸ ਵਿੱਚ ਕਿੰਨੀ ਕੁ ਲੁੱਟ ਹੈ ਤਾਂ ਉਹ ਕਹਿੰਦੇ ਕਿ ਮੰਨ ਲਓ ਕਿ ਇਸ ਵਿੱਚ ਪੰਜ ਰੁਪਏ ਜਾਂ ਸੱਤ ਰੁਪਏ ਕੁਇੰਟਲ ਤੇ ਠੇਕਾ ਹੋ ਗਿਆ ਤਾਂ ਇੱਕ ਰੁਪਿਆ ਕੁਇੰਟਲ ਦਾ ਠੇਕੇਦਾਰ ਪਹਿਲਾਂ ਹੀ ਲੈ ਜਾਂਦਾ ਹੈ। ਜੇ ਪੰਜਾਹ ਲੱਖ ਕੁਇੰਟਲ ਦੀ ਕਣਕ ਸਬ-ਡਵੀਜ਼ਨ ਵਿੱਚੋਂ ਚੁੱਕੀ ਜਾਂਦੀ ਹੈ ਤਾਂ ਪੰਜਾਹ ਲੱਖ ਤਾਂ ਉਹੀ ਲੈ ਜਾਂਦਾ ਹੈ। ਉਸ ਤੋਂ ਬਾਅਦ ਅੱਗੇ ਜੇ ਕੋਈ ਰਾਜਸੀ ਬੰਦਾ ਵਿੱਚ ਆ ਜਾਵੇ ਤਾਂ ਇੱਕ ਰੁਪਿਆ ਕੁਇੰਟਲ ਉਹ ਵੀ ਲੈ ਜਾਂਦਾ ਹੈ। ਇਹ ਰਿਐਲਿਟੀ ਗੱਲ ਹੈ। ਉਸ ਤੋਂ ਬਾਅਦ ਜਿਹੜਾ ਬੰਦਾ ਟਰੱਕ ਯੂਨੀਅਨ ਦਾ ਪ੍ਰਧਾਨ ਹੈ, ਉਹ ਵੀ ਵਧੀਆ ਪੈਸੇ ਕਮਾਉਂਦਾ ਹੈ। ਅਖੀਰ ਨੂੰ ਜਿਹੜੇ ਬੰਦੇ ਟਰੱਕ ਦੇ ਮਾਲਿਕ ਹਨ, ਤੇਲ ਮਹਿੰਗਾ ਹੋ ਗਿਆ, ਟਾਇਰ ਮਹਿੰਗੇ ਹੋ ਗਏ, ਬਾਡੀਆਂ ਮਹਿੰਗੀਆਂ ਹੋ ਗਈਆਂ, ਟਰੱਕ ਮਹਿੰਗੇ ਹੋ ਗਏ ਤਾਂ ਉਨ੍ਹਾਂ ਦੇ ਪੱਲੇ ਇਨ੍ਹਾਂ ਵੀ ਨਹੀਂ ਪੈਂਦਾ ਹੈ ਕਿ ਉਹ ਤੇਲ ਪਵਾ ਸਕਣ। ਬੁਰਾ ਹਾਲ ਹੈ। ਉਸ ਦੇ ਹਾਲਤ ਇਸ ਤਰ੍ਹਾਂ ਬਣ ਗਏ ਹਨ ਕਿ ਟਰੱਕਾਂ ਦੇ ਠੇਕੇ ਸਿੱਧੇ ਟਰੱਕ ਯੂਨੀਅਨ ਮਾਲਕਾਂ ਦੇ ਬਣਾ ਕੇ ਸਿੱਧੇ ਉਨ੍ਹਾਂ ਨੂੰ ਦਿੱਤੇ ਜਾਣ ਤੇ ਲੇਬਰ ਦੇ ਠੇਕੇ ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਜਾਂ ਐਫ.ਸੀ.ਆਈ. ਪੱਲੇਦਾਰ ਯੂਨੀਅਨ ਨੂੰ ਦਿੱਤੇ ਜਾਣ ਤਾਂ ਜੋ ਗਰੀਬਾਂ ਦੀ ਆਮਦਨ ਵਿੱਚ ਵਾਧਾ ਹੋਵੇ। ਇਨ੍ਹਾਂ ਵਿੱਚ ਕੁਰੱਪਸ਼ਨ ਤਾਂ ਹੀ ਹੋਵੇਗੀ ਕਿਉਂਕਿ ਪਿਛਲੀ ਕੁਰੱਪਸ਼ਨ ਵਿੱਚ ਜਿਹੜੇ ਬਿਊਰੋਕ੍ਰੇਟਿਕ ਇਹੋ ਜਿਹੇ ਸਨ, ਉਹ ਡਾਇਰੈਕਟਰ ਲੈਵਲ ਦੇ ਬੰਦੇ ਹਨ। ਮੈਂ ਇੱਕ ਇਹੋ ਜਿਹੇ ਠੇਕੇਦਾਰ ਨੂੰ ਜਾਣਦਾ ਹਾਂ ਕਿ ਜਦੋਂ ਉਹ ਕਿਸੇ ਐਫ.ਸੀ.ਆਈ. ਦੇ ਦਫਤਰ ਵਿੱਚ ਜਾਂਦਾ ਹੈ ਤਾਂ ਚਪੜਾਸੀ ਤੋਂ ਲੈ ਕੇ ਵੱਡੇ ਅਫਸਰ ਤੱਕ ਉਸ ਬੰਦੇ ਨੂੰ ਸਲੂਟ ਵਜਦੇ ਹਨ। ਮੈਂ ਪੁੱਛਿਆ ਕਿ ਇਹ ਕੰਮ ਇਸੇ ਨੂੰ ਹੀ ਕਿਉਂ ਮਿਲਦਾ ਹੈ ਤਾਂ ਕਹਿੰਦੇ ਕਿ ਇਹ ਹਰੇਕ ਦਾ ਮੂੰਹ ਭਰ ਦਿੰਦਾ ਹੈ ਤੇ ਜਿੰਨਾ ਕੋਈ ਬੋਲਦਾ ਹੈ, ਇਹ ਉੰਨੇ ਹੀ ਪੈਸੇ ਉਸ ਦੇ ਮੂੰਹ ਵਿੱਚ ਪਾ ਦਿੰਦਾ ਹੈ। ਇਹ ਪੱਕੀ ਗੱਲ ਹੈ। ਕਈ ਵਾਰੀ ਇਹ ਹੁੰਦਾ ਹੈ ਕਿ ਇਹੋ ਜਿਹੀਆਂ ਗੱਲਾਂ ਸਰਕਾਰ ਦੇ ਧਿਆਨ ਵਿੱਚ ਹੀ ਨਹੀਂ ਹੁੰਦੀਆਂ ਹਨ। ਮੈਂ ਤੁਹਾਡੇ ਧਿਆਨ ਵਿੱਚ ਲਿਆ ਰਿਹਾ ਹਾਂ ਕਿ ਜਿਹੜੀਆਂ ਇਸ ਤਰ੍ਹਾਂ ਦੀਆਂ ਗੈਰ-ਕਾਨੂੰਨੀ ਗੱਲਾਂ ਹਨ,

ਜਿਹੜੀਆਂ ਕੁਰੱਪਸ਼ਨ ਵਾਲੀਆਂ ਗੱਲਾਂ ਹਨ, ਇਹ ਗਰੀਬਾਂ ਦੇ ਉਲਟ ਜਾਂਦੀਆਂ ਹਨ। ਪੱਲੇਦਾਰ ਸਾਰਾ ਦਿਨ ਬੋਰੀ ਚੁੱਕਦਾ ਹੈ ਤਾਂ ਤੁਸੀਂ ਇਹ ਦੇਖੋ ਕਿ ਕਿੰਨੇ ਕੁਇੰਟਲ ਦੀ ਬੋਰੀ ਹੁੰਦੀ ਹੈ, 60 ਕਿਲੋ ਦੀ ਬੋਰੀ ਹੁੰਦੀ ਹੈ ਤੇ ਉਸ ਨੂੰ ਚੁੱਕਣ ਵਾਸਤੇ ਕਿੰਨਾ ਜ਼ੋਰ ਲਗਦਾ ਹੈ ਤੇ ਉਸ ਦੇ ਘਰੇ ਕੋਈ ਖੁਰਾਕ ਨਹੀਂ ਹੁੰਦੀ ਤੇ ਕੰਮ ਦਾ ਵੀ ਉਸ ਨੂੰ ਜੇ ਪੂਰਾ ਮੁੱਲ ਨਹੀਂ ਮਿਲਦਾ ਹੈ ਤਾਂ ਕੁਦਰਤੀ ਗੱਲ ਹੈ ਕਿ ਉਸ ਦੀ ਸਿਹਤ ਥੋੜ੍ਹੇ ਸਮੇਂ ਵਾਸਤੇ ਜਵਾਬ ਦੇ ਜਾਂਦੀ ਹੈ। ਸੋ, ਮੈਂ ਕਹਿੰਦਾ ਹਾਂ ਕਿ ਜਿਹੜਾ ਬਜਟ ਹੈ, ਉਹ ਸਿੱਖਿਆ ਤੇ ਹੈਲਥ ਓਰੀਐਂਟਿਡ ਹੈ ਪਰ ਬਾਕੀ ਸਾਰੇ ਵਰਗਾਂ ਨੂੰ ਵੀ ਇਹ ਚੰਗੀ ਤਰ੍ਹਾਂ ਕਵਰ ਕਰਦਾ ਹੈ ਤੇ ਇਸ ਨੂੰ ਇੱਕ ਵਧੀਆ ਤੇ ਅਗਾਂਹਵਧੂ ਬਜਟ ਕਹਿ ਸਕਦੇ ਹਾਂ। ਸਾਨੂੰ ਇਹ ਯਕੀਨ ਹੈ ਕਿ ਸਾਡੇ ਬਜਟ ਵਿੱਚ ਜਦੋਂ ਕੰਮ ਹੋਣਗੇ ਤਾਂ ਉਸ ਵਿੱਚ ਲੀਕੇਜ ਨਹੀਂ ਹੋਵੇਗੀ। ਇਹ ਇਮਾਨਦਾਰ ਸਰਕਾਰ ਹੈ, ਸਾਡਾ ਮੁੱਖ ਮੰਤਰੀ ਇਮਾਨਦਾਰ ਹੈ, ਸਾਡੇ ਸਾਰੇ ਮਨਿਸਟਰ ਇਮਾਨਦਾਰ ਹਨ ਅਤੇ ਸਾਰੀ ਸਰਕਾਰ ਇਮਾਨਦਾਰ ਹੈ ਤੇ ਜਿਹੜਾ ਪੈਸਾ ਬਜਟ ਵਿੱਚ ਆਇਆ ਹੈ, ਇਕੱਲਾ-ਇਕੱਲਾ ਪੈਸਾ ਪੰਜਾਬ ਦੀ ਡਿਵੈਲਪਮੈਂਟ ਵਿੱਚ ਹਿੱਸਾ ਪਾਵੇਗਾ ਔਰ ਜਦੋਂ ਅਸੀਂ ਇਮਾਨਦਾਰੀ ਨਾਲ ਕੰਮ ਕਰਾਂਗੇ ਤੇ ਪੈਸਾ ਲਗੇਗਾ ਤਾਂ ਅਗਲੇ ਸਾਲ ਤੱਕ ਪੰਜਾਬ ਦਾ ਰੈਵੇਨਿਊ ਇਨਕਰੀਜ਼ ਹੋਵੇਗਾ ਤੇ ਤੁਸੀਂ ਦੇਖੋਗੇ ਕਿ ਜਿਹੜਾ ਅਸੀਂ ਸੁਪਨਾ ਲਿਆ ਹੈ ਕਿ ਪੰਜ ਸਾਲਾਂ ਵਿੱਚ ਅਸੀਂ ਇੰਨੇ ਪਰਸੈਂਟ ਰੈਵੇਨਿਊ ਇਨਕਰੀਜ਼ ਕਰਨਾ ਹੈ, ਉਹ ਵੀ ਪੂਰਾ ਹੋਵੇਗਾ। ਸੋ, ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੀ ਗੱਲ ਸੁਣੀ ਤੇ ਤੁਹਾਡਾ ਵੀ ਧੰਨਵਾਦ ਜੀ, ਭਾਵੇਂ ਤੁਸੀਂ ਲੇਟ ਟਾਈਮ ਦਿੱਤਾ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਡਾਕਟਰ ਸੁਖਵਿੰਦਰ ਕੁਮਾਰ, ਤੁਹਾਡੇ ਤਿੰਨ ਮਿੰਟ ਹਨ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐੱਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਤਾਂ ਮੇਰਾ ਮਨ ਹੀ ਨਹੀਂ ਕਰ ਰਿਹਾ ਹੈ ਕਿ ਮੈਂ ਬੋਲਾਂ ਕਿਉਂਕਿ ਤੁਹਾਡੀ presence ਵਿੱਚ ਇੱਕ ਮੈਂਬਰ ਨੇ ਗਾਲ ਕੱਢੀ ਤੇ ਦੂਸਰੇ ਮੈਂਬਰ ਨੇ ਡੀ.ਐਨ.ਏ. ਦੀ ਜਿਹੜੀ ਗੱਲ ਕੀਤੀ ਸੀ, ਦੂਸਰੇ ਮੈਂਬਰ ਨੇ ਸਾਰਿਆਂ ਨੂੰ ਕਿਹਾ ਕਿ ਤੁਹਾਡੇ ਡੀ.ਐਨ.ਏ. ਸਾਰਿਆਂ ਦੇ ਬਦਲੇ ਹਨ। ਅੱਜ ਇਹ ਗਾਲ੍ਹ ਨਿਕਲੀ ਹੈ, ਕੱਲ੍ਹ ਇਸ ਤੋਂ ਵੀ ਵੱਡੀਆਂ ਗਾਲਾਂ ਨਿਕਲਣਗੀਆਂ।

**ਮਾਨਯੋਗ ਸਪੀਕਰ:** ਮੈਂ ਤੁਹਾਡੀ ਭਾਵਨਾ ਦੀ ਕਦਰ ਕਰਦਾ ਹਾਂ ਔਰ ਇਸ ਤਰ੍ਹਾਂ ਦੀ ਸ਼ਬਦਾਵਲੀ ਇਸ ਸਦਨ ਦੀ ਮਰਿਆਦਾ ਦੇ ਬਿਲਕੁਲ ਉਲਟ ਹੈ ਔਰ ਇਹ ਨਹੀਂ ਹੋਣਾ ਚਾਹੀਦਾ ਹੈ ਔਰ ਇਹ ਸਾਰੇ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਮੈਂ ਸਤਿਕਾਰਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਜਿਹੜੀ ਜਨਮ ਭੂਮੀ ਹੈ ਉੱਥੇ ਮੈਡੀਕਲ ਕਾਲਜ

ਬਣਾਉਣ ਦੀ ਗੱਲ ਕੀਤੀ। ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੈਡੀਕਲ ਕਾਲਜ ਪੰਜਾਹ ਕਰੋੜ ਰੁਪਏ ਵਿੱਚ ਨਹੀਂ ਬਣਨਾ ਹੈ। ਜਿਹੜਾ ਇਹ ਕਹਿੰਦੇ ਹਨ ਕਿ ਅਸੀਂ ਸੰਤ ਬਾਬਾ ਅਤਰ ਸਿੰਘ ਮੈਡੀਕਲ ਕਾਲਜ ਬਣਾਉਣਾ ਹੈ, ਪੰਜਾਹ ਕਰੋੜ ਰੁਪਏ ਵਿੱਚ ਕੋਈ ਮੈਡੀਕਲ ਕਾਲਜ ਨਹੀਂ ਬਣਦਾ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਪਹਿਲਾਂ ਕਿਸੇ ਤੋਂ ਸਰਵੇ ਕਰਵਾਉਣ, ਫਿਰ ਉਸ ਦਾ ਡਿਜ਼ਾਈਨ ਤਿਆਰ ਕਰਵਾਉਣ ਤੇ ਫਿਰ ਦੇਖਣ ਕਿ ਉਸ ਵਾਸਤੇ ਕਿੰਨੇ ਕੁ ਪੈਸੇ ਚਾਹੀਦੇ ਹਨ, ਫਿਰ ਉਹ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਮੈਡੀਕਲ ਕਾਲਜ ਲਈ ਪੰਜ-ਸੱਤ ਸੌ ਕਰੋੜ ਰੁਪਏ ਜਿਹੜੇ ਚਾਹੀਦੇ ਹਨ, ਉਹ ਰੱਖਣ। ਉਸ ਲਈ ਤੁਹਾਡਾ ਧੰਨਵਾਦ।

**ਸ.ਸ.-ਮ.ਸ਼./6:55/28.06.2022**

ਅੱਜ ਸਾਰਾ ਬਜਟ ਕਹਿੰਦੇ ਐਜੂਕੇਸ਼ਨ ਤੇ ਹੈਲਥ ਤੇ ਹੈ। ਮੈਂ ਇੱਕੋ ਗੱਲ ਜਾਣਦਾ ਹਾਂ ਕਿ ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸੀ ਤਾਂ ਸਾਡੇ ਸਕੂਲ ਵਿੱਚ ਟਾਟ ਨਹੀਂ ਹੁੰਦੇ ਸੀ, ਅਸੀਂ ਆਪਣੀ ਬੋਰੀ ਲੈ ਕੇ ਜਾਂਦੇ ਸੀ। ਉੱਥੇ ਜਾ ਕੇ ਪੜ੍ਹਦੇ ਸੀ ਅਤੇ ਕਦੇ ਚੰਗੀ ਮਾਤਰਾ ਵਿੱਚ ਮੀਂਹ ਪੈ ਜਾਂਦਾ ਸੀ, ਉਸ ਦਿਨ ਸਾਡੇ ਮਾਸਟਰ ਸਾਨੂੰ ਛੁੱਟੀ ਕਰ ਦਿੰਦੇ ਸੀ। ਅਸੀਂ ਉਨ੍ਹਾਂ ਸਕੂਲਾਂ ਵਿੱਚ ਪੜ੍ਹੇ ਹਾਂ ਅਤੇ ਮੈਂ ਡਾਕਟਰ ਬਣ ਗਿਆ। ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਇਮਾਰਤਾਂ ਤੇ ਜ਼ੋਰ ਦੇਣ ਦੀ ਲੋੜ ਨਹੀਂ ਹੈ, ਸਾਨੂੰ ਆਪਣੇ ਸਿਸਟਮ ਤੇ ਜ਼ੋਰ ਦੇਣ ਦੀ ਲੋੜ ਹੈ। ਜਿਹੜੇ ਸਾਨੂੰ ਵਧੀਆ ਟੀਚਰ ਚਾਹੀਦੇ ਹਨ, ਉਨ੍ਹਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾਵੇ।

ਐੱਫ.ਐੱਮ. ਸਾਹਿਬ ਨੇ 200 ਕਰੋੜ ਰੁਪਿਆ ਪੰਜਾਬੀ ਯੂਨੀਵਰਸਿਟੀ ਨੂੰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਜੇ ਪੀ.ਏ.ਯੂ., ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਵੀ ਦੇ ਦਿੰਦੇ, ਉਹ ਵੀ ਉਸ ਤਰ੍ਹਾਂ ਦੀਆਂ ਹੀ ਹਨ। ਜੇ ਐਜੂਕੇਸ਼ਨ ਅੱਗੇ ਲੈ ਕੇ ਜਾਣੀ ਚਾਹੁੰਦਾ ਹੋ ਤਾਂ ਇਨ੍ਹਾਂ ਸਾਰੀਆਂ ਯੂਨੀਵਰਸਿਟੀ ਨੇ ਸਾਡਾ ਕੁਝ ਸੰਵਾਰਿਆ ਹੈ, ਸਾਨੂੰ ਕੁਝ ਦਿੱਤਾ ਹੈ। ਤੁਸੀਂ ਮੈਡੀਕਲ ਕਾਲਜ ਤੇ ਹੈਲਥ ਦੀ ਗੱਲ ਕਰਦੇ ਹੋ, ਤੁਸੀਂ ਕਹਿੰਦੇ ਹੋ ਕਿ 75 ਸਾਲਾਂ ਵਿੱਚ ਕੁਝ ਹੋਇਆ ਹੀ ਨਹੀਂ। ਇਹ ਇਮਾਰਤ ਵੀ 75 ਸਾਲ ਵਿੱਚ ਹੀ ਬਣੀ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਤੁਸੀਂ ਅੰਮ੍ਰਿਤਸਰ ਤੋਂ ਚਲੋ, ਚੰਡੀਗੜ੍ਹ ਆਓ, ਬੇਸ਼ੱਕ ਕਾਂਗਰਸ ਦੀ ਸਰਕਾਰ ਸੀ, ਬੇਸ਼ੱਕ ਅਕਾਲੀਆਂ ਦੀ ਸਰਕਾਰ ਸੀ, ਇਹ ਫੋਰ-ਲੇਨ ਸੜਕਾਂ ਬਠਿੰਡਾ ਤੋਂ ਲੈ ਕੇ ਚੰਡੀਗੜ੍ਹ ਤੱਕ, ਇੱਥੋਂ ਦਿੱਲੀ ਤੱਕ ਜਾਣ ਲਈ ਸਾਰੀਆਂ ਸੜਕਾਂ ਉਨ੍ਹਾਂ 75 ਸਾਲਾਂ ਵਿੱਚ ਹੀ ਬਣੀਆਂ ਹਨ। ਜੇ ਇੱਥੇ ਭਾਖੜਾ ਡੈਮ ਬਣਿਆ, ਉਹ ਵੀ 75 ਸਾਲਾਂ ਵਿੱਚ ਹੀ ਬਣਿਆ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਤੁਸੀਂ ਕਿੱਧਰੋਂ ਤੁਰੇ ਹੋ? ਜੇ ਤੁਸੀਂ ਡਾਕਟਰ, ਇੰਜੀਨੀਅਰ, ਐੱਮ.ਐੱਲ.ਏ. ਬਣੇ ਹੋ, ਤੁਸੀਂ ਇੱਥੇ ਆਏ ਹੋ, ਇਹ 75 ਸਾਲ ਦੀ ਹੀ ਦੇਣ ਹੈ। ਅੱਜ ਜੇਕਰ ਇਸ ਦੇਸ਼ ਵਿੱਚ ਪੋਲਿਓ ਖਤਮ ਹੋਇਆ ਜਾਂ ਟੀ.ਬੀ. eradication ਵੱਲ ਨੂੰ ਲੈ ਕੇ ਜਾ ਰਹੇ ਹਾਂ, ਜੇ ਮਲੇਰੀਆ ਉਸ ਪਾਸੇ ਨੂੰ ਲਿਜਾ ਰਹੇ ਹਾਂ, ਸਮਾਲ-ਪਾਕਸ

ਖਤਮ ਹੋਈ ਹੈ, ਉਹ ਵੀ 75 ਸਾਲ ਦੀ ਹੀ ਦੇਣ ਹੈ। ਜੇਕਰ ਅਸੀਂ ਗੱਲ ਕਰਦੇ ਹਾਂ ਕਿ ਇਸ ਦੇਸ਼ ਵਿੱਚ ਜਦੋਂ ਅਸੀਂ ਜੰਮੇ ਸੀ, ਜਦੋਂ ਦੇਸ਼ ਆਜ਼ਾਦ ਹੋਇਆ, ਉਦੋਂ 37 ਸਾਲ ਐਵਰੇਜ ਉਮਰ ਸੀ, ਅੱਜ ਜੇਕਰ ਉਹ 70 ਸਾਲ ਹੋਈ ਹੈ ਤਾਂ ਉਹ ਵੀ ਇੱਥੋਂ ਦੇ ਡਾਕਟਰਾਂ ਅਤੇ ਇੱਥੋਂ ਦੀਆਂ ਸਰਕਾਰਾਂ ਦੀ ਹੀ ਦੇਣ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

ਤੁਸੀਂ ਚੇਂਜ ਚਾਹੁੰਦੇ ਹੋ, ਚੰਗੀ ਗੱਲ ਹੈ। ਅਸੀਂ ਤੁਹਾਡਾ ਸਮਰਥਨ ਕਰਦੇ ਹਾਂ। ਹਰ ਥਾਂ ਤੁਹਾਡੇ ਨਾਲ ਖੜ੍ਹਾਂਗੇ। ਹੈਲਥ ਮਨਿਸਟਰ ਸਾਹਿਬ ਨੇ ਕਿਹਾ ਕਿ ਅਸੀਂ ਬਜਟ ਵਧਾ ਦਿੱਤਾ, ਇਸ ਵਾਰ 4731 ਕਰੋੜ ਰੁਪਿਆ ਰੱਖਿਆ ਹੈ ਔਰ ਪਿਛਲੀ ਵਾਰ 4382 ਕਰੋੜ ਰੁਪਏ ਸੀ। ਇਹ ਕਹਿੰਦੇ ਹਨ ਕਿ 23% ਇਨਕਰੀਜ਼ ਹੈ, ਕੀ ਇਹ 23% ਬਣਦਾ ਹੈ? ਵੇਖੋ, ਤੁਸੀਂ ਕੰਮ ਕਰੋ, ਅਸੀਂ ਹਰ ਤਰ੍ਹਾਂ ਤੁਹਾਡੇ ਨਾਲ ਹਾਂ। ਮੈਡੀਕਲ ਕਾਲਜ ਬਣਾਉਣੇ ਹਨ, ਪਿਛਲੀ ਸਰਕਾਰ ਨੇ ਪੰਜ-ਛੇ ਮੈਡੀਕਲ ਕਾਲਜ ਸ਼ੁਰੂ ਕੀਤੇ। ਪਿਛਲੀ ਸਰਕਾਰ ਨੇ ਮੈਡੀਕਲ ਕਾਲਜ ਮੋਹਾਲੀ ਸ਼ੁਰੂ ਕੀਤਾ, ਕਹਿੰਦੇ ਕਿ 10 ਕਰੋੜ ਰੁਪਿਆ ਰੱਖਣਾ ਹੈ। ਮੈਂ ਉਸੇ ਵੇਲੇ ਐੱਫ.ਐੱਮ. ਸਾਹਿਬ ਨੂੰ ਕਹਿ ਦਿੱਤਾ ਸੀ ਕਿ 10 ਕਰੋੜ ਰੁਪਏ ਵਿੱਚ ਕਿਹੜਾ ਮੈਡੀਕਲ ਕਾਲਜ ਬਣਨਾ ਹੈ, ਪੰਜ ਸਾਲ ਵਿੱਚ ਇੱਕ ਵੀ ਤਿਆਰ ਨਹੀਂ ਹੋਇਆ। ਤੁਹਾਡੇ ਵੀ ਤਿਆਰ ਨਹੀਂ ਹੋਣੇ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਚੀਜ਼ਾਂ ਨੂੰ ਧਿਆਨ ਦਿਉ। ਪੰਜਾਬ ਦਾ ਹੈਲਥ ਸਿਸਟਮ ਨੰਬਰ ਵੰਨ ਹੈ। ਸਾਲ 1978 ਦੇ ਵਿੱਚ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ, ਉਸ ਵੇਲੇ ਸਿਰਫ ਪੰਜਾਬ ਸੂਬਾ ਹੈ। 4500 ਏ.ਐੱਨ.ਐੱਮ, ਇੱਕ ਮਿੰਟ, ਮੇਰੀ ਗੱਲ ਸੁਣ ਲਵੋ। (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** 4500 ਸੈਂਟਰ ਹਨ (ਵਿਘਨ..ਸ਼ੋਰ) ਮੇਰੀ ਗੱਲ ਸੁਣ ਲਵੋ ਯਾਰ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)। ਚਲੋ ਮੈਂ ਇਨ੍ਹਾਂ ਦੀ ਗੱਲ ਨਾਲ ਸਹਿਮਤ ਹਾਂ। ਅੱਜ ਤੱਕ ਮੈਡੀਕਲ ਅਫਸਰ ਇੱਥੋਂ ਜ਼ਿਆਦਾ ਆਏ। ਜਿਹੜੇ ਦਿੱਲੀ ਵਿੱਚ ਸ਼ਮਸ਼ਾਨਘਾਟ ਸੀ, ਉੱਥੇ ਕਰੋਨਾ ਦੌਰਾਨ ਮਰੇ ਹੋਏ ਲੋਕਾਂ ਨੂੰ ਜਲਾਉਣ ਲਈ ਤਿੰਨ-ਤਿੰਨ, ਚਾਰ-ਚਾਰ ਦਿਨ ਵੇਟ ਕਰਨੀ ਪਈ ਪਰ ਇੱਥੇ ਪੰਜਾਬ ਦੇ ਡਾਕਟਰਾਂ ਨੇ, ਪੰਜਾਬ ਦੀ ਐਡਮਨਿਸਟਰੇਸ਼ਨ ਨੇ, ਪੰਜਾਬ ਦੇ ਪੈਰਾ-ਮੈਡੀਕਲ ਸਟਾਫ ਨੇ ਔਰ ਪੰਜਾਬ ਦੇ ਦੂਸਰੇ ਮੁਲਾਜ਼ਮਾਂ ਨੇ ਦਿਨ-ਰਾਤ ਇੱਕ ਕਰਕੇ ਸਾਰੇ ਦੇਸ਼ ਨੂੰ ਵਿਖਾਇਆ ਕਿ ਹੈਲਥ ਸਰਵਿਸਿਸ ਇਸ ਸਟੇਟ ਵਿੱਚ ਹੈ। ਸੋ, ਮੈਂ ਬੇਨਤੀ ਕਰਦਾ ਹਾਂ।

ਮੈਂ ਕਹਿੰਦਾ ਪਿਆ ਹਾਂ (ਵਿਘਨ..ਸ਼ੋਰ)। ਮੈਂ ਤਾਂ ਕਿਹਾ ਸਾਰਿਆਂ ਨੇ, ਇਹੀ ਤਾਂ ਮੈਂ ਕਹਿੰਦਾ ਹਾਂ, ਦਿੱਲੀ ਵਿੱਚ ਆਕਸੀਜ਼ਨ ਨਹੀਂ ਮਿਲੀ। ਦਿੱਲੀ ਵਿੱਚ ਆਕਸੀਜ਼ਨ ਨਹੀਂ ਮਿਲੀ, ਲੋਕਾਂ ਨੂੰ ਬੈੱਡ ਨਹੀਂ ਮਿਲੇ। ਇਹ ਅੱਜ ਤੱਕ ਕਦੇ ਹੋਇਆ ਹੈ ਕਿ ਆਕਸੀਜ਼ਨ ਦੇ ਲੰਗਰ ਲੱਗੇ ਹੋਣ? (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਨੂੰ ਬੋਲਣ ਦਿੱਤਾ ਜਾਵੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨਾਲ ਬਹਿਸ ਕਰ ਰਹੇ ਸਨ ਅਤੇ ਇਸ ਸਮੇਂ ਸਦਨ ਵਿੱਚ ਬਹੁਤ ਸ਼ੋਰ ਸੀ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਉਸ ਵੇਲੇ ਤੁਹਾਡਾ ਹੈਲਥ ਸਿਸਟਮ ਕਿੱਥੇ ਸੀ? ਓਏ ਗੱਲ ਸੁਣੋ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ), ਇਹ ਕਹਿਣਾ ਹੀ ਸੌਖਾ ਹੈ, ਗਾਲ੍ਹਾਂ ਕੱਢਣੀਆਂ ਹੀ ਸੌਖੀਆਂ ਹਨ। ਯਾਰ ਤੁਸੀਂ ਕਿੱਥੇ ਹੋ? ਓਏ ** ਪੰਜਾਬ ਇੱਕ ਨੰਬਰ ਤੇ ਸੀ, ਦਿੱਲੀ ਸਭ ਤੋਂ ਥੱਲੇ ਸੀ ਫਿਰ ਵੀ ਤੁਸੀਂ ਗੱਲਾਂ ਕਰਦੇ ਹੋ। ਓਏ ਇਵੇਂ ਨਹੀਂ ਹੋਣਾ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ)। ਆਖਰੀ ਗੱਲ, ਆਖਰੀ ਗੱਲ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਦਿਨੇਸ਼ ਕੁਮਾਰ ਚੱਢਾ ਆਪਣੀ ਸੀਟ ਤੋਂ ਅੱਗੇ ਆ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨਾਲ ਬਹਿਸ ਕਰ ਰਹੇ ਸਨ।)

**ਮਾਨਯੋਗ ਸਪੀਕਰ:** ** ਸ਼ਬਦ ਐਕਸਪੰਜ ਕੀਤਾ ਜਾਵੇ ਜੀ। ਡਾਕਟਰ ਸਾਹਿਬ, ਤੁਹਾਡਾ ਸਮਾਂ ਹੋ ਗਿਆ। ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਕੁਝ ਕਹਿਣਾ ਚਾਹੁੰਦੇ ਹਨ। ਤੁਸੀਂ ਸਾਰੇ ਬੈਠੋ। (ਵਿਘਨ)(ਸ਼ੋਰ) ਚੱਢਾ ਜੀ ਤੁਸੀਂ ਆਪਣੀ ਸੀਟ ਤੇ ਜਾਓ। ਚੱਢਾ ਜੀ ਆਪਣੀ ਸੀਟ ਤੇ ਜਾਓ।

**ਗ.ਕੌ./ਸ.ਜ./7.00/28.06.2022**

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਟਰੇਜ਼ਰੀ ਬੈਂਚਿਜ਼ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਮੀਤ ਹੇਅਰ ਜੀ ਨੇ ਬੋਲਣਾ ਹੈ। ਮੰਤਰੀ ਸਾਹਿਬ ਨੇ ਬੋਲਣਾ ਹੈ। ਤੁਸੀਂ ਸ਼ਾਂਤੀ ਬਣਾਉ। (ਵਿਘਨ)(ਸ਼ੋਰ) ਮੈਂ ਟਰੇਜ਼ਰੀ ਬੈਂਚਿਜ਼ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਸ਼ਾਂਤੀ ਬਣਾਉ। ਜੋ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ। ਕਾਰਵਾਈ ਵਿੱਚ ਖਲਲ ਨਾ ਪਾਇਆ

ਜਾਵੇ। ਪੰਜਾਬ ਦੇ ਲੋਕਾਂ ਨੇ ਆਪਣੇ ਦੁੱਖ ਦਰਦ ਡਿਸਕਸ ਕਰਨ ਲਈ ਹਾਊਸ ਬਣਾਇਆ ਹੈ। ਸਾਰੇ ਮੈਂਬਰ ਆਪਣੀ ਆਪਣੀ ਸੀਟ ਤੇ ਬੈਠਣ। ਹਾਊਸ ਵਿੱਚ ਆਰਡਰ ਬਣਾ ਕੇ ਰੱਖਿਆ ਜਾਣਾ ਚਾਹੀਦਾ ਹੈ।

**ਸਿੱਖਿਆ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜਿਹੜੀਆਂ ਗੱਲਾਂ ਕੀਤੀਆਂ ਹਨ ਮੈਂ ਉਸ ਵਿੱਚ ਕੁਝ ਐਡ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਜਿਹੜਾ ਪੰਜਾਬ ਦਾ ਹੈਲਥ ਦਾ ਇਨਫਰਾਸਟਰੱਕਚਰ ਹੈ ਉਹ ਬਹੁਤ ਵਧੀਆ ਹੈ। ਦੇਸ਼ ਵਿੱਚ ਨੰਬਰ ਵਨ ਤੇ ਹੈ। ਸਰ ਸਾਲ 1968 ਤੱਕ ਵਾਕਿਆ ਹੀ ਨੰਬਰ ਵਨ ਤੇ ਸੀ।ਅੱਜ ਜਿਹੜਾ ਹੈਲਥ ਦਾ ਬਜਟ ਹੈ, ਜੇਕਰ ਤੁਸੀਂ 5-7 ਸਾਲ ਦਾ ਬਜਟ ਦੇਖੋਗੇ ਤਕਰੀਬਨ 4% ਦੇ ਨੇੜੇ ਹੈ। ਸਰ ਸਾਲ 1968 ਵਿੱਚ ਜਦੋਂ ਡੇਢ ਕਰੋੜ ਪਾਪੁਲੇਸ਼ਨ ਸੀ ਤਾਂ ਉਦੋਂ 12% ਸੀ। ਪੂਰੇ ਹਿੰਦੁਸਤਾਨ ਵਿੱਚੋਂ ਖਾਸ ਤੌਰ ਤੇ ਜਿਹੜਾ ਰੂਰਲ ਏਰੀਆ ਵਿੱਚ ਇਸ ਤਰ੍ਹਾਂ ਦੀਆਂ ਸੁਵਿਧਾਵਾਂ ਪੂਰੇ ਦੇਸ਼ ਵਿੱਚ ਨਹੀਂ ਸੀ। ਸਾਲ 1980 ਵਿੱਚ ਇਹ 10% ਰਹਿ ਗਿਆ। ਜਦੋਂ 35-40 ਸਾਲ ਲੰਘ ਗਏ ਤਾਂ ਪੌਣ ਪਾਣੀ ਵੀ ਗੰਧਲਾ ਹੋ ਗਿਆ। ਆਬਾਦੀ ਵੀ ਡੇਢ ਕਰੋੜ ਤੋਂ ਤਿੰਨ ਕਰੋੜ ਤੇ ਆ ਗਈ। ਬਜਟ ਵੀ ਘਟ ਕੇ ਤਕਰੀਬਨ 4% ਤੇ ਆ ਗਿਆ। ਅਸੀਂ ਨੰਬਰ ਵਨ ਸੀ। ਪਰ ਪਿਛਲੇ 35-40 ਸਾਲਾਂ ਤੋਂ ਥੱਲੇ ਆਉਂਦੇ ਆਉਂਦੇ ਅੱਜ ਇੱਥੇ ਤੱਕ ਆ ਗਏ ਕਿ ਜਦੋਂ ਕੈਂਸਰ ਐਕਸਪ੍ਰੈਸ ਟ੍ਰੇਨ ਬੀਕਾਨੇਰ ਨੂੰ ਜਾਂਦੀ ਹੈ ਤਾਂ ਉਦੋਂ ਵੀ ਸਾਡੇ ਡਾਕਟਰਾਂ ਦੀ ਗਿਣਤੀ 4400 ਸੀ ਤੇ ਅੱਜ ਵੀ ਡਾਕਟਰਾਂ ਦੀ ਗਿਣਤੀ 4400 ਹੈ। ਪਿਛਲੇ 35-40 ਸਾਲਾਂ ਵਿੱਚ ਧਿਆਨ ਹੀ ਨਹੀਂ ਦਿੱਤਾ ਗਿਆ। ਠੀਕ ਹੈ, ਇਨ੍ਹਾਂ ਨੇ ਵੀ ਬਹੁਤ ਕੰਮ ਕੀਤਾ ਹੋਣਾ ਹੈ। ਕੰਮ ਕੀਤਾ ਪਰ ਜੋ ਘਪਲੇ ਹੋਏ ਉਹ ਵੀ ਤੁਹਾਡੇ ਰਾਜ ਵਿੱਚ ਹੋਏ। ਜੇਕਰ ਇੱਥੇ ਵੈਕਸੀਨ ਦੇ ਸਕੈਮ ਹੋਏ ਉਹ ਵੀ ਤੁਹਾਡੇ ਰਾਜ ਵਿੱਚ ਹੋਏ। ਜੇਕਰ ਇੱਥੇ buprenorphine ਦੀਆਂ ਲੱਖਾਂ ਗੋਲੀਆਂ ਗਾਇਬ ਹੋਈਆਂ ਤਾਂ ਉਹ ਵੀ ਤੁਹਾਡੇ ਰਾਜ ਵਿੱਚ ਗਾਇਬ ਹੋਈਆਂ। ਜਿਹੜੇ Fateh kit ਦੇ ਸਕੈਮ ਹੋਏ ਉਹ ਵੀ ਤੁਹਾਡੇ ਰਾਜ ਵਿੱਚ ਹੋਏ। ਪੰਜਾਬ ਵਿੱਚ ਚੰਗਾ ਕੰਮ ਵੀ ਬਹੁਤ ਹੋਇਆ। ਪਰ ਜੋ ਪਿਛਲੇ ਸਾਲਾਂ ਵਿੱਚ ਡਿਕਲਾਈਨ ਹੋਇਆ ਹੈ ਉਹ ਵੀ ਸਾਨੂੰ ਮੰਨਣਾ ਪਵੇਗਾ। ਜਿਹੜੇ ਸਕੈਮ ਹੋਏ ਹਨ ਉਹ ਵੀ ਮੰਨਣਾ ਪਵੇਗਾ। ਜੇਕਰ ਉਹ ਸਕੈਮ ਹੋਏ ਤਾਂ ਹੀ ਅੱਜ ਨਵੀਂ ਪਾਰਟੀ 92 ਸੀਟਾਂ ਨਾਲ ਇੱਥੇ ਆਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਚੰਗਾ ਕਰਨਾ ਚਾਹੁੰਦਾ ਹਾਂ। ਸਰ, ਠੀਕ ਹੈ ਤੁਹਾਡੀ ਭਾਵਨਾ ਚੰਗੀ ਹੈ। 75 ਸਾਲਾਂ ਵਿੱਚ ਬਹੁਤ ਕੁਝ ਚੰਗਾ ਵੀ ਹੋਇਆ। ਇਸ ਦੇਸ਼ ਨੇ ਲੜਾਈਆਂ ਵੀ ਲੜੀਆਂ ਅਤੇ ਜਿੱਤੀਆਂ ਵੀ। ਬਹੁਤ ਕੁਝ ਚੰਗਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਵੀ ਕਾਂਗਰਸ ਦੇ ਵੱਡੇ ਲੀਡਰਾਂ ਨੇ ਕਾਫੀ ਯੋਗਦਾਨ ਪਾਇਆ। ਪਰ ਜਿਹੜੀ ਅੱਜ ਵਾਲੀ ਕਾਂਗਰਸ ਹੈ, ਚਲੋ ਜੇ ਮੈਂ ਕੁਝ ਕਹਾਂਗਾ ਤਾਂ ਕਾਂਗਰਸ ਦੇ ਪ੍ਰਧਾਨ ਜੀ ਖੜ੍ਹੇ ਹੋ ਕੇ ਰੌਲਾ ਪਾਉਣ ਲੱਗ ਜਾਣਗੇ ਕਿ ਇਸ ਤਰ੍ਹਾਂ ਕਹਿ ਦਿੱਤਾ। ਉਸ ਵੇਲੇ ਦੀ ਕਾਂਗਰਸ ਅਤੇ ਅੱਜ ਦੀ ਕਾਂਗਰਸ ਵਿੱਚ ਬਹੁਤ ਫਰਕ ਹੈ। ਜੇਕਰ ਡਿਕਲਾਈਨ ਹੋਇਆ ਹੈ, ਕਰੈਕਟਰ ਥੱਲੇ ਆਇਆ ਹੈ ਇਸੇ ਕਰਕੇ ਲੋਕਾਂ ਨੇ ਨਵੀਂ ਪਾਰਟੀ ਨੂੰ ਮੌਕਾ ਦਿੱਤਾ ਹੈ। ਸੋ, ਮੇਰੀ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਹੈ ਕਿ

ਜੇਕਰ ਕੋਈ ਅੱਛਾ ਕੰਮ ਹੁੰਦਾ ਹੈ ਤਾਂ ਉਸ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ। ਸਰਕਾਰ ਨੇ ਪਹਿਲਾ ਬਜਟ ਪੇਸ਼ ਕੀਤਾ ਹੈ ਤਾਂ ਤੁਸੀਂ ਸਾਰੇ ਸਾਥ ਦਿਉ। ਤੁਹਾਨੂੰ ਵੀ ਲੋਕਾਂ ਨੇ ਜਿਤਾ ਕੇ ਭੇਜਿਆ ਹੈ। ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੂਰੇ ਹਿੰਦੁਸਤਾਨ ਵਿੱਚੋਂ ਜੇਕਰ ਅੱਜ ਪੰਜਾਬ ਦੀ per capita income ਘਟ ਗਈ, ਜੇਕਰ ਪੰਜਾਬ ਤੇ ਕਰਜ਼ ਚੜ੍ਹ ਗਿਆ ਤਾਂ ਇਸ ਤੋਂ ਪੰਜਾਬ ਨੂੰ ਬਚਾ ਕੇ ਜੇ ਪੰਜਾਬ ਨੂੰ ਅੱਗੇ ਲੈ ਕੇ ਜਾਣਾ ਹੈ ਤਾਂ ਇਹ ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ। ਜੇਕਰ ਕੋਈ ਪਾਜ਼ੀਟਿਵ ਚੀਜ਼ ਹੁੰਦੀ ਹੈ ਤਾਂ ਉਸ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ। ਜੇਕਰ ਕੋਈ ਕਮੀ ਪੇਸ਼ੀਆਂ ਹਨ ਤਾਂ ਤੁਸੀਂ ਸਾਨੂੰ ਦੱਸੋ। ਅਸੀਂ ਉਨ੍ਹਾਂ ਨੂੰ ਦੂਰ ਕਰਾਂਗੇ। ਮਾਨ ਸਾਹਿਬ ਨੇ ਵੀ ਕਿਹਾ ਹੈ ਕਿ ਇਹ ਸਲਫਾਸ ਦੀ ਗੋਲੀ ਵਾਲੀ ਗੱਲ ਅੱਜ ਵੀ ਜੋ ਕੁਝ ਹੋਇਆ ਹੈ, ਇਹ ਕਮਿਟਮੈਂਟ ਹੈ।

**ਕੁ.ਕ/ਸ਼.ਜ/7.05/28.06.2022**

ਅਸੀਂ ਨਵੇਂ ਆਏ ਹਾਂ, ਹੋ ਸਕਦਾ ਹੈ ਕਿ ਗਲਤੀਆਂ ਹੋਣ। ਪਰ ਪੰਜ ਸਾਲ ਸਾਡੀ ਇਮਾਨਦਾਰੀ ਤੇ ਨੀਅਤ ਵਿੱਚ ਕੋਈ ਕਮੀ ਨਹੀਂ ਰਹੇਗੀ। (ਥੰਪਿੰਗ) ਜੇ ਕਿਤੇ ਕੋਈ ਕਮੀ ਹੋਈ ਤਾਂ ਉਸ ਵਿਅਕਤੀ ਦੀ ਭਗਵੰਤ ਮਾਨ ਦੀ ਸਰਕਾਰ ਵਿੱਚ ਕੋਈ ਜਗ੍ਹਾ ਨਹੀਂ ਹੋਵੇਗੀ। ਇੱਕ ਨੇ ਕੀਤੀ ਸੀ, ਉਹ ਤੁਹਾਨੂੰ ਪਤਾ ਹੈ ਕਿ ਕਿੱਥੇ ਹੈ। ਅੱਜ ਜ਼ਮਾਨਤ ਨਹੀਂ ਹੋਈ ਹੈ। ਜੇ ਹੋਰ ਵੀ ਕੋਈ ਕਰੇਗਾ, ਕਿਸੇ ਲਈ ਵੀ ਭਗਵੰਤ ਮਾਨ ਜੀ ਦੀ ਸਰਕਾਰ ਵਿੱਚ ਕੋਈ ਜਗ੍ਹਾ ਨਹੀਂ ਹੈ। ਸਰ, ਲੋਕਾਂ ਨੇ ਬਹੁਤ ਵੱਡਾ ਵਿਸ਼ਵਾਸ ਦਿਖਾਇਆ ਹੈ। ਮੈਂ ਜਦੋਂ ਵਿਧਾਨ ਸਭਾ ਵਿੱਚ ਪ੍ਰਚਾਰ ਕਰਦਾ ਸੀ ਤਾਂ ਬੜੇ ਲੋਕ ਕਹਿੰਦੇ ਸੀ ਕਿ ਜੇ ਤੁਸੀਂ ਵੀ ਉਹੀ ਕੁਝ ਕਰਨ ਲੱਗ ਗਏ ਫਿਰ ਕੀ ਕਰਾਂਗੇ। ਸਰ, ਤੁਸੀਂ ਪੁੱਛ ਲਵੋ ਸਾਡੇ ਵਿੱਚੋਂ ਜਿਹੜੇ ਬਹੁਤੇ ਲੋਕ ਆਏ ਹਨ, ਕਿਸੇ ਨੇ ਪੈਸਾ ਨਹੀਂ ਲਾਇਆ, ਕਿਸੇ ਨੇ ਸ਼ਰਾਬ ਨਹੀਂ ਵੰਡੀ। ਕਿਸੇ ਨੇ ਪੈਸੇ ਦੇ ਕੇ ਵੋਟਾਂ ਨਹੀਂ ਖਰੀਦੀਆਂ। ਸਰ, ਸਾਨੂੰ ਲੋਕਾਂ ਨੇ ਸੰਗਤ ਦੇ ਰੂਪ ਵਿੱਚ ਵੋਟਾਂ ਪਾਈਆਂ ਹਨ। ਜੇ ਅਸੀਂ ਵੀ ਮਾਫੀਆ ਚਲਾਉਣ ਲੱਗ ਪਏ ਤਾਂ ਲੋਕਾਂ ਨੇ ਕੀ ਭਗਵਾਨ ਦੀ ਦਰਗਾਹ ਵਿੱਚ ਜਾ ਕੇ ਵੀ ਸਾਨੂੰ ਮਾਫੀ ਨਹੀਂ ਮਿਲਣੀ। (ਥੰਪਿੰਗ) ਇਸ ਕਰਕੇ ਹੀ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹਾਂ ਤੇ ਇਮਾਨਦਾਰੀ ਨਾਲ ਲੱਗੇ ਹੋਏ ਹਾਂ। ਠੀਕ ਹੈ, ਨਵਿਆਂ ਤੋਂ ਕੋਈ ਗਲਤੀਆਂ ਹੋ ਜਾਂਦੀਆਂ ਹਨ। ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਸਾਡੀ ਨੀਅਤ ਅਤੇ ਈਮਾਨਦਾਰੀ ਵਿੱਚ ਕੋਈ ਕਮੀ ਨਹੀਂ ਹੈ। ਸਾਡੀ ਇੱਛਾ ਸ਼ਕਤੀ ਹੈ ਕਿ ਪੰਜਾਬ ਨੂੰ ਅੱਗੇ ਲੈ ਕੇ ਜਾਈਏ। ਸੋ, ਮੇਰੀ ਸਾਰੇ ਸਦਨ ਦੇ ਮੈਂਬਰਜ਼ ਨੂੰ ਬੇਨਤੀ ਹੈ ਕਿ ਆਪਾਂ ਪਾਜ਼ੀਟਿਵ ਰਾਜਨੀਤੀ ਕਰੀਏ। ਦੂਸਰਾ, ਮੈਂ ਤਾਂ ਪੰਜ ਸਾਲ ਪਹਿਲਾਂ ਵੀ ਮੈਂਬਰ ਰਿਹਾ ਹਾਂ, ਉੱਧਰ ਵੀ ਮੈਂ ਸਾਡੇ ਸਾਰੇ ਸੀਨੀਅਰ ਮੈਂਬਰਾਂ ਨੂੰ ਬੇਨਤੀ ਕੀਤੀ ਸੀ ਕਿ ਬਹੁਤੇ ਮੈਂਬਰ ਪਹਿਲੀ ਵਾਰ ਆਏ ਹਨ। ਇਨ੍ਹਾਂ ਨੇ ਸਾਡੇ ਤੋਂ ਘੱਟ ਕਿਉਂਕਿ ਤੁਹਾਡੇ ਵਿਚੋਂ ਬਹੁਤ ਸਾਰੇ ਸੀਨੀਅਰ ਮੈਂਬਰ ਹਨ। ਤ੍ਰਿਪਤ ਬਾਜਵਾ ਜੀ ਬੈਠੇ ਹਨ, ਬੜੇ ਸਤਿਕਾਰਯੋਗ ਹਨ, ਇਹ ਬਹੁਤ ਵਾਰ ਇਸ

ਸਦਨ ਦੇ ਮੈਂਬਰ ਰਹੇ ਹਨ। ਕਈ ਰਾਜ ਸਭਾ ਵਿੱਚ ਰਹੇ ਹਨ, ਲੋਕ ਸਭਾ ਵਿੱਚ ਰਹੇ ਹਨ। ਸੋ, ਨਵੇਂ ਸਾਥੀਆਂ ਨੇ ਤੁਹਾਡੇ ਤੋਂ ਸਿੱਖਣਾ ਹੈ। ਆਉਣ ਵਾਲੀਆਂ ਪੀੜ੍ਹੀਆਂ ਨੇ ਸਾਡੇ ਤੋਂ ਸਿੱਖਣਾ ਹੈ। ਸੋ, ਇੱਥੇ ਅਸੀਂ ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਿਆ ਕਰੀਏ। ਹੁਣ ਤਾਂ ਸੈਸ਼ਨ ਲਾਈਵ ਚਲਦਾ ਹੈ। 3 ਕਰੋੜ ਆਬਾਦੀ ਸਾਨੂੰ ਦੇਖ ਰਹੀ ਹੈ, ਕਿ ਅਸੀਂ ਇਨ੍ਹਾਂ ਲੋਕਾਂ ਨੂੰ ਚੁਣਿਆ ਹੈ। ਸਰ, ਪਹਿਲਾਂ ਵੀ ਬਹੁਤ ਅੱਛਾ ਕੰਮ ਹੋਇਆ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਤੁਸੀਂ ਬਹੁਤ ਅੱਛੇ ਕੰਮ ਕੀਤੇ ਹਨ।

**ਮਾਨਯੋਗ ਸਪੀਕਰ:** ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਇਸ ਡਿਬੇਟ ਨੂੰ ਅੱਗੇ ਚੱਲਣ ਦੇਈਏ। ਡਾਕਟਰ ਸਾਹਿਬ (ਡਾਕਟਰ ਸੁਖਵਿੰਦਰ ਕੁਮਾਰ ਸੁੱਖੀ) ਤੁਸੀਂ ਬਹੁਤ ਚੰਗੀਆਂ ਗੱਲਾਂ ਕਰਦੇ ਹੋ। ਚਲੋ ਇੱਕ ਮਿੰਟ ਦੇ ਦਿੰਦੇ ਹਾਂ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਦੇਖੋ ਮੈਨੂੰ ਤੁਹਾਡੀ ਨੀਅਤ ਤੇ ਅਤੇ ਤੁਹਾਡੀ ਇਮਾਨਦਾਰੀ ਤੇ ਕੋਈ ਸ਼ੱਕ ਨਹੀਂ ਹੈ। ਗੱਲ ਇਹ ਹੈ ਕਿ ਅਸੀਂ ਜਿੱਤ ਕੇ ਆਏ ਹਾਂ। ਇਹ ਨਹੀਂ ਕਿ ਅਸੀਂ ਲੋਕਾਂ ਤੋਂ ਜ਼ਬਰਦਸਤੀ ਵੋਟਾਂ ਪੁਆਈਆਂ ਹਨ। ਅਸੀਂ ਵੀ ਦੂਜੀ ਵਾਰੀ ਤੁਹਾਡੇ ਨਾਲ ਹੀ ਜਿੱਤ ਕੇ ਆਏ ਹਾਂ। ਘੱਟੋ-ਘੱਟ ਗਾਲਾਂ ਕੱਢਣ ਲੱਗੇ ਤਾਂ ਤੁਸੀਂ ਦੇਖੋ।

**ਮਾਨਯੋਗ ਸਪੀਕਰ:** ਉਹ ਗੱਲ ਖਤਮ ਹੋ ਗਈ ਹੈ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਮੇਰਾ ਕੋਈ ਮਨ ਨਹੀਂ ਹੈ ਜੀ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ। ਡਾਕਟਰ ਸਾਹਿਬ ਜੇ ਤੁਸੀਂ ਕੋਈ ਗੱਲ ਚੇਅਰ ਨੂੰ ਕਰਨੀ ਹੈ ਤਾਂ ਕਰੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਮੈਂ ਇਹ ਗੱਲ ਕਹਿੰਦਾ ਹਾਂ ਕਿ ਮੈਨੂੰ ਇਨ੍ਹਾਂ ਦੀ ਨੀਅਤ ਤੇ ਈਮਾਨਦਾਰੀ ਤੇ ਕੋਈ ਸ਼ੱਕ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਜਿਹੜੇ ਨਵੇਂ ਮੈਂਬਰ ਆਏ ਹਨ, ਉਹ ਹਰੇਕ ਵਾਰੀ ਜਿਵੇਂ ਪਿੰਡ ਵਿੱਚ ਕੋਈ ਮਾੜਾ ਸੰਤ ਆ ਜਾਂਦਾ ਹੈ ਤੇ ਲੋਕ ਉਸ ਦੇ ਮਗਰ ਪੈ ਜਾਂਦੇ ਹਨ। ਸੋ, ਇਨ੍ਹਾਂ ਨੂੰ ਕਹੋ ਕਿ ਇਸ ਤਰ੍ਹਾਂ ਨਾ ਕਰੋ। ਥੋੜ੍ਹਾ discipline ਰੱਖੋ। ਕੋਈ ਮਾੜੀ ਮੋਟੀ ਤਾਂ ਇੱਕ ਦੂਜੇ ਦੀ ਕਦਰ ਕਰੀਏ।

**ਮਾਨਯੋਗ ਸਪੀਕਰ:** ਬਿਲਕੁਲ ਠੀਕ ਹੈ ਜੀ। ਥੈਂਕ ਯੂ। ਥੈਂਕ ਯੂ। ਬ੍ਰਮ ਸ਼ੰਕਰ ਜਿੰਪਾ ਜੀ ਕੁਝ ਕਹਿਣਾ ਚਾਹੁੰਦੇ ਹਨ।

**ਜਲ ਸਰੋਤ ਮੰਤਰੀ (ਸ਼੍ਰੀ ਬ੍ਰਮ ਸ਼ੰਕਰ (ਜਿੰਪਾ)) :** ਮਾਨਯੋਗ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੋ ਬਜਟ ਮਾਨਯੋਗ ਚੀਮਾ ਸਾਹਿਬ ਜੀ ਨੇ ਪੇਸ਼ ਕੀਤਾ ਹੈ, ਉਹ ਅੱਜ ਤੱਕ ਦੇ ਬਜਟਾਂ ਵਿੱਚ ਇੱਕ ਬਿਹਤਰੀਨ ਮਿਸਾਲ ਹੈ। ਅੱਜ ਤੱਕ ਖਾਲੀ ਖਜ਼ਾਨੇ ਦੀ ਗੱਲ ਹੁੰਦੀ ਰਹੀ ਹੈ। ਸਾਡੀ ਪਾਰਟੀ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸੀ, ਉਨ੍ਹਾਂ ਸਭ ਤੇ ਕੰਮ ਕਰਨ ਲਈ ਸਾਡੀ ਪਾਰਟੀ ਪਾਬੰਦ ਹੈ। ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਬੜੀ ਇਮਾਨਦਾਰੀ ਨਾਲ ਕੰਮ ਕਰੇਗੀ। ਜਿਸ ਤਰ੍ਹਾਂ ਕਿ ਮੇਰੇ ਸਾਥੀਆਂ ਨੇ ਦੱਸਿਆ ਕਿ ਸਰਕਾਰ ਬੜੀ ਅੱਛੀ ਨੀਅਤ ਔਰ ਇਮਾਨਦਾਰੀ ਦੇ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮੈਂ ਇਸ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਡਾਕਟਰ ਸਾਹਿਬ ਨੇ ਪੰਜਾਬ ਦੀ ਮੈਡੀਕਲ ਸੇਵਾਵਾਂ ਦੀ ਗੱਲ ਕੀਤੀ ਹੈ। ਅਸੀਂ ਨਹੀਂ ਕਹਿੰਦੇ ਕਿ ਸੇਵਾਵਾਂ ਨਹੀਂ ਹਨ। ਪਰ ਕੀ ਇਹ ਦੱਸ ਸਕਦੇ ਹਨ ਕਿ ਪ੍ਰਾਈਵੇਟ ਸੈਕਟਰ ਇੰਨਾ ਕਿਉਂ ਵਧਿਆ ਹੈ, ਜਿਸਦਾ ਇਲਾਜ ਗਰੀਬ ਆਦਮੀ afford ਨਹੀਂ ਕਰ ਸਕਦਾ। ਸਰਕਾਰਾਂ ਕਿੱਥੇ ਨਾਕਾਮਯਾਬ ਰਹੀਆਂ, ਕਿੱਥੇ ਸਰਕਾਰਾਂ ਵਿੱਚ ਕਮੀ ਸੀ ਜਾਂ ਜਾਣ-ਬੁੱਝ ਕੇ ਇਹ ਸਰਕਾਰੀ ਮੈਡੀਕਲ ਹਸਪਤਾਲਾਂ ਤੇ ਕੰਮ ਨਹੀਂ ਕੀਤਾ ਗਿਆ। ਮੈਂ ਹੁਸ਼ਿਆਰਪੁਰ ਵਿਧਾਨ ਸਭਾ ਹਲਕਾ ਤੋਂ ਜਿੱਤ ਕੇ ਆਇਆ ਹਾਂ। ਮੈਂ ਇਸ ਨਾਲ ਸਬੰਧਿਤ ਗੱਲ ਕਰਨੀ ਚਾਹੁੰਦਾ ਹਾਂ। ਇੱਥੇ ਮਾਨਯੋਗ ਮੈਂਬਰ, ਡਾਕਟਰ ਰਾਜ ਕੁਮਾਰ ਜੀ ਦੂਜੀ ਵਾਰ ਜਿੱਤ ਕੇ ਆਏ ਹਨ। ਅੱਜ ਅਸੀਂ ਸਰਕਾਰ ਦੀ ਗੱਲ ਕਰ ਰਹੇ ਹਾਂ। ਇਸ ਤੋਂ ਪਹਿਲਾਂ ਇਨ੍ਹਾਂ ਨੇ ਪਾਰਟੀ ਦੀ ਗੱਲ ਕੀਤੀ, ਇਲੈੱਕਸ਼ਨਾਂ ਦੀ ਗੱਲ ਕੀਤੀ ਹੈ। ਮੈਂ ਵੀ ਕਾਂਗਰਸ ਪਾਰਟੀ ਵਿੱਚ ਕੰਮ ਕਰਦਾ ਰਿਹਾ ਹਾਂ। ਰਾਜਾ ਵੜਿੰਗ ਜੀ ਕਾਂਗਰਸ ਪਾਰਟੀ ਦੇ ਪ੍ਰਧਾਨ ਹਨ, ਇਨ੍ਹਾਂ ਨੇ ਇਲੈਕਸ਼ਨ ਦੀ ਗੱਲ ਕੀਤੀ ਹੈ। ਮੈਂ ਉਦੋਂ ਇਲੈਕਸ਼ਨ ਦੇ ਸਬੰਧ ਵਿੱਚ ਗੱਲ ਕੀਤੀ ਸੀ। ਜੇ ਤਾਂ ਪਾਰਟੀ ਉੱਥੇ ਕਿਸੇ ਮੁੱਦਿਆਂ ਤੇ ਇਲੈਕਸ਼ਨ ਲੜਦੀ ਤਾਂ ਫਿਰ ਤਾਂ ਮਜ਼ਾ ਆਉਂਦਾ।

**ਪ.ਸ਼./ਹ.ਸ./07.10/28.06.2022**

ਪਰ ਪਾਰਟੀ ਨੇ ਇੱਕ ਨੌਜਵਾਨ ਸਿੱਧੂ ਮੂਸੇਵਾਲਾ, ਜਿਸ ਦੇ ਜਾਣ ਦਾ ਪੂਰੇ ਪੰਜਾਬ ਦੇ ਵਿੱਚ ਦੁੱਖ ਸੀ, ਉਸ ਦਾ ਗਾਣਾ ਚਲਾ ਕੇ ਇਲੈੱਕਸ਼ਨ ਕੰਪੈਨ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਸ ਦੇ ਮਾਂ ਬਾਪ ਨੇ ਪਾਰਟੀ ਨੂੰ ਹੱਥ ਜੋੜੇ। ਇਹ ਤਾਂ ਪਾਰਟੀ ਦਾ ਮਿਆਰ ਹੈ। ਮੈਂ ਤਾਂ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਦੇ ਪ੍ਰਧਾਨ ਹੋਣ ਦੇ ਨਾਤੇ ਇਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਸੀ ਭਾਵੇਂ ਇਲੈਕਸ਼ਨ ਦਾ ਨਤੀਜਾ ਜੋ ਵੀ ਆਇਆ (ਥੰਪਿੰਗ)। ਦੂਸਰੀ ਗੱਲ ਇਹ ਹੈ ਕਿ ਮੇਰੇ ਆਪਣੇ ਸ਼ਹਿਰ ਦੇ ਵਿੱਚ ਇੱਕ ਸਿਵਲ ਹਸਪਤਾਲ ਦੇ ਵਿੱਚ ਸਕੈਨ ਦੀ ਮਸ਼ੀਨ ਲਗੀ ਸੀ। ਇਹ ਬੜੀ ਹੈਰਾਨੀਜਨਕ ਗੱਲ ਸੀ ਕਿ ਮਸ਼ੀਨ ਐਸਟਾਬਲਿੱਸ਼ ਹੋ ਗਈ ਔਰ ਉੱਥੋਂ ਮਸ਼ੀਨ ਗਾਇਬ ਹੋ ਗਈ। ਮਾਨਯੋਗ ਮੈਂਬਰ ਸਾਹਿਬ, ਡਾਕਟਰ ਰਾਜ ਕੁਮਾਰ ਜੀ ਬੈਠੇ ਹਨ। ਕੀ ਇਨ੍ਹਾਂ ਨੇ ਉਸ ਵੇਲੇ ਵਿਧਾਨ ਸਭਾ ਦੇ ਵਿੱਚ ਸਵਾਲ ਕੀਤਾ ਕਿ ਉਹ ਮਸ਼ੀਨ ਕਿੱਥੇ ਚਲੀ ਗਈ। ਮੈਂ ਤਾਂ

ਹੈਰਾਨ ਸੀ ਲੇਕਿਨ ਆਮ ਆਦਮੀ ਪਾਰਟੀ ਨੇ ਉਸ ਵੇਲੇ ਮੁਜ਼ਾਹਰਾ ਕੀਤਾ। ਮਸ਼ੀਨ ਕਿਉਂ ਗਾਇਬ ਹੋਈ ਸੀ? ਕਿਉਂਕਿ ਪ੍ਰਾਈਵੇਟ ਸੈਕਟਰ ਦੇ ਲਈ ਇਹ ਪੈਸਾ ਕਮਾਉਣ ਦਾ ਰਸਤਾ ਸੀ। ਮੈਂ ਤਾਂ ਕਹਿੰਦਾ ਹਾਂ ਕਿ ਪ੍ਰਾਈਵੇਟ ਸੈਕਟਰ ਦੀਆਂ ਬਹੁਤ ਸੇਵਾਵਾਂ ਹਨ। ਜੇਕਰ ਉਹ ਇਨਫ੍ਰਾਸਟਰਕਚਰ ਨਾ ਦਿੰਦੇ ਤਾਂ ਸ਼ਾਇਦ ਸਾਡੇ ਕੋਲ ਹੈਲਥ ਸੇਵਾਵਾਂ ਪੂਰੀਆਂ ਨਾ ਹੁੰਦੀਆਂ। ਮੈਂ ਉਨ੍ਹਾਂ ਦਾ ਮਾਣ ਅਤੇ ਸਨਮਾਨ ਕਰਦਾ ਹਾਂ। ਮੇਰੀ ਉਨ੍ਹਾਂ ਨਾਲ ਕੋਈ ਰੋਸ ਜਾਂ ਗਿਲਾ ਨਹੀਂ ਹੈ। ਸਵਾਲ ਸੀ ਕਿ ਸਰਕਾਰੀ ਹੈਲਥ ਸੇਵਾਵਾਂ ਕਿੱਥੇ ਗਈਆਂ? ਡਾਕਟਰ ਸਾਹਿਬ ਨੇ ਬਹੁਤ ਵਧੀਆ ਗੱਲਾਂ ਕੀਤੀਆਂ ਹਨ। ਮੈਂ ਇਨ੍ਹਾਂ ਦਾ ਦਿਲੋਂ ਸਨਮਾਨ ਕਰਦਾ ਹਾਂ। ਮੈਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰਾਂ ਕਿੱਥੇ ਗਾਇਬ ਰਹੀਆਂ। ਮੈਂ ਇੱਕ ਗੱਲ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਤਿੰਨ ਮਹੀਨਿਆਂ ਦੇ ਵਿੱਚ ਜਿੱਥੇ ਸਰਕਾਰੀ ਹਸਪਤਾਲਾਂ ਦੇ ਵਿੱਚ ਦਵਾਈਆਂ ਨਹੀਂ ਮਿਲਦੀਆਂ ਹੁੰਦੀਆਂ ਸਨ, ਹੁਣ ਉੱਥੇ ਦਵਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਤੁਸੀਂ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਦੀ visit ਕਰਕੇ ਦੇਖ ਲਵੋ। ਲੋਕਾਂ ਕੋਲੋਂ ਤਿੰਨ ਮਹੀਨੇ ਪਹਿਲਾਂ ਦੇ ਵੀਊ ਲਵੋਂ ਅਤੇ ਹੁਣ ਦੇ ਲਵੋ (ਥੰਪਿੰਗ)। ਮੈਂ ਡਾਕਟਰ ਸਾਹਿਬ (ਡਾਕਟਰ ਰਾਜ ਕੁਮਾਰ) ਨੂੰ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ 70 ਸਾਲ ਦੀਆਂ ਸੇਵਾਵਾਂ ਨੂੰ ਨਹੀਂ ਨਕਾਰ ਰਹੇ। ਅਸੀਂ ਉਨ੍ਹਾਂ ਦੀ ਸਰਾਹੁਣਾ ਕਰਦੇ ਹਾਂ। ਦੇਸ਼ ਨੇ ਪਿਛਲੇ ਸਮੇਂ ਦੇ ਵਿੱਚ ਬੜੀ ਉਪਲਬਧੀਆਂ ਕੀਤੀਆਂ ਹੋਵੇਗੀ ਪਰ ਜਿਹੜਾ ਕਰੱਪਟ ਸਿਸਟਮ ਵੀ ਡਿਵੈਲਪ ਹੋਇਆ ਹੈ, ਇਹ ਵੀ ਇਨ੍ਹਾਂ ਸਰਕਾਰਾਂ ਦੇ ਅਤੇ ਪਾਰਟੀਆਂ ਦੇ ਅਧੀਨ ਹੀ ਹੋਇਆ ਹੈ। ਅੱਜ ਇੱਥੇ ਮਾਈਨਿੰਗ ਦੀ ਗੱਲ ਹੋ ਰਹੀ ਸੀ। ਸਰਕਾਰੀਆ ਸਾਹਿਬ ਵੀ ਬੈਠੇ ਸਨ। ਸਾਡੇ ਮੰਤਰੀ ਸਾਹਿਬ ਬੋਲੇ ਸਨ। ਬੜੇ ਨੌਜਵਾਨ ਮੰਤਰੀ ਹਨ। ਇਨ੍ਹਾਂ ਨੇ ਮੰਤਰੀ ਸਾਹਿਬ ਦੀ ਕੋਈ ਗੱਲ ਦਾ ਜਵਾਬ ਨਹੀਂ ਦਿੱਤਾ ਪਰ ਇਹ ਹੀ ਕਹਿੰਦੇ ਰਹੇ ਕਿ ਤੁਸੀਂ 20 ਹਜ਼ਾਰ ਕਰੋੜ ਰੁਪਏ ਦੀ ਗੱਲ ਕਰੋ। ਸਾਡੇ ਮੰਤਰੀ ਸਾਹਿਬ ਵੱਲੋਂ ਡਾਟਾ ਵੀ ਪੇਸ਼ ਕੀਤਾ ਗਿਆ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਅਸੀਂ ਮੁੱਦਿਆਂ ਦੀ ਗੱਲ ਕਰੀਏ। ਇਹ ਆਮ ਆਦਮੀ ਪਾਰਟੀ ਸਰਕਾਰ ਦੇ ਤਿੰਨ ਮਹੀਨਿਆਂ ਬਾਰੇ ਸਵਾਲ ਕਰਨ ਲੱਗ ਗਏ ਹਨ। ਅਗਰ ਅਸੀਂ 70 ਸਾਲਾਂ ਦਾ ਜਵਾਬ ਮੰਗਦੇ ਹਾਂ ਤਾਂ ਇਹ ਤਿੰਨ ਮਹੀਨਿਆਂ ਦਾ ਜਵਾਬ ਮੰਗਣ ਲੱਗ ਪੈਂਦੇ ਹਨ। ਡਾਕਟਰ ਸਾਹਿਬ ਨੇ ਲੱਭੂ ਦੀ ਗੱਲ ਕੀਤੀ ਸੀ ਤੇ ਫਿਰ ਇੱਧਰੋਂ ਪੱਪੂ ਦੀ ਗੱਲ ਆ ਗਈ (ਹਾਸਾ)। ਉਹ ਤਾਂ ਫਿਰ ਆਉਣੀ ਹੀ ਸੀ। ਡਾਕਟਰ ਸਾਹਿਬ (ਡਾਕਟਰ ਰਾਜ ਕੁਮਾਰ) ਨੂੰ ਚਾਹੀਦਾ ਸੀ ਕਿ ਤਿੰਨ ਮਹੀਨਿਆਂ ਦੀ ਗੱਲ ਨਾ ਕਰਦੇ। ਅਸੀਂ ਦੋ, ਤਿੰਨ, ਚਾਰ, ਪੰਜ ਸਾਲ ਦੀ ਗੱਲ ਕਰਾਂਗੇ, ਤੁਹਾਡੇ ਨਾਲ ਬੈਠ ਕੇ ਕਰਾਂਗੇ (ਥੰਪਿੰਗ)।

**ਮਾਨਯੋਗ ਸਪੀਕਰ**: ਬੈਠੋ ਮੰਤਰੀ ਜੀ। ਡਾਕਟਰ ਸਾਹਿਬ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ। ਡਾਕਟਰ ਰਾਜ ਕੁਮਾਰ ਜੀ।

**ਡਾਕਟਰ ਰਾਜ ਕੁਮਾਰ**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਮੈਂ ਮੀਤ ਹੇਅਰ ਜੀ ਦੇ ਥੋੜ੍ਹੇ ਅੰਕੜੇ ਠੀਕ ਕਰਨਾ ਚਾਹੁੰਦਾ ਹਾਂ। ਇਹ ਕੈਂਸਰ ਟ੍ਰੇਨ ਦੀ ਗੱਲ ਕਰਦੇ ਹਨ। ਬੜਾ unfortunate ਹੈ ਕਿ ਪੰਜਾਬ ਦੇ ਵਿੱਚ ਕੈਂਸਰ ਹੈ। But Cancer is everywhere in the world and not only in Indl. ਇਨ੍ਹਾਂ ਨੂੰ ਇਹ ਨੋਟ ਕਰ ਲੈਣਾ ਚਾਹੀਦਾ ਹੈ ਕਿ ਦਿੱਲੀ ਦੇ ਵਿੱਚ ਵੀ ਕੈਂਸਰ ਹੈ।ਕੈਂਸਰ ਇੱਕ ਨਾ-ਮੁਰਾਦ ਬਿਮਾਰੀ ਹੈ। ਦਿੱਲੀ ਦੂਜੇ ਨੰਬਰ ਦੀ ਸਟੇਟ ਹੈ, ਜਿਸ ਦੇ ਵਿੱਚ ਸਭ ਤੋਂ ਵੱਧ ਕੈਂਸਰ ਹੈ। ਇਹ ਵੀ ਇਨ੍ਹਾਂ ਨੂੰ ਆਪਣੇ ਜ਼ਿਹਨ ਦੇ ਵਿੱਚ ਜ਼ਰੂਰ ਰੱਖਣਾ ਚਾਹੀਦਾ ਹੈ। ਦੂਸਰੀ ਗੱਲ ਜਿਹੜੀ ਜਿੰਪਾ ਜੀ ਨੇ ਕੀਤੀ ਹੈ। ਜਿਹੜੇ ਸਮੇਂ ਦੀ ਗੱਲ ਜਿੰਪਾ ਜੀ ਕਰਦੇ ਹਨ, ਉਸ ਸਮੇਂ ਜਿੰਪਾ ਜੀ ਦੇ ਗੁਰੂ ਜੀ ਵੀ ਕਾਂਗਰਸ ਪਾਰਟੀ ਦੇ ਵਿੱਚ ਮੰਤਰੀ ਸਨ ਅਤੇ ਇਹ ਆਪ ਇੰਡਸਟਰੀਅਲ ਡਿਪਾਰਟਮੈਂਟ ਦੇ ਵਿੱਚ ਚੇਅਰਮੈਨ ਸਨ(ਥੰਪਿੰਗ)। ਇਨ੍ਹਾਂ ਨੂੰ ਤਾਂ ਸਭ ਕੁਝ ਪਤਾ ਹੀ ਸੀ। ਜਿਹੜਾ ਵੀ ਗੋਲ-ਮਾਲ ਹੋਇਆ ਉਹ ਹੁਸ਼ਿਆਰਪੁਰ constituency ਦੇ ਵਿੱਚ ਹੋਇਆ। ਚੱਬੇਵਾਲ ਹਲਕੇ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਚੱਲੋਂ Jimpa Ji should be thankful to Sunder Sham Arora Ji. ਅੱਜ ਅਰੋੜਾ ਜੀ ਕਰਕੇ ਹੀ ਜਿੰਪਾ ਜੀ ਮੰਤਰੀ ਹਨ।

**ਮਾਨਯੋਗ ਸਪੀਕਰ**: ਠੀਕ ਹੈ ਡਾਕਟਰ ਸਾਹਿਬ। ਹੁਣ ਬਹੁਤ ਹੋ ਗਿਆ, ਅਸੀਂ ਅੱਗੇ ਤੋਰੀਏ। ਹਾਂ ਜੀ, ਜਿੰਪਾ ਜੀ।

**ਜਲ ਸਰੋਤ ਮੰਤਰੀ**: ਜੇ ਵਿਧਾਨ ਸਭਾ ਦੇ ਵਿੱਚ ਗੱਲ ਹੁੰਦੀ ਹੈ ਤਾਂ ਉਹ ਇੱਕ ਹਲਕੇ ਦੀ ਨਹੀਂ ਹੁੰਦੀ। ਡਾਕਟਰ ਸਾਹਿਬ ਦਾ ਹਲਕਾ ਹੁਸ਼ਿਆਰਪੁਰ ਅਤੇ ਚੱਬੇਵਾਲ adjoining ਹੈ।

**ਮਾਨਯੋਗ ਸਪੀਕਰ**: ਠੀਕ ਹੈ ਮੰਤਰੀ ਜੀ। ਹੁਣ ਤੁਸੀਂ ਬੈਠੋ। ਹਾਂ ਜੀ ਬੀਬਾ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ।

**7.15/ਜਸਪਾਲ/28.6.22/ਟਿਵਾਣਾ**

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐੱਸ.ਸੀ):** ਸਪੀਕਰ ਸਾਹਿਬ, ਮੈਂ ਤਾਂ ਇਕੋ ਹੀ ਬੇਨਤੀ ਕਰਨੀ ਚਾਹੁੰਦੀ ਹਾਂ ਜੇ ਹਸਪਤਾਲ ਇਨ੍ਹਾਂ ਦੇ ਨਜ਼ਰੀਏ ਨਾਲ ਬਹੁਤ ਹੀ ਜ਼ਿਆਦਾ ਬਿਹਤਰ ਹੈ ਫਿਰ ਇਨ੍ਹਾਂ ਦੇ ਲੀਡਰ ਆਪਣਾ ਇਲਾਜ ਕਰਵਾਉਣ ਵਾਸਤੇ ਫਾਰਨ ਵਿਚ ਜਾ ਕੇ ਸਾਡੇ ਪੰਜਾਬ ਦੇ ਖਜ਼ਾਨੇ ਉਤੇ ਬੋਝ ਕਿਉਂ ਪਾਉਂਦੇ ਰਹੇ?

**ਮਾਨਯੋਗ ਸਪੀਕਰ:** ਠੀਕ ਹੈ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਜੇ ਆਪਾਂ ਇੱਕ 2400 ਰੁਪਏ ਲੈਣ ਵਾਲੇ ਤੋਂ ਆਸ ਰੱਖਦੇ ਹਾਂ ਕਿ ਇਲਾਜ ਆਪ ਕਰਵਾਵੇ ਤਾਂ ਫਿਰ ਇਹ ਆਪਣਾ ਇਲਾਜ ਆਪ ਕਿਉਂ ਨਹੀਂ ਕਰਵਾ ਸਕਦੇ ?

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਇਹ ਕਹਿਣ ਕਿ ਜਿਹੜੇ ਸਾਡੇ ਲੀਡਰਾਂ ਨੇ ਪੈਸੇ ਲਏ ਹੋਏ ਹਨ ਉਹ ਗਲਤੀ ਨਾਲ ਲਏ ਹਨ, ਇਥੇ ਸਿਸਟਮ ਏਨਾ ਵਧੀਆ ਸੀ, ਉਹ ਪੰਜਾਬ ਦੇ ਸਿਸਟਮ ਨੂੰ ਨਕਾਰ ਕੇ ਆ ਕੇ ਖਜ਼ਾਨੇ ਉਤੇ ਬੋਝ ਪਾ ਕੇ ਗਏ ਹਨ। ਇਹ ਵੀ ਨਾਲ ਹੀ ਕਹਿਣ ਕਿ ਉਥੇ ਸਿਸਟਮ ਬਹੁਤ ਵਧੀਆ ਸੀ ਤੇ ਇਸ ਕਰਕੇ ਬਾਹਰੋਂ ਇਲਾਜ ਕਰਵਾ ਕੇ ਆਏ ਹਨ, ਸਾਡੇ ਸਿਸਟਮ ਨੂੰ ਨਕਾਰ ਕੇ ਗਏ ਹਨ, ਜਿਹੜਾ ਕਰੋੜਾਂ ਦਾ ਬੋਝ ਸਾਡੇ ਖਜ਼ਾਨੇ ਉਤੇ ਪਿਆ ਹੈ, ਉਸ ਦੇ ਲਈ ਅਸੀਂ ਮੰਦਭਾਗਾ ਕਹਿਣ ਦੇ ਹਾਂ ਅਤੇ ਇਹ ਵੀ ਕਹਿਣ।

**ਮਾਨਯੋਗ ਸਪੀਕਰ :** ਬੀਬਾ ਬਲਜਿੰਦਰ ਕੌਰ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਤੁਸੀਂ ਬੈਠੋ। ਹੋ ਗਿਆ। ਆਪਾਂ ਫਿਰ ਕਰ ਲਵਾਂਗੇ। ਡਾਕਟਰ ਸਾਹਿਬ, ਤੁਸੀਂ ਬਹੁਤ ਮਾਨਯੋਗ ਹੋ, ਬਹੁਤ ਮਾਨਯੋਗ ਹੋ, ਇਸ ਦੇ ਵਿਚੋਂ ਨਿਕਲਣਾ ਕੁਝ ਨਹੀਂ, ਇਸ ਵਿਚੋਂ ਨਿਕਲਣਾ ਕੁਝ ਨਹੀਂ । ਪਲੀਜ਼ ਬੈਠ ਜਾਓ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਮਾਨਯੋਗ ਸਪੀਕਰ ਸਾਹਿਬ, ਮੈਂ ਦੋਵੇਂ ਹੱਥ ਜੋੜ ਕੇ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪਹਿਲਾ ਬਜਟ ਔਰ ਉਸ ਜਿਸ ਤੋਂ ਪੰਜਾਬ ਦੇ ਲੋਕਾਂ ਨੂੰ ਬਹੁਤ ਉਮੀਦਾਂ, ਬਹੁਤ ਆਸਾਂ ਔਰ ਪੰਜਾਬ ਉਹ ਧਰਤੀ ਜਿਸ ਨੇ ਹਿੰਦੁਸਤਾਨ ਦੇ ਨਕਸ਼ੇ ਉਤੇ ਹਮੇਸ਼ਾ ਹੀ ਇੱਕ ਇਤਿਹਾਸ ਲਿਖਿਆ ਹੈ, ਯਾਨੀ ਕਿ ਹਿੰਦੁਸਤਾਨ ਦੀ ਅਗਵਾਈ ਕੀਤੀ ਹੈ। ਇਸ ਵਾਰ ਵੀ ਇਹੀ ਹੋਇਆ ਕਿ ਸਾਰੀਆਂ ਪੁਰਾਣੀਆਂ ਪਾਰਟੀਆਂ ਨੂੰ ਨਕਾਰਦੇ ਹੋਏ, ਪੁਰਾਣੀਆਂ ਪਾਰਟੀਆਂ ਦੀਆਂ ਪਾਲਿਸੀਆਂ ਨੂੰ ਨਕਾਰਦੇ ਹੋਏ ਪੰਜਾਬ ਨੇ ਇੱਕ ਬਹੁਤ ਵੱਡਾ ਫਤਵਾ ਦੇ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ । ਮੈਂ ਬਹੁਤ ਰਿਣੀ ਹਾਂ, ਸਾਡੇ ਸੁਪਰੀਮੋ, ਸਾਡੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਤੇ ਮੈਂ ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਬਹੁਤ ਰਿਣੀ ਹਾਂ। ਇਸ ਬਜਟ ਤੋਂ ਬਾਅਦ ਮੈਂ ਦਿਲੋਂ ਆਪਣੇ ਐਫ.ਐਮ.ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ ਉਸ ਬਜਟ ਨੂੰ ਤਿਆਰ ਕਰਨ ਲਈ ਹਰ ਉਸ ਵਰਗ ਦੇ ਨਾਲ ਗੱਲ ਕੀਤੀ, ਹਰ ਉਸ ਵਰਗ ਦੇ ਨਾਲ ਬੈਠਕ ਕੀਤੀ। ਇਹ ਪੰਜਾਬ ਦੇ ਇਤਿਹਾਸ

ਵਿਚ ਪਹਿਲਾ ਬਜਟ ਸਾਬਤ ਹੋਣ ਜਾ ਰਿਹਾ ਹੈ ਜਿਹੜਾ ਲੋਕਾਂ ਦੀ ਕਚਹਿਰੀ ਵਿਚ ਬੈਠ ਕੇ ਬਣਾਇਆ ਗਿਆ ਹੈ। (ਥੰਪਿੰਗ) ਬੇਸ਼ਕ ਮੇਰੇ ਸਾਹਮਣੇ ਆਪੋਜ਼ੀਸ਼ਨ ਥੋੜ੍ਹੀ ਜਿਹੀ ਰਹਿ ਗਈ ਹੈ, ਉਠ ਕੇ ਚਲੇ ਗਏ, ਮੈਂ ਚਾਹੁੰਦੀ ਸੀ ਕਿ ਬੈਠੇ ਰਹਿੰਦੇ ਤਾਂ ਜ਼ਿਆਦਾ ਵਧੀਆ ਸੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਬੈਠੇ ਬੈਠ ਬੋਲੇ। ਅਸੀਂ ਕੇਵਲ ਤੁਹਾਡੇ ਕਰਕੇ ਹੀ ਬੈਠੇ ਹਾਂ ਜੀ।

**ਪ੍ਰੋਫੈਸਰ ਬਲਜਿੰਦਰ ਕੌਰ :** ਧੰਨਵਾਦ, ਵੀਰ ਜੀ। ਇਸ ਦੇ ਵਿਚ ਮੈਂ ਦੇਖ ਰਹੀ ਸੀ ਕਿ ਲਗਾਤਾਰ ਸਿਰਫ ਕਮੀਆਂ ਕੱਢੀਆਂ ਜਾ ਰਹੀਆਂ ਹਨ। ਮੈਨੂੰ ਵੀ ਯਾਦ ਹੈ ਕਿ ਪਿਛਲੇ ਪੰਜ ਸਾਲ ਜਦੋਂ ਮੈਂ ਉਧਰਲੀ ਸਾਈਡ ਬੈਠਦੀ ਹੁੰਦੀ ਸੀ ਤਾਂ ਪੰਜ ਸਾਲ ਗਵਰਨਰ ਐਡਰੈਸ ਵੀ ਪੜ੍ਹੇ ਗਏ, ਪੰਜ ਸਾਲ ਬਜਟ ਵੀ ਪਾਸ ਕੀਤੇ ਗਏ, ਪਰ ਅੱਜ ਮੈਂ ਆਪ ਜੀ ਦੇ ਜ਼ਰੀਏ ਇਸ ਪਵਿੱਤਰ ਸਦਨ ਨੂੰ ਇੱਕ ਗੱਲ ਪੁੱਛਣੀ ਚਾਹੁੰਦੀ ਹਾਂ ਕਿ ਜੋ ਸਰਕਾਰ ਵੱਲੋਂ ਕਿਹਾ ਜਾਂਦਾ ਸੀ, ਸਰਕਾਰ ਵੱਲੋਂ ਜਿਹੜੇ ਬਜਟ ਪਾਸ ਕੀਤੇ ਜਾਂਦੇ ਸੀ, ਉਹ ਕਿੰਨੇ ਕੁ ਲਾਗੂ ਕੀਤੇ ਗਏ ਹਨ।

ਬ.ਕ./ਬ.ਸ/28.6.22/7.20

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਸਾਡੇ ਮੁੱਖ ਮੰਤਰੀ ਸਾਹਿਬ ਉਹ ਮੁੱਖ ਮੰਤਰੀ ਸਾਹਿਬ ਹਨ, ਜਿਹੜੀ ਗੱਲ ਉਹ ਇੱਥੇ ਕਹਿ ਕੇ ਜਾਂਦੇ ਹਨ, ਜਿਹੜੀ ਗੱਲ ਕੁਮਿਟ ਕਰਕੇ ਜਾਂਦੇ ਹਨ, ਜਦੋਂ ਉਹ ਗੱਲ ਲੋਕਾਂ ਦੀ ਕਚਹਿਰੀ ਵਿੱਚ ਜਾਂਦੀ ਹੈ ਤਾਂ ਉਸ ਨੂੰ ਪੂਰਾ ਕਰਨ ਦੀ ਸਮਰੱਥਾ ਜੇਕਰ ਕੋਈ ਰੱਖਦਾ ਹੈ ਤਾਂ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਰੱਖਦੀ ਹੈ।(ਥੰਪਿੰਗ) ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਬਜਟ ਪਾਸ ਹੁੰਦੇ ਸੀ ਤਾਂ ਉਹ ਬਾਹਰ ਜਾ ਕੇ ਸਿਰਫ ਫਲੈਕਸਾਂ ਤੇ ਲੱਗ ਕੇ ਵੱਡੇ ਵੱਡੇ ਪੋਸਟਰ ਬਣ ਕੇ ਉਥੇ ਹੀ ਛਪੇ ਰਹਿ ਜਾਂਦੇ ਸੀ, ਉਨ੍ਹਾਂ ਨੂੰ ਕੋਈ ਪੁੱਛਦਾ ਹੀ ਨਹੀਂ ਸੀ। ਆਮ ਆਦਮੀ ਪਾਰਟੀ ਦੀ ਜਿਹੜੀ ਸਰਕਾਰ ਬਣੀ ਹੈ, ਇਸ ਸਰਕਾਰ ਨੇ ਹਮੇਸ਼ਾ ਹੀ ਏਜੰਡਿਆਂ ਦੀ ਗੱਲ ਕੀਤੀ ਹੈ। ਭਾਵੇਂ ਸਰਕਾਰ ਬਣਾਉਣ ਤੋਂ ਪਹਿਲਾਂ ਇਹ ਗੱਲ ਕਹੀ ਗਈ ਸੀ ਕਿ ਜੇਕਰ ਪੰਜਾਬ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਂਦਾ ਹੈ ਤਾਂ ਇਸ ਪੰਜਾਬ ਸਟੇਟ ਨੂੰ ਉਹ ਸਰਕਾਰ ਦਿੱਤੀ ਜਾਵੇਗੀ, ਉਹ ਮਾਹੌਲ ਦਿੱਤਾ ਜਾਵੇਗਾ ਜਿਹੜਾ ਪੰਜਾਬ ਨੂੰ ਪੂਰੀ ਤਰ੍ਹਾਂ ਭ੍ਰਿਸ਼ਟਾਚਾਰੀ ਅਤੇ ਰਿਸ਼ਵਤਖੋਰੀ ਤੋਂ ਅਜ਼ਾਦ ਕਰਵਾਏਗਾ। ਮੈਂ ਸਾਡੀ ਸਰਕਾਰ ਨੂੰ ਬਹੁਤ ਮੁਬਾਰਕਬਾਦ ਦਿੰਦੀ ਹਾਂ, ਵਧਾਈ ਦਿੰਦੀ ਹਾਂ ਜਿਹੜੀ ਹਰ ਕਦਮ, ਹਰ ਪੈੜ ਤੇ ਕੰਮ ਕਰ ਰਹੀ ਹੈ ਤਾਂ ਕਿ ਭ੍ਰਿਸ਼ਟਾਚਾਰੀ ਨੂੰ ਪੂਰੀ ਤਰ੍ਹਾਂ ਪੰਜਾਬ ਵਿਚੋਂ ਖਤਮ ਕਰ ਦਿੱਤਾ ਜਾਵੇ। ਪਹਿਲਾਂ ਵੀ ਸਰਕਾਰਾਂ ਰਹੀਆਂ ਹਨ, ਪਹਿਲਾਂ ਵੀ ਇਸ ਬਾਰੇ ਗੱਲ ਕੀਤੀ ਜਾਂਦੀ ਰਹੀ ਹੈ ਕਿ ਭ੍ਰਿਸ਼ਟਾਚਾਰੀ ਹੋ ਰਹੀ ਹੈ, ਰਿਸ਼ਵਤਖੋਰੀ ਹੋ ਰਹੀ ਹੈ, ਕੁਰੱਪਸ਼ਨ ਜ਼ੋਰਾਂ ਤੇ ਹੈ ਅਤੇ ਸਰਕਾਰਾਂ ਦਾ ਹਾਲ ਕੀ ਸੀ? ਮੈਂ ਲਾਈਨਾਂ ਪੜ੍ਹ ਰਹੀ

ਸੀ, ਕਿਸੇ ਨੇ ਬੜਾ ਸੋਹਣਾ ਲਿਖਿਆ ਸੀ, ਖਾਸ ਕਰਕੇ ਜਿਹੜੀ ਪਿਛਲੇ ਪੰਜ ਸਾਲ ਕਾਂਗਰਸ ਸਰਕਾਰ ਰਹੀ ਹੈ, ਉਸ ਵਾਸਤੇ ਇੰਨਾ ਸੋਹਣਾ ਲਿਖਿਆ ਹੈ –

*such corruption everywhere, as government grow stronger,*

*and the larger they become, little people are no longer*

ਬਾਕੀ ਸਾਰੇ ਤਾਂ ਕੀੜੇ-ਮਕੌੜੇ ਹੀ ਦਿਖਣ ਲੱਗ ਜਾਂਦੇ ਸਨ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਦੋਂ ਸਾਡੀ ਸਰਕਾਰ ਨੂੰ, ਸਾਡੇ ਮੁੱਖ ਮੰਤਰੀ ਸਾਹਿਬ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੇ ਆਪਣੇ ਹੀ ਮਨਿਸਟਰ ਕਿਤੇ ਨਾ ਕਿਤੇ ਕੁਰੱਪਸ਼ਨ ਵਿੱਚ ਇਨਵਾਲਵਡ ਹਨ ਤਾਂ ਉਨ੍ਹਾਂ ਨੇ ਜ਼ੁਰਅਤ ਕਰਕੇ ਇੰਨਾ ਤਕੜਾ ਫੈਸਲਾ ਲਿਆ ਜਿਹੜਾ ਕਿ ਅੱਜ ਤੱਕ ਕਿਸੇ ਦੇ ਹਿੱਸੇ ਨਹੀਂ ਆਇਆ। ਸਪੀਕਰ ਸਾਹਿਬ, ਅਕਾਲੀ ਦਲ ਦੀ ਸਰਕਾਰ ਰਹੀ ਹੈ ਅਤੇ ਉਹ ਵੀ ਦੌਰ ਸੀ ਜਦੋਂ ਚਿੱਟੀ ਮੱਖੀ ਨੂੰ ਲੈ ਕੇ, ਮਾੜੀਆਂ ਰੇਹਾਂ-ਸਪਰੇਆਂ ਨੂੰ ਲੈ ਕੇ ਖੁਦ ਮਨਿਸਟਰਜ਼ ਦੇ ਨਾਂ ਬੋਲਦੇ ਰਹੇ ਹਨ। ਫੇਰ ਉਹ ਵੀ ਦੌਰ ਚੱਲਿਆ ਜਦੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਘੁਟਾਲੇ ਨੂੰ ਲੈ ਕੇ ਮਨਿਸਟਰ ਸਾਹਿਬਾਨਾਂ ਦੇ ਨਾਂ ਬੋਲਦੇ ਰਹੇ ਪਰ ਸਪੀਕਰ ਸਾਹਿਬ, ਉਸ ਵੇਲੇ ਦੇ ਕੀ ਹਾਲਾਤ ਸਨ ਕਿ ਜੇਬਾਂ ਵਿੱਚ ਇੰਨੀਆਂ ਕਲੀਨ ਚਿੱਟਾਂ ਪਾਈਆਂ ਹੋਈਆਂ ਸਨ, ਜਿੱਥੇ ਜੀਅ ਕਰਦਾ ਸੀ, ਉਹ ਦੇ ਦਿੰਦੇ ਸੀ। ਕਹਿੰਦੇ ਸੀ ਕਿ ਸਾਡੇ ਮਨਿਸਟਰ ਤਾਂ neat and clean ਹਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਮੈਂ proud feel ਕਰਦੀ ਹਾਂ ਕਿ ਜਿਨ੍ਹਾਂ ਨੂੰ ਕਲੀਨ ਚਿਟਾਂ ਦਿੱਤੀਆਂ ਸਨ ਅੱਜ ਉਨ੍ਹਾਂ ਦੀਆਂ ਵਿਜੀਲੈਂਸ ਇਨਕੁਆਇਆਂ ਖੁਲਵਾ ਕੇ ਪੰਜਾਬ ਨੂੰ ਸਪੱਸ਼ਟ ਕਰ ਦਿੱਤਾ ਕਿ ਜੇਕਰ ਸਰਕਾਰ ਚਾਹੇ ਤਾਂ ਭ੍ਰਿਸ਼ਟਾਚਾਰੀ, ਰਿਸ਼ਵਤਖੋਰੀ ਨੂੰ ਜੜ੍ਹਾਂ ਤੋਂ ਖਤਮ ਕਰ ਸਕਦੀ ਹੈ।

ਸਪੀਕਰ ਸਾਹਿਬ, ਇਕ ਹੋਰ ਬੜਾ ਅਹਿਮ ਮਸਲਾ, ਜਿਸ ਬਾਰੇ ਸਰਕਾਰਾਂ ਬੜੇ ਵੱਡੇ ਵੱਡੇ ਦਾਅਵੇ ਕਰਦੀਆਂ ਸਨ ਕਿ ਅਸੀਂ ਪੰਜਾਬ ਵਿਚੋਂ ਬੇਰੁਜ਼ਗਾਰੀ ਖਤਮ ਕਰਨੀ ਹੈ।

**28.6.2022 Karamjit Kaur. Birendra Singh 7.25**

ਪੰਜਾਬ ਵਿੱਚੋਂ ਅਨਇੰਪਲਾਇਮੈਂਟ ਨੂੰ ਐਤਕੀਂ ਪੂਰੀ ਤਰ੍ਹਾਂ ਖਤਮ ਕਰ ਦੇਣਾ ਹੈ। ਨੌਕਰੀਆਂ ਸਬੰਧੀ ਅਖ਼ਬਾਰਾਂ ਵਿੱਚ ਕਾਫ਼ੀ ਵੱਡੇ-ਵੱਡੇ ਇਸ਼ਤਿਹਾਰ ਆਉਂਦੇ ਸੀ। ਪੰਜਾਬ ਦੇ ਵਿਚਾਰੇ ਬੇਰੁਜ਼ਗਾਰ ਸਟੂਡੈਂਟਸ ਨੇ ਬਹੁਤ ਮੇਹਨਤ ਕਰਕੇ ਇਮਤਿਹਾਨਾਂ ਲਈ ਤਿਆਰੀ ਕੀਤੀ। ਮੈਨੂੰ ਯਾਦ ਹੈ ਜਦੋਂ ਪਿਛਲੀ ਸਰਕਾਰ ਨੇ ਪੋਸਟਾਂ ਕੱਢੀਆਂ। ਇਹ ਕਹਿੰਦੇ ਕਿ ਅਸੀਂ ਪਟਵਾਰੀ ਭਰਤੀ ਕਰਦੇ ਹਾਂ, ਢਾਈ ਲੱਖ ਵਿਦਿਆਰਥੀ ਪੰਜਾਬ ਦਾ ਉਹ ਸੀ, ਜਿਸ ਨੇ 1 ਹਜ਼ਾਰ ਤੋਂ ਵੱਧ ਫੀਸ ਜਮ੍ਹਾਂ ਕੀਤੀ ਔਰ ਜਿਸ ਨੇ ਇੱਕ ਅਸਾਮੀ ਲਈ ਨਹੀਂ ਬਲਕਿ ਪੰਜਾਬ ਵਿੱਚ ਪੰਜ-ਪੰਜ ਅਸਾਮੀਆਂ ਲਈ ਫੀਸ ਭਰੀ ਅਤੇ ਜਿਸ ਦਿਨ ਪਟਵਾਰੀ ਦਾ ਪੇਪਰ ਦੇਣ ਜਾਣਾ ਸੀ, ਉਸ ਦਿਨ ਬੱਸਾਂ ਤੇ ਚੜ੍ਹ ਕੇ ਗਏ ਸੀ, ਛੱਤਾਂ ਤੇ ਬੈਠ ਕੇ ਗਏ ਸੀ ਔਰ ਉਨ੍ਹਾਂ ਨੂੰ ਲਗਦਾ ਸੀ ਕਿ

ਸਰਕਾਰ ਸ਼ਾਇਦ ਸਾਨੂੰ ਨੌਕਰੀਆਂ ਦੇਵੇਗੀ, ਸਾਨੂੰ ਪਟਵਾਰੀ ਭਰਤੀ ਕਰੇਗੀ। ਜਿਸ ਦਿਨ ਉਹ ਪੇਪਰ ਹੋਇਆ ਉਸ ਦਿਨ ਤਿਲ ਸੁੱਟਣ ਲਈ ਵੀ ਥਾਂ ਨਹੀਂ ਸੀ। ਪਰ ਅਫਸੋਸ ਕਿ ਉਨ੍ਹਾਂ ਵਿਚਾਰਿਆਂ ਦੀਆਂ ਭਾਵਨਾਵਾਂ ਦਾ ਮਜ਼ਾਕ ਬਣਾਇਆ ਗਿਆ। ਪਟਵਾਰੀ ਤਾਂ ਕੀ ਭਰਤੀ ਕਰਨੇ ਸੀ, ਉਹ ਸਾਰੀਆਂ ਭਰਤੀਆਂ ਹੀ ਲਟਕਾ ਦਿੱਤੀਆਂ। ਫਿਰ ਕਹਿੰਦੇ ਕਿ 700 ਬਿਜਲੀ ਵਿਭਾਗ ਵਿੱਚ ਭਰਤੀ ਕਰਾਂਗੇ। ਫਿਰ ਕਹਿੰਦੇ ਕਾਂਸਟੇਬਲ ਭਰਤੀ ਕਰਾਂਗੇ, ਫਿਰ ਕਹਿੰਦੇ ਕਿ ਕੰਸਟੇਬਲ ਤਾਂ ਛੱਡੋ, ਹੈੱਡ ਕਾਂਸਟੇਬਲ ਦੀ ਜ਼ਿਆਦਾ ਲੋੜ ਹੈ।

ਸਪੀਕਰ ਸਾਹਿਬ, ਮੈਂ ਸਾਡੀ ਸਰਕਾਰ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਆਉਂਦੇ ਸਾਰ ਕੈਬਨਿਟ ਵਿੱਚ ਫੈਸਲਾ ਲੈ ਕੇ 26 ਹਜ਼ਾਰ ਤੋਂ ਵੱਧ ਨੌਕਰੀਆਂ ਦੀ ਤਜਵੀਜ਼ ਪੰਜਾਬ ਨੂੰ ਦਿੱਤੀ ਹੈ। (ਥੰਪਿੰਗ) ਮੈਂ ਧੰਨਵਾਦ ਕਰਦੀ ਹਾਂ ਕਿ ਜਿਹੜੀਆਂ ਪਿਛਲੀ ਸਰਕਾਰ ਵੇਲੇ ਦੀਆਂ ਬਿਜਲੀ ਵਿਭਾਗ ਦੀਆਂ 700 ਅਸਾਮੀਆਂ ਲਟਕ ਰਹੀਆਂ ਸਨ, 1100 ਦੇ ਲਗਭੱਗ ਪਟਵਾਰੀ ਅੱਜ ਟ੍ਰੇਨਿੰਗ ਤੇ ਭੇਜ ਦਿੱਤੇ ਗਏ ਹਨ। ਮੈਂ ਧੰਨਵਾਦ ਕਰਦੀ ਹਾਂ ਕਿ ਸਰਕਾਰ ਨੇ 4300 ਪੁਲਿਸ ਵਿਭਾਗ ਦੀਆਂ ਅਸਾਮੀਆਂ ਨੂੰ ਨੋਟੀਫਿਕੇਸ਼ਨ ਦੇ ਅਧੀਨ ਲਿਆ ਹੈ। ਸਪੀਕਰ ਸਾਹਿਬ, ਗੱਲ ਹੁੰਦੀ ਸੀ ਕਿ ਅਸੀਂ ਪੰਜਾਬ ਵਿਚੋਂ ਬੇਰੁਜ਼ਗਾਰੀ ਖਤਮ ਕਰਾਂਗੇ। ਸਾਡੀ ਸਰਕਾਰ ਦਾ ਧੰਨਵਾਦ, ਜਿਨ੍ਹਾਂ ਨੇ ਉਨ੍ਹਾਂ ਵਿਦਿਆਰਥੀਆਂ ਦੇ ਦੁੱਖ ਨੂੰ ਸਮਝਿਆ ਜਿਹੜੇ ਰਾਤਾਂ ਨੂੰ ਬੈਠ ਕੇ ਪੇਪਰਾਂ ਦੀ ਤਿਆਰੀ ਕਰਦੇ ਰਹੇ, ਪੜ੍ਹਦੇ ਰਹੇ, ਉਨ੍ਹਾਂ ਮਾਂ ਬਾਪ ਦੀ ਹਾਲਾਤ ਨੂੰ ਸਮਝਿਆ ਜਿਨ੍ਹਾਂ ਨੇ ਪੇਪਰਾਂ ਦੀਆਂ ਫੀਸਾਂ ਭਰੀਆਂ ਹੋਣਗੀਆਂ।

ਸਪੀਕਰ ਸਾਹਿਬ, ਗੱਲ ਹੁੰਦੀ ਹੈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ। ਮੇਰੇ ਤੋਂ ਪਹਿਲਾਂ ਪ੍ਰਧਾਨ ਜੀ ਬੋਲ ਕੇ ਹਟੇ ਹਨ, ਉਹ ਜ਼ਿਕਰ ਕਰਦੇ ਸੀ ਕਿ ਸਾਡੀ ਸਰਕਾਰ ਕੁੱਝ ਅਮਾਉਂਟ ਦੀ ਗਰਾਂਟ ਪੰਜਾਬੀ ਯੂਨੀਵਰਸਿਟੀ ਨੂੰ ਦੇ ਕੇ ਹਟੀ ਹੈ। ਮੈਂ ਇਕ ਗੱਲ ਜ਼ਰੂਰ ਕਹਾਂਗੀ ਕਿ ਮੈਨੂੰ ਲਗਦਾ ਕਿ ਕਾਂਗਰਸ ਦੀ ਗਰਾਂਟ ਹਾਲੇ ਪਹੁੰਚੀ ਨਹੀਂ, ਕਿਤੇ ਰਾਹ ਵਿਚ ਹੀ ਰੁਲ ਗਈ।

**28.06.2022/07.30/ਹਰਪ੍ਰੀਤ ਸਿੰਘ/ਰਜਨੀਸ਼ ਕੁਮਾਰ**

ਮੈਂ ਬਹੁਤ ਧੰਨਵਾਦੀ ਹਾਂ ਕਿਉਂਕਿ ਪੰਜਾਬੀ ਯੂਨੀਵਰਸਿਟੀ ਉਹ ਅਦਾਰਾ ਹੈ, ਜਿਸ ਨੇ ਪੰਜਾਬੀ ਭਾਸ਼ਾ ਨੂੰ ਰਿਪ੍ਰੈਜ਼ੇਂਟ ਕੀਤਾ ਹੈ। 200 ਕਰੋੜ ਦੀ ਗਰਾਂਟ ਦੇਣ ਦੀ ਤਜਵੀਜ਼ ਲਈ ਮੈਂ ਸਰਕਾਰ ਦਾ ਬਹੁਤ ਧੰਨਵਾਦ ਕਰਦੀ ਹਾਂ ਕਿਉਂਕਿ ਸਾਡੀ ਪੰਜਾਬੀ ਭਾਸ਼ਾ ਉਹ ਬੋਲੀ ਹੈ,ਜਿਸ ਬਾਰੇ ਮੈਂ ਜਿਨਾ ਵੀ ਬੋਲਾਂ ਉਹ ਥੋੜ੍ਹਾ ਹੋਵੇਗਾ। ਮੈਂ ਕਿਤੇ ਪੜ੍ਹਿਆ ਸੀ –

**ਇਹ ਦਰਿਆਵਾਂ ਦੀ ਰਾਣੀ ਹੈ**

**ਇਹ ਮੂੰਹੋਂ ਬੋਲਦੀ ਸਾਡੇ ਅਮੀਰ ਵਿਰਸੇ ਦੀ ਕਹਾਣੀ ਹੈ**

ਸੋ, ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੀ ਸਰਕਾਰ ਨੇ 16 ਫੀਸਦੀ ਦਾ ਬਜਟ ਉਚੇਰੀ ਸਿੱਖਿਆ ਲਈ ਰੱਖਿਆ ਹੈ ਅਤੇ ਤਕਨੀਕੀ ਸਿੱਖਿਆ ਲਈ 47 ਫੀਸਦੀ ਦੇ ਬਜਟ ਦਾ ਵਾਧਾ ਕੀਤਾ ਹੈ। ਮੈਡੀਕਲ ਸਿੱਖਿਆ ਲਈ ਵੀ ਸਾਡੀ ਸਰਕਾਰ ਨੇ ਪਿਛਲੀ ਸਰਕਾਰ ਨਾਲੋਂ 56 ਫੀਸਦੀ ਵੱਧ ਬਜਟ ਰੱਖਿਆ ਹੈ। ਮੈਂ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸੀ.ਐਮ. ਸਕਾਲਰਸ਼ਿਪ ਦੀ ਤਜਵੀਜ਼ ਜਨਰਲ ਵਰਗ ਦੇ ਲਈ ਲੈ ਕੇ ਆਉਂਦੀ ਹੈ। ਜਨਰਲ ਵਰਗ ਦੇ ਮਾਂ ਬਾਪ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹਨ ਪਰ ਕਈ ਵਾਰ ਉਨ੍ਹਾਂ ਦੇ ਆਰਥਿਕ ਹਾਲਾਤ ਇਹੋ ਜਿਹੇ ਹੁੰਦੇ ਹਨ ਕਿ ਉਹ ਫੀਸਾਂ ਨਹੀਂ ਭਰ ਸਕਦੇ। ਸੋ, ਸੀ.ਐਮ. ਸਕਾਲਰਸ਼ਿਪ ਲਈ ਮੈਂ ਬਹੁਤ ਜ਼ਿਆਦਾ ਧੰਨਵਾਦੀ ਹਾਂ। ਇਸ ਤੋਂ ਬਾਅਦ ਸਿਹਤ ਬਾਰੇ ਗੱਲ ਕਰਾਂਗੀ। ਵਾਰ-ਵਾਰ ਜ਼ਿਕਰ ਹੋਇਆ ਕਿ ਦਿੱਲੀ ਸਰਕਾਰ ਦਿੱਲੀ ਸਰਕਾਰ। ਮੈਨੂੰ ਸਾਹਮਣੇ ਵਾਲੇ ਪਾਸਿਓਂ ਅਵਾਜ਼ਾਂ ਆ ਰਹੀਆਂ ਸੀ, ਡਾ. ਸੁੱਖੀ ਜੀ ਵੀ ਕਹਿ ਰਹੇ ਸੀ ਕਿ ਜਦੋਂ ਕਰੋਨਾ ਸੀ ਤਾਂ ਦਿੱਲੀ ਸਰਕਾਰ ਨੇ ਕੀ ਕੀਤਾ। ਮੈਂ ਇਕ ਗੱਲ ਕਹਿਣਾ ਚਾਹੁੰਦੀ ਹਾਂ ਕਿ ਕੋਵਿਡ ਦੇ ਦਿਨਾਂ ਵਿਚ ਪੰਜਾਬ ਸਰਕਾਰ ਦੇ ਇਹ ਹਾਲਾਤ ਸਨ ਕਿ ਜਿਹੜੀਆਂ ਮਰੀਜ਼ਾਂ ਲਈ ਦਵਾਈਆਂ ਆਈਆਂ, ਉਹਨ੍ਹਾਂ ਦੇ ਵੀ ਸੌਦੇ ਕਰ ਲਏ ਗਏ, ਪਤਾ ਨਹੀਂ ਕਿੱਥੇ ਵੇਚ ਦਿੱਤੀਆਂ ਗਈਆਂ। ਆਕਸੀਮੀਟਰ ਇਕ ਛੋਟਾ ਜਿਹਾ ਜੰਤਰ ਹੈ। ਮੈਨੂੰ ਲਗਦਾ ਹੈ ਕਿ ਇਸ ਦੀ ਇੰਟਰੋਡਕਸ਼ਨ ਪੰਜਾਬ ਦੇ ਹਰ ਘਰ ਤੱਕ ਨਹੀਂ ਸੀ। ਉਸ ਆਕਸੀਮੀਟਰ ਦੀ ਇੰਟਰੋਡਕਸ਼ਨ ਅਤੇ ਉਸ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਜੇਕਰ ਕਿਸੇ ਨੇ ਪਹਿਲਾ ਕਦਮ ਚੁੱਕਿਆ ਤਾਂ that credits goes to AAP. ਸਾਡੀ ਪਾਰਟੀ ਨੇ ਇਸ ਦੀ ਸ਼ੁਰੂਆਤ ਕੀਤੀ। (ਥੰਪਿੰਗ) ਜੇਕਰ ਸਿਹਤ ਅਤੇ ਸਿੱਖਿਆ ਨੂੰ ਲੈ ਕੇ ਕੋਈ ਸੁਹਿਰਦ ਰਿਹਾ ਹੈ ਤਾਂ ਉਹ ਆਮ ਆਦਮੀ ਪਾਰਟੀ ਹੈ। ਜੇਕਰ ਦਿੱਲੀ ਦੀ ਗੱਲ ਕਰਦੇ ਹਾਂ ਤਾਂ ਆਪੋਜ਼ੀਸ਼ਨ ਥੋਹੜੀ ਔਖੀ ਹੁੰਦੀ ਦਿਸਦੀ ਹੈ ਪਰ ਇਹ ਬਹੁਤ ਵੱਡੀ ਸੱਚਾਈ ਹੈ। ਮੁਹੱਲਾ ਕਲੀਨਿਕ ਆਮ ਆਦਮੀ ਪਾਰਟੀ ਦੀ ਸਰਕਾਰ ਬੜੀ ਜਲਦੀ ਸ਼ੁਰੂ ਕਰਨ ਜਾ ਰਹੀ ਹੈ। ਪਿਛਲੇ 75 ਸਾਲਾਂ ਵਿਚ ਜਿੱਥੇ ਚੰਗੇ ਸਰਕਾਰੀ ਹਸਪਤਾਲ ਨਾ ਬਣੇ ਹੋਣ ਤਾਂ ਉਥੇ ਮੁਹੱਲਾ ਕਲੀਨਿਕ ਬਣਨਾ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਗੱਲ ਨੂੰ ਲਾਜ਼ਮੀ ਬਣਾਇਆ ਕਿ ਖੇਤੀਬਾੜੀ ਖੇਤਰ ਦੀ ਮੁਫ਼ਤ ਬਿਜਲੀ ਨੂੰ ਜਾਰੀ ਰੱਖਿਆ ਜਾਵੇਗਾ। ਮੈਂ ਇਸ ਗੱਲ ਲਈ ਵੀ ਸਰਕਾਰ ਦੀ ਬਹੁਤ ਜ਼ਿਆਦਾ ਰਿਣੀ ਹਾਂ ਕਿਉਂਕਿ ਸਪੀਕਰ ਸਾਹਿਬ, ਡੇਢ ਕੁ ਮਹੀਨਾ ਪਹਿਲਾਂ ਦੀ ਗੱਲ ਹੈ, ਬਹੁਤ ਰੌਲਾ ਪੈਂਦਾ ਸੀ ਤੇ ਕਿਹਾ ਜਾਂਦਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ, ਹੁਣ ਅਸੀਂ ਦੇਖਦੇ ਹਾਂ ਕਿ ਇਹ ਬਿਜਲੀ ਕਿਵੇਂ ਪੂਰੀ ਕਰਦੇ ਹਨ। ਇਥੋਂ ਤੱਕ ਕਿਹਾ ਜਾਂਦਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ ਤਾਂ ਬੱਤੀਆਂ ਬੰਦ।

**ਅ.ਕ/ਰ.ਕ/7.35/28.6.2022**

ਪਰ ਮੈਂ ਬਹੁਤ ਜ਼ਿਆਦਾ ਧੰਨਵਾਦੀ ਹਾਂ ਕਿ 96 ਘੰਟੇ ਲਗਾਤਾਰ ਬਿਜਲੀ ਉਨ੍ਹਾਂ ਕਿਸਾਨਾਂ ਨੂੰ ਦਿੱਤੀ ਗਈ ਹੈ ਜਿਨ੍ਹਾਂ ਨੇ ਆਪਣੇ ਝੋਨੇ ਦੀ ਬਿਜਾਈ ਕਰਨੀ ਸੀ। Speaker Sahib, It is on record. (Thumping).

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜੇ ਹੋ ਕੇ ਕੁਝ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਪ੍ਰੋਫੈਸਰ ਬਲਜਿੰਦਰ ਕੌਰ:** ਬੈਠ ਜਾਓ, ਪ੍ਰਧਾਨ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਸਪੀਕਰ:** ਬੈਠੋ, ਰਾਜਾ ਜੀ।

**ਪ੍ਰੋਫੈਸਰ ਬਲਜਿੰਦਰ ਕੌਰ:** ਪ੍ਰਧਾਨ ਜੀ, ਇਸ ਦੀ ਤੁਹਾਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਹੈ। ਮੈਂ ਬਜਟ ਤੇ ਹੀ ਆ ਰਹੀ ਹਾਂ। Conclusion ਮੈਂ ਹੀ ਦੇਣਾ ਹੈ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਸਪੀਕਰ:** ਬੀਬਾ ਜੀ, ਚੇਅਰ ਨੂੰ ਐਡਰੈਸ ਕਰੋ।

**ਪ੍ਰੋਫੈਸਰ ਬਲਜਿੰਦਰ ਕੌਰ:** ਸੌਰੀ, ਸਪੀਕਰ ਸਾਹਿਬ, ਮੈਂ ਦੱਸਦੀ ਹਾਂ ਇਨ੍ਹਾਂ ਨੂੰ ਦੁੱਖ ਤਾਂ ਲੱਗਿਆ ਜਦੋਂ ਇਹ ਮੈਂ ਇਹ ਕਹਿ ਦਿੱਤਾ ਕਿ 96 ਪਰਸੈਂਟ ਬਿਜਲੀ ਲਗਾਤਾਰ ਦਿੱਤੀ ਗਈ ਹੈ, ਜੋ ਕੇ ਕਿਸੇ ਨੇ ਲਗਾਤਾਰ ਨਹੀਂ ਦਿੱਤੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਸਪੀਕਰ:** ਬੈਠੋ, ਬੈਠੋ, ਬੈਠੋ, ਬੈਠੋ, ਬੈਠੋ। ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ):** ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬੀਤ ਚੁੱਕਾ ਕੱਲ੍ਹ ਹੈ, ਇਸ ਦਿਨ ਪੰਜਾਬ ਦੇ ਵਿੱਚ ਰਿਕਾਰਡ ਤੋੜ ਬਿਜਲੀ ਸਪਲਾਈ ਕੀਤੀ ਗਈ ਹੈ। ਇਤਿਹਾਸ ਦੇ ਵਿੱਚ ਰਿਕਾਰਡ ਬਣਿਆ ਕਿ 14000 ਤੋਂ ਵੱਧ ਮੈਗਾਵਾਟ ਬਿਜਲੀ ਕੱਲ੍ਹ ਬਿਜਲੀ ਬੋਰਡ ਨੇ ਸਪਲਾਈ ਕੀਤੀ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**ਮਾਨਯੋਗ ਸਪੀਕਰ:** ਰਾਜਾ ਜੀ, ਤੁਸੀਂ ਬੈਠੋ। ਜੋ ਕੁਝ ਅਤੇ ਜੋ ਸ਼ਬਦ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲੇ ਗਏ ਹਨ, ਉਹ ਰਿਕਾਰਡ ਨਾ ਕੀਤੇ ਜਾਣ। ਬੀਬੀ ਜੀ, ਤੁਸੀਂ continue ਕਰੋ।

**ਪ੍ਰੋਫੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਅਸਲ ਵਿੱਚ ਮੈਂ ਗੱਲ ਕਰ ਰਹੀ ਸੀ ਕਿ ਪਿਛਲੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਬਹੁਤ ਤਰਸਾਇਆ ਹੈ। ਜਦੋਂ ਉਨ੍ਹਾਂ ਨੂੰ 8 ਘੰਟੇ ਬਿਜਲੀ ਚਾਹੀਦੀ ਸੀ ਤਾਂ ਉਹ ਲਗਾਤਾਰ ਸੰਘਰਸ਼ ਕਰਦੇ ਸੀ, ਧਰਨਿਆਂ ਤੇ ਬੈਠਦੇ ਸੀ। ਸੋ, ਇਸ ਕਰਕੇ ਜ਼ਿਆਦਾ ਤਕਲੀਫ ਹੋ ਗਈ ਜਦੋਂ ਮੈਂ 96 ਘੰਟਿਆਂ ਦੀ ਗੱਲ ਕੀਤੀ। ਇਹ ਬਿਲਕੁਲ ਕਹਿਣ ਦੀ ਗੱਲ ਹੈ, it is on record. ਮੈਂ ਬਹੁਤ ਧੰਨਵਾਦੀ ਹਾਂ ਅਤੇ ਬਹੁਤ ਰਿਣੀ ਹਾਂ। ਸਪੀਕਰ ਸਾਹਿਬ, ਇੱਕ ਮੈਂ ਹੋਰ ਬਹੁਤ ਖਾਸ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਹੜਾ ਕਿ ਮੈਂ ਕੱਲ੍ਹ ਪਰਸੋਂ ਵੀ ਇਸ ਏਜੰਡੇ ਤੇ ਬੋਲੀ ਸੀ ਕਿ 90% ਪਿੰਡ ਤਲਵੰਡੀ ਸਾਬੋ ਦੇ ਟੇਲਾਂ ਤੇ ਪੈਂਦੇ ਹਨ, ਜਿੱਥੇ ਪਾਣੀ ਨਹੀਂ ਪਹੁੰਚਦਾ ਸੀ। ਬਜਟ ਦੇ ਵਿੱਚ ਇੱਕ ਪਰਾਪਰ ਪੈਰ੍ਹਾ ਬਣਾਇਆ ਗਿਆ ਹੈ, ਜਿਹੜਾ ਕਿ ਮੈਂ ਹੁਣ ਪੜ੍ਹਨਾ ਚਾਹਾਂਗੀ। "ਕੋਟਲਾ ਬਰਾਂਚ ਭਾਗ-2, ਇਸ ਪ੍ਰੋਜੈਕਟ ਦੇ ਤਹਿਤ ਜਲ ਮਾਰਗਾਂ ਦੀ ਲਾਈਨਿੰਗ ਲਈ ਇਸ ਬਜਟ ਵਿੱਚ 18 ਕਰੋੜ ਰੁਪਏ ਦੀ ਤਜਵੀਜ਼ ਰੱਖੀ ਗਈ ਹੈ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਕੰਮ ਮਿਤੀ 31.3.2025 ਤੱਕ ਮੁਕੰਮਲ ਹੋਣ ਦੀ ਉਮੀਂਦ ਹੈ। ਜਿਸ ਨਾਲ ਜ਼ਿਲਾ ਬਠਿੰਡਾ, ਮਾਨਸਾ, ਸੰਗਰੂਰ ਅਤੇ ਬਰਨਾਲਾ ਦੀ 1.43 ਲੱਖ ਹੈਕਟੇਅਰ ਜ਼ਮੀਨ ਨੂੰ ਸਿੰਚਾਈ ਦੀਆਂ ਬਿਹਤਰ ਸਹੂਲਤਾਂ ਮਿਲਣਗੀਆਂ" ਸਪੀਕਰ ਸਾਹਿਬ, ਇਸ ਦੇ ਲਈ ਮੈਂ ਬਹੁਤ ਧੰਨਵਾਦੀ ਹਾਂ।

**7.40 / 28.06.2022(AS)ਤਰਲੋਚਨ ਸਿੰਘ / ਮੋਨਿਕਾ ਸ਼ਰਮਾ**

ਸਪੀਕਰ ਸਾਹਿਬ, ਪਿਛਲੇ ਪੰਜ ਸਾਲ ਮੈਂ ਲਗਾਤਾਰ ਇਸ ਹਾਊਸ ਵਿੱਚ ਸਰਕਾਰ ਅੱਗੇ ਅਰਜ਼ ਕਰਦੀ ਸੀ ਕਿ ਪਾਣੀ ਮੁਹੱਈਆ ਕਰਵਾਇਆ ਜਾਵੇ ਪਰ ਕਦੇ ਵੀ ਕੋਈ ਜਵਾਬ/ਉਤਰ ਨਹੀਂ ਮਿਲਦਾ ਸੀ।

ਅਖੀਰ ਤੇ ਮੈਂ ਇੱਕੋ ਗੱਲ ਕਹਾਂਗੀ ਕਿ ਮੈਂ ਦੇਖ ਰਹੀ ਹਾਂ ਕਿ ਆਪੋਜ਼ੀਸ਼ਨ ਹਰ ਗੱਲ ਵਿੱਚ ਬੋਲਦੀ ਹੈ।

**ਮਾਨਯੋਗ ਸਪੀਕਰ** : ਵਾਈਂਡ ਅੱਪ ਕਰ ਦਿਉ ਜੀ।

**ਪ੍ਰੋਫੈਸਰ ਬਲਜਿੰਦਰ ਕੌਰ** : ਠੀਕ ਹੈ ਜੀ। ਆਪੋਜ਼ੀਸ਼ਨ ਹਰ ਗੱਲ ਵਿੱਚ ਬੋਲਦੀ ਹੈ। ਕਦੇ ਉਹ ਧਰਨੇ ਲਗਾ ਕੇ ਕਹਿੰਦੇ ਹਨ ਕਿ ਸਰਕਾਰ ਗਲਤ ਹੈ ਅਤੇ ਕਦੇ ਇਹੋ ਜਿਹੀ ਸ਼ਬਦਾਵਲੀ ਹੁੰਦੀ ਹੈ ਕਿ ਵਾਰ ਵਾਰ ਸਾਬਤ ਕਰ ਦਿੰਦੇ ਹਨ ਕਿ ਸਰਕਾਰ ਗਲਤ ਹੈ ਪਰ ਮੈਂ ਕਹਾਂਗੀ ਕਿ ਆਪੋਜ਼ੀਸ਼ਨ ਦਾ ਮਕਸਦ ਇਹੀ ਨਹੀਂ ਹੁੰਦਾ ਕਿ ਹਰ ਗੱਲ ਵਿੱਚ ਗਲਤੀ ਲੱਭੇ। ਬਲਕਿ ਆਪੋਜ਼ੀਸ਼ਨ ਉਹ ਹੁੰਦੀ ਹੈ ਕਿ ਜੇਕਰ ਸਰਕਾਰ ਕੁਝ ਗਲਤ

ਕਰਦੀ ਹੈ ਤਾਂ ਆਪੋਜ਼ੀਸ਼ਨ ਸਰਕਾਰ ਨੂੰ ਜਗਾਵੇ। ਪਰ ਜੇ ਕੁਝ ਚੰਗਾ ਕਰਦੀ ਹੈ ਤਾਂ ਉਸ ਦੀ ਐਪਰੀਸੇਸ਼ਨ ਕਰਨਾ ਵੀ ਉਸ ਦਾ ਫਰਜ਼ ਬਣਦਾ ਹੈ। ਸਾਡਾ ਸਾਰਿਆਂ ਦਾ ਸਿੱਧਾ ਜਿਹਾ ਮਕਸਦ ਹੈ।

We have to move towards a Punjab where our women are safe and healthy.We have to move towards a Punjab where our farmers are prosperous and respected and of course towards Punjab that is fearless and proud
Thank you Speaker Sahib. (Thumping)

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) :** ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਧੰਨਵਾਦੀ ਹਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ, ਭੈਣ ਕੁਮਾਰੀ ਮਾਇਆਵਤੀ ਜੀ ਦਾ ਜਿਨ੍ਹਾਂ ਕਰਕੇ ਮੈਂ ਇੱਥੇ ਪਹੁੰਚਿਆ ਹਾਂ। ਸਰਕਾਰ ਨੇ ਆਪਣੀ ਮਨਸ਼ਾ ਪ੍ਰਗਟ ਕੀਤੀ ਹੈ ਕਿ ਅਸੀਂ ਬਾਬਾ ਸਾਹਿਬ ਦੇ ਸੁਪਨਿਆਂ ਦਾ ਪੰਜਾਬ ਚਾਹੁੰਦੇ ਹਾਂ। ਬਾਬਾ ਸਾਹਿਬ ਦੇ ਸੁਪਨਿਆਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਅਤੇ ਪੁਸਤਕਾਂ ਤੋਂ ਪਤਾ ਲੱਗਦਾ ਹੈ। ਉਨ੍ਹਾਂ ਨੇ ਕਿਹਾ ਕਿ ਬਜਟ ਦਾ ਹਿੱਸਾ ਆਬਾਦੀ ਦੇ ਅਨੁਪਾਤ ਅਨੁਸਾਰ ਵੰਡਣਾ ਚਾਹੀਦਾ ਹੈ। ਸਰਕਾਰੀ ਠੇਕੇਦਾਰੀ ਵਿੱਚ ਰਾਖਵਾਂਕਰਨ ਹੋਣਾ ਚਾਹੀਦਾ ਹੈ। ਕਿੱਤਾ ਮੁੱਖੀ ਕੋਰਸਾਂ, ਉੱਚ ਸਿੱਖਿਆ, ਵਜ਼ੀਫੇ, ਵਿਦੇਸ਼ਾਂ ਲਈ ਕਰਜ਼ੇ ਚਾਹੀਦੇ ਹਨ। ਮਾਨਯੋਗ ਸਮਾਜਕ ਸੁਰੱਖਿਆ ਮੰਤਰੀ ਸਾਹਿਬ ਭੈਣ ਜੀ ਨੇ ਦੱਸਿਆ ਕਿ ਅਸੀਂ 1563 ਕਰੋੜ ਰੁਪਿਆ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਦੇਣਾ ਹੈ ਪਰ ਸਿਰਫ 640 ਕਰੋੜ ਰੁਪਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਇਸ ਵਿੱਚ ਅਗਲੀ ਵਾਰ ਵਾਧਾ ਕਰਨਾ ਚਾਹੀਦਾ ਹੈ।

ਇਹੋ ਓ.ਬੀ.ਸੀ. ਸ਼੍ਰੇਣੀਆਂ ਦੇ ਨਾਲ ਹੋਇਆ ਹੈ। ਬਾਬਾ ਸਾਹਿਬ ਦਾ ਸੁਪਨਾ ਸੀ ਕਿ reservation in promotion, ਜਿਹੜੀ 85ਵੀਂ ਸੰਵਿਧਾਨਿਕ ਸੋਧ ਹੈ, ਇਹ ਪੰਜਾਬ ਵਿੱਚ ਲਾਗੂ ਹੋਣੀ ਚਾਹੀਦੀ ਹੈ। ਇਸ ਕਰਕੇ ਸੰਵਿਧਾਨ ਦੀ ਧਾਰਾ 340 ਤਹਿਤ ਬਣਿਆ ਮੰਡਲ ਕਮਿਸ਼ਨ, ਜਿਸ ਤਹਿਤ ਓ.ਬੀ.ਸੀ. ਸ਼੍ਰੇਣੀਆਂ ਲਈ ਸਾਢੇ 27% ਦੇ ਰਾਖਵੇਂਕਰਨ ਦਾ ਉਪਬੰਧ ਹੈ, ਇਹ ਸਾਡੀ ਰਾਜਧਾਨੀ ਚੰਡੀਗੜ੍ਹ ਅਤੇ ਹੋਰ ਸੂਬਿਆਂ ਵਿੱਚ ਤਾਂ ਲਾਗੂ ਹੈ ਪਰ ਪੰਜਾਬ ਵਿੱਚ ਲਾਗੂ ਨਹੀਂ ਹੈ।

ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ, ਅਨੁਸੂਚਿਤ ਜਾਤੀ ਨੂੰ ਪੰਚਾਇਤੀ ਜ਼ਮੀਨਾਂ ਦਾ ਇੱਕ ਤਿਹਾਈ ਹਿੱਸਾ, ਪਿੰਡਾਂ ਵਿੱਚ ਹੋ ਰਹੇ ਝਗੜਿਆਂ ਨੂੰ ਰੋਕਣਾ ਅਤੇ ਅਸ਼ੀਰਵਾਦ ਸਕੀਮ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੇ ਦੱਸਿਆ ਸੀ ਕਿ ਲਗਭਗ 43640 ਕੇਸ ਪੈਂਡਿੰਗ ਹਨ, ਉਨ੍ਹਾਂ ਲਈ 219 ਕਰੋੜ ਲੋੜੀਂਦੇ ਹਨ ਪਰ ਬਜਟ ਵਿੱਚ ਸਿਰਫ 150 ਕਰੋੜ ਰੁਪਿਆ ਰੱਖਿਆ ਗਿਆ ਹੈ।

ਇਸੇ ਤਰ੍ਹਾਂ ਪੰਜਾਬ ਪੁਲਿਸ ਦੀ ਨਵੀਂ ਭਰਤੀ, ਲਾਅ ਅਫ਼ਸਰਾਂ ਦੀ ਭਰਤੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਪੰਜਾਬ ਵਿੱਚ ਮੁਲਾਜ਼ਮਾਂ ਨੂੰ ਵੀ ਬਹੁਤ ਆਸਾਂ ਸੀ ਅਤੇ ਉਨ੍ਹਾਂ ਦੀਆਂ ਆਸਾਂ ਤੇ ਵੀ ਇਹ ਬਜਟ ਪੂਰਾ ਨਹੀਂ ਉਤਰਦਾ।

ਮੈਂ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਤੋਂ ਆਉਂਦਾ ਹਾਂ। ਇਸ ਜ਼ਿਲ੍ਹੇ ਦੇ ਲੋਕਾਂ ਨੂੰ ਉਮੀਦ ਸੀ ਕਿ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਉਥੇ ਸਹੁੰ ਚੁੱਕੀ ਹੈ ਤਾਂ ਉਨ੍ਹਾਂ ਲਈ ਯੂਨੀਵਰਸਿਟੀ, ਮੈਡੀਕਲ ਕਾਲਜ ਜਾਂ ਇੰਡਸਟਰੀ ਦਾ ਇਸ ਬਜਟ ਪ੍ਰਾਵਧਾਨ ਹੋਵੇਗਾ ਪਰੰਤੂ ਐਸਾ ਨਹੀਂ ਹੈ। ਪਰ ਫਿਰ ਵੀ ਮੈਂ ਮਾਨਯੋਗ ਮੁੱਖ ਮੰਤਰੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਅੱਜ ਸਦਨ ਵਿੱਚ ਆਸ਼ਵਾਸਨ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨੂੰ ਇੱਕ ਮੈਡੀਕਲ ਕਾਲਜ ਦਿੱਤਾ ਜਾਵੇਗਾ। ਇਸ ਕਰਕੇ ਇਹ ਬਜਟ ਜੋ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ, ਇਸ ਵਿੱਚ ਚੰਗੀਆਂ ਗੱਲਾਂ ਹਨ, ਉਨ੍ਹਾਂ ਨੂੰ ਐਪਰੀਸ਼ੇਟ ਕਰਦੇ ਹਾਂ ਅਤੇ ਜਿਹੜੀਆਂ ਗੱਲਾਂ ਐਡੀਸ਼ਨ ਕਰਨ ਵਾਲੀਆਂ ਹਨ, ਉਨ੍ਹਾਂ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਐਡ ਕੀਤਾ ਜਾਵੇ।

**ਮ/ਮ.ਸ਼./7.45/28.06.2022**

ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇਸ ਸਦਨ ਦੇ ਅੰਦਰ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਆਪਾਂ ਸਾਰੇ ਬਹੁਤ ਹੀ ਸਿਆਣੇ, ਸੂਝਵਾਨ ਔਰ ਵਧੀਆ ਵਕਤਾ ਹਾਂ, ਜਿਹੜੇ ਵਧੀਆ ਜਾਣਕਾਰੀ ਦਿੰਦੇ ਹਨ, ਸਾਨੂੰ ਲੈਣੀ ਚਾਹੀਦੀ ਹੈ ਔਰ ਆਪਸ ਵਿੱਚ ਮਨ-ਮੁਟਾਵ ਜਾਂ ਕਲਹ-ਕਲੇਸ਼ ਨਹੀਂ ਕਰਨੀ ਚਾਹੀਦੀ। ਸਪੀਕਰ ਸਾਹਿਬ, ਤੁਸੀਂ ਬਹੁਤ ਹੀ ਸਿਆਣੇ, ਸੂਝਵਾਨ ਹੋ ਕਿ ਤੁਹਾਡੀ ਰਹਿਨੁਮਾਈ ਦੇ ਅੰਦਰ, ਇਸ ਸਦਨ ਦੇ ਅੰਦਰ ਜਿਹੜਾ ਤੁਸੀਂ ਮੈਨੂੰ ਸਮਾਂ ਸੀਮਾ ਦਿੰਦੇ ਹੋ ਉਸ ਵਿੱਚ ਅਸੀਂ ਬੋਲਣ ਦਾ ਤੇ ਆਪਣੀ ਗੱਲ ਰੱਖਣ ਦਾ ਯਤਨ ਕਰਦੇ ਹਾਂ। ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਆਪਣੇ ਭਾਸ਼ਣ ਅਤੇ ਜੋ ਲਿਖਤਾਂ ਲਿਖੀਆਂ ਹਨ, ਉਸ ਦੇ 17 ਵਾਲਿਊਮ ਅੰਗਰੇਜ਼ੀ ਅਤੇ ਹਿੰਦੀ ਦੇ 21 ਵਾਲਿਊਮ ਭਾਰਤ ਸਰਕਾਰ ਨੇ ਛਾਪੇ ਹਨ, ਆਉਣ ਵਾਲੇ ਸਮੇਂ ਵਿੱਚ ਮੇਰੀ ਤੁਹਾਨੂੰ ਬੇਨਤੀ ਹੈ ਕਿ ਉਸ ਨੂੰ ਪੰਜਾਬੀ ਵਿੱਚ ਵੀ ਛਪਾਇਆ ਜਾਵੇ। ਤੁਸੀਂ ਮੈਨੂੰ ਸਮਾਂ ਦਿੱਤਾ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹੋਇਆ ਰਜ਼ਾ ਲੈਂਦਾ ਹਾਂ। ਜੈ ਭੀਮ, ਜੈ ਭਾਰਤ।

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਹਾਂ ਜੀ, ਮੰਤਰੀ ਸਾਹਿਬ ਬੋਲਣਾ ਚਾਹੁੰਦੇ ਹਨ। ਕੋਈ ਛਿੰਜੜੀ ਨਾ ਛੇੜਿਓ। ਡਿਸਕਸ਼ਨ ਚਲੀ ਜਾਂਦੀ ਹੈ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਮੈਂ ਤਾਂ ਪ੍ਰਧਾਨ ਜੀ ਵੱਲ ਵੇਖਦਾ ਸੀ।

**ਮਾਨਯੋਗ ਸਪੀਕਰ:** ਤੁਸੀਂ ਇੱਧਰ ਵੇਖਿਆ ਕਰੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ:** ਤੁਹਾਡੇ ਵੱਲ ਵੇਖ ਲੈਂਦੇ ਹਾਂ ਜੀ। ਮੈਂ ਤਾਂ ਪ੍ਰਧਾਨ ਜੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇਸ਼ਾਰਾ) ਨੂੰ ਇਹ ਕਹਿਣਾ ਸੀ ਕਿ ਇਹ ਜਦੋਂ ਟਰਾਂਸਪੋਰਟ ਮੰਤਰੀ ਸਨ ਤਾਂ ਇਨ੍ਹਾਂ ਨੇ ਬਾਦਲਾਂ ਦੀਆਂ ਬੜੀਆਂ ਬੱਸਾਂ ਫੜੀਆਂ ਸਨ, ਉਹ ਕਿੱਥੇ ਖੜਾ ਦਿੱਤੀਆਂ ਹਨ, ਉਹ ਦੇ ਦਿਓ ਤਾਂ ਕਿ ਉਨ੍ਹਾਂ ਬੱਸਾਂ ਨੂੰ ਵੀ ਚਲਾ ਦੇਈਏ। ਉਹ ਕਿੱਥੇ ਛੱਡ ਆਏ ਹੋ? ਤੁਸੀਂ ਬੱਸਾਂ ਬੜੀਆਂ ਫੜੀਆਂ ਸਨ। ਮੈਂ ਇੱਕ ਮਹੀਨੇ ਦੀਆਂ ਅਖਬਾਰਾਂ ਲੈ ਆਉਣੀਆਂ ਹਨ ਜਿਸ ਵਿੱਚ ਰੋਜ਼ ਖਬਰ ਹੁੰਦੀ ਸੀ ਕਿ ਰਾਜਾ ਵੜਿੰਗ ਨੇ ਆਹ ਕਰ ਦਿੱਤਾ, ਆਹ ਕਰ ਦਿੱਤਾ। ਮਹਾਰਾਜ ਬੱਸਾਂ ਤਾਂ ਦਿਖਾ ਦਿਓ ਕਿ ਉਹ ਬੱਸਾਂ ਕਿੱਥੇ ਚਲੀਆਂ ਗਈਆਂ ਹਨ। (ਹਾਸਾ)

**ਮਾਨਯੋਗ ਸਪੀਕਰ:** ਚਲੋ ਬੈਠੋ, ਬੈਠੋ। ਆਪਾਂ ਡਿਸਕਸ਼ਨ ਨੂੰ ਅੱਗੇ ਤੋਰੀਏ, ਸਮਾਂ ਬਹੁਤ ਥੋੜਾ ਰਹਿ ਗਿਆ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਔਰ ਸੱਚਮੁੱਚ ਇਹ ਜਿਹੜਾ ਬਜਟ ਹੈ ਇਸ ਨੂੰ ਅਸੀਂ ਲੋਕ ਪੱਖੀ ਔਰ ਪੰਜਾਬ ਪੱਖੀ ਔਰ ਜਿੰਨੇ ਵੀ ਵਰਗ ਪੰਜਾਬ ਵਿੱਚ ਹਨ, ਸਾਰਿਆਂ ਦੇ ਪੱਖੀ ਅਸੀਂ ਕਹਿ ਸਕਦੇ ਹਾਂ। ਔਰ ਜੇਕਰ ਗੱਲ ਸ਼ੁਰੂ ਕਰਾਂ ਤਾਂ ਤੁਸੀਂ ਜਾਣਦੇ ਹੋ ਕਿ ਪੰਜਾਬ ਵਿੱਚ ਮੁੱਖ ਕਿੱਤਾ ਖੇਤੀਬਾੜੀ ਦਾ ਹੈ ਔਰ ਅੱਜ ਤੱਕ ਪੰਜਾਬ ਵਿੱਚ ਬੜੇ ਬਜਟ ਪੜ੍ਹੇ ਗਏ ਹਨ। ਬਜਟ ਜਦੋਂ ਪੜ੍ਹਿਆ ਜਾਂਦਾ ਹੈ ਤਾਂ ਅਸੀਂ ਬੜੇ ਧਿਆਨ ਨਾਲ ਸੁਣਦੇ ਹਾਂ। ਇੱਕ ਸਾਡੇ ਇਲਾਕੇ ਵਿੱਚ ਪਿੰਡ ਕੁਕਰ ਮਜਾਰਾ ਹੈ, ਉੱਥੇ ਇੱਕ ਬੰਦੇ ਦਾ ਨਾਂ ਠੇਨੂ ਸੀ। (ਵਿਘਨ) ਮੈਂ ਆਪਣੇ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਆਪੋਜ਼ੀਸ਼ਨ ਵਾਲੇ ਮੈਂਬਰ ਭਾਵੇਂ ਬੋਲ ਲੈਣ ਪਰ ਆਪਣੇ ਮੈਂਬਰ ਨਾ ਬੋਲਣ ਕਿਉਂਕਿ ਇਹ ਮੈਨੂੰ ਘੱਟ ਬੋਲਣ ਦਿੰਦੇ ਹਨ। ਹੁਣ ਤਾਂ ਸਮਾਂ ਕੁਝ ਬਦਲ ਗਿਆ ਹੈ ਪਰ ਪਿੰਡਾਂ ਵਿੱਚ ਕੀ ਹੁੰਦਾ ਹੈ ਕਿ ਜਦੋਂ ਸਰਦੀਆਂ ਦਾ ਸਮਾਂ ਹੁੰਦਾ ਹੈ ਤਾਂ ਪਹਿਲੇ ਸਮਿਆਂ ਵਿੱਚ ਪਸ਼ੂਆਂ ਦੇ ਨੀਚੇ ਸਰਦੀਆਂ ਵਿੱਚ ਟਾਹਲੀਆਂ ਦੇ ਥੱਲਿਓਂ ਪੱਤੇ ਇਕੱਠੇ ਕਰਕੇ ਪਾਏ ਜਾਂਦੇ ਸਨ ਤਾਂ ਜੋ ਪਸ਼ੂ ਨੂੰ ਨਿੱਘ ਰਹੇ। ਇੱਕ ਵਾਰੀ ਠੇਨੂ ਨੂੰ ਪੱਤੇ ਲੈਣ ਲਈ ਭੇਜਿਆ ਤਾਂ ਨਾ ਠੇਨੂ ਆਇਆ ਤੇ ਨਾ ਹੀ ਪੱਤੇ ਆਏ। (ਹਾਸਾ) ਇੱਥੇ ਬੜੇ ਬਜਟ ਪੜ੍ਹੇ ਗਏ ਪਰ ਨਾ

ਉਹ ਬਜਟ ਪੜ੍ਹਨ ਵਾਲੇ ਆਏ ਤੇ ਨਾ ਅੱਜ ਤੱਕ ਜਿਹੜੀਆਂ ਗੱਲਾਂ ਕਹੀਆਂ, ਨਾ ਉਹ ਬਜਟ ਵਿੱਚ ਰੱਖੀਆਂ ਗਈਆਂ ਤੇ ਨਾ ਹੀ ਉਹ ਲੋਕਾਂ ਤੱਕ ਪਹੁੰਚੀਆਂ। (ਥੰਪਿੰਗ) ਮੈਂ ਇਸ ਕਰਕੇ ਗੱਲ ਸ਼ੁਰੂ ਕੀਤੀ ਹੈ ਕਿਉਂਕਿ ਉਨ੍ਹਾਂ ਦਾ ਪ੍ਰਧਾਨ ਸਾਹਿਬ ਨਾਲ ਬੜਾ ਪਿਆਰ ਹੈ ਜੀ ਤੇ ਮੈਂ ਕਾਫੀ ਵਾਰ ਇਨ੍ਹਾਂ ਨੂੰ ਪਿਆਰ ਕਰਦੇ ਹੋਏ ਸੁਣਿਆ ਹੈ। ਮੈਂ ਜਿਹੜੀ ਬੇਨਤੀ ਕਰ ਰਿਹਾ ਹਾਂ ਉਹ ਸੁਣੋ ਕਿ ਜੇਕਰ ਅਸੀਂ ਗੱਲ ਕਹੀਏ ਇਹ ਬਜਟ ਇਕੱਲੇ ਕਿਸਾਨਾਂ ਲਈ ਹੈ ਤਾਂ ਮੈਂ ਨਹੀਂ ਮੰਨਦਾ। ਇਹ ਪੰਜਾਬ ਦੇ ਲਈ ਹੈ। 450 ਕਰੋੜ ਰੁਪਏ ਉਨ੍ਹਾਂ ਕਿਸਾਨਾਂ ਨੂੰ ਦੇਣਾ ਹੈ ਜਿਨ੍ਹਾਂ ਨੇ ਸਿੱਧੀ ਬਿਜਾਈ ਕੀਤੀ ਹੈ ਕਿਉਂਕਿ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' (ਥੰਪਿੰਗ) ਤੇ ਪਾਣੀ ਸਾਰੇ ਪੰਜਾਬ ਦਾ ਹੈ, ਇਕੱਲੇ ਕਿਸਾਨਾਂ ਦਾ ਨਹੀਂ ਹੈ, ਇਹ ਸਾਰਿਆਂ ਨੇ ਵਰਤਣਾ ਹੈ। ਮੈਂ ਇਸ ਗੱਲ ਲਈ ਕਿਹਾ ਹੈ ਕਿ ਇਹ ਹਰੇਕ ਵਰਗ ਦਾ ਬਜਟ ਹੈ। ਗੱਲ ਚਲੀ ਸੀ ਕਿ ਮੂੰਗੀ ਖਰੀਦ ਨਹੀਂ ਹੁੰਦੀ। ਤੁਸੀਂ ਮੂੰਗੀ ਦੀ ਡਾਇਵਰਸੀਫਿਕੇਸ਼ਨ ਦੀ ਗੱਲ ਕਰ ਦਿੱਤੀ। 66 ਕਰੋੜ ਰੁਪਏ ਮੂੰਗੀ ਦੀ ਐਮ.ਐਸ.ਪੀ. ਲਈ ਰੱਖ ਦਿੱਤਾ।

**ਸ.ਸ.–ਸ਼.ਜ./7:50/28.06.2022**

ਇਹ ਬੜੀ ਗੱਲ ਸੰਜੀਦਗੀ ਨਾਲ ਸੋਚਣ ਵਾਲੀ ਹੈ। ਕਿਸੇ ਵੀ ਕਿਸਾਨ ਦਾ ਦਿਲ ਨਹੀਂ ਕਰਦਾ ਕਿ ਉਹ ਆਪਣੇ ਖੇਤ ਵਿੱਚ ਅੱਗ ਲਗਾਵੇ। ਅਸੀਂ ਪਿੱਛੇ-ਜਿਹੇ ਘਟਨਾਵਾਂ ਵੇਖੀਆਂ ਹਨ, ਮਾਸੂਮ ਬੱਚੇ ਜਲੇ ਹਨ। ਬੱਸ ਦਾ ਐਕਸੀਡੈਂਟ ਹੋ ਗਿਆ ਕਿਉਂਕਿ ਕਿਸਾਨ ਨੂੰ ਆਪਣੇ ਖੇਤ ਨੂੰ ਅੱਗ ਲਗਾਉਣੀ ਪਈ ਸੀ। ਜਿਵੇਂ ਕਿਸਾਨ ਪਰਾਲੀ ਨੂੰ ਅੱਗ ਲਗਾਉਂਦਾ ਹੈ, ਕਣਕ ਦੇ ਨਾੜ ਨੂੰ ਅੱਗ ਲਗਾਉਂਦਾ ਹੈ, ਚੁੱਕ ਕੇ ਪਰਚਾ ਦਿਉ ਤੇ ਅੰਦਰ ਕਰ ਦਿਉ, No, ਅਸੀਂ ਅੱਜ ਤੱਕ ਨਹੀਂ ਕੀਤਾ, ਸਾਡੀ ਸਰਕਾਰ ਨੇ 200 ਕਰੋੜ ਰੁਪਿਆ ਪਰਾਲੀ ਨੂੰ ਸੰਭਾਲਣ ਲਈ ਰੱਖਿਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇੰਨੀ ਵੱਡੀ ਰਕਮ, ਬਿਜਲੀ ਮੰਤਰੀ ਜੀ ਬੈਠੇ ਹਨ, ਮੈਂ ਇਨ੍ਹਾਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ। ਪਹਿਲਾਂ ਬੀਬਾ ਜੀ ਬੋਲ ਕੇ ਹਟੇ ਹਨ, ਅੱਜ ਸਾਡੀ ਸਰਕਾਰ ਨੇ 6947 ਕਰੋੜ ਰੁਪਿਆ ਕਿਸਾਨਾਂ ਨੂੰ ਬਿਜਲੀ ਲਈ ਰੱਖਿਆ ਹੈ, ਮੈਂ ਆਪਣੀ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਅਸੀਂ ਜਦੋਂ ਪੰਜਾਬ ਤੋਂ ਬਾਹਰ ਜਾਂਦੇ ਹਾਂ, ਰਾਜਸਥਾਨ ਜਾਂ ਹੋਰ ਕਈ ਸਟੇਟਾਂ ਵਿੱਚ ਜਾ ਕੇ ਆਏ ਹਾਂ, ਉੱਥੇ ਪਾਣੀ ਕਿਸ ਭਾਅ ਵਿਕਦਾ ਹੈ, ਪਾਣੀ ਕਿਸ ਤਰ੍ਹਾਂ ਮਿਲਦਾ ਹੈ, ਉਹ ਤੁਸੀਂ ਵੀ ਜਾਣਦੇ ਹੋ, ਮੈਂ ਜਾਣਦਾ ਹਾਂ ਕਿ ਲਗਭੱਗ ਕਾਫੀ ਲੋਕ ਜਾਣਦੇ ਹਨ। ਬਾਰਸ਼ ਦੇ ਪਾਣੀ ਨੂੰ ਸਾਂਭਣਾ ਅਤੇ ਉਸ ਨੂੰ ਅੱਗੇ ਸਿੰਚਾਈ ਲਈ ਵਰਤਣਾ, ਉਸ ਨੂੰ ਅੱਗੇ ਹੋਰ ਤਰੀਕਿਆਂ ਲਈ ਵਰਤਣਾ, ਅੱਜ ਤੱਕ ਸਰਕਾਰ ਨੇ ਸਿਰਫ ਗੱਲਾਂ ਹੀ ਕੀਤੀਆਂ ਹਨ। ਸਾਡੀ ਸਰਕਾਰ ਨੇ ਪੀਣਯੋਗ ਪਾਣੀ ਤੇ ਬਰਸਾਤੀ ਪਾਣੀ ਦੀ ਸੰਭਾਲ ਲਈ

ਗਰਾਊਂਡ ਵਾਟਰ ਰੀਚਾਰਜਿੰਗ ਦੇ ਪ੍ਰਬੰਧਾਂ ਲਈ 21 ਕਰੋੜ ਰੁਪਿਆ ਰੱਖਿਆ ਹੈ। ਮੈਂ ਇਸ ਗੱਲ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਦੇ ਨਾਲ ਜਿਹੜੀ ਪਿੱਛੇ ਜਿਹੇ ਸੋਸ਼ਲ ਮੀਡੀਆ ਤੇ ਵੀਡੀਉ ਘੁੰਮੀ ਬੜੀ ਭਾਵਨਾਤਮਕ ਸੀ। ਸਕੂਲ ਵਿੱਚ ਟੀਚਰ ਕਹਿੰਦਾ ਹੈ ਕਿ ਫਲਾਣਾ ਸਿੰਘ, ਫਲਾਣਾ ਤੇ ਫਲਾਣਾ ਨੂੰ ਵਜ਼ੀਫਾ ਤੇ ਵਰਦੀ, ਉਨ੍ਹਾਂ ਵਿੱਚੋਂ ਇੱਕ ਬੱਚਾ ਉੱਠ ਕੇ ਕਹਿੰਦਾ ਹੈ ਕਿ ਮੇਰਾ ਕਸੂਰ ਕੀ ਹੈ? ਉਹ ਲੋੜਵੰਦ ਪਰਿਵਾਰ ਦਾ ਸੀ, ਉਸ ਦਾ ਕਸੂਰ ਸੀ ਕਿ ਜਨਰਲ ਪਰਿਵਾਰ ਵਿੱਚੋਂ ਉੱਠ ਕੇ ਆਇਆ ਸੀ, ਜਨਰਲ ਪਰਿਵਾਰ ਵਿੱਚ ਉਸ ਨੇ ਜਨਮ ਲਿਆ। ਮੈਂ ਭਗਵੰਤ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਜਨਰਲ ਵਰਗ ਦੇ ਲੋੜਵੰਦਾਂ ਲਈ ਸੋਚਿਆ ਨਹੀਂ ਬਲਕਿ ਕਰਕੇ ਵੀ ਵਿਖਾਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਵਰਦੀਆਂ ਵੀ ਦਿੱਤੀਆਂ ਹਨ ਔਰ ਵਜ਼ੀਫੇ ਦਾ ਵੀ ਪ੍ਰਬੰਧ ਕੀਤਾ ਹੈ ਕਿਉਂਕਿ ਜੋ ਲੋਕਾਂ ਨੂੰ ਆਸਾਂ, ਉਮੀਦਾਂ ਸਨ, ਜਦੋਂ ਵੋਟ ਪਾਉਣ ਜਾਂਦੇ ਸੀ, ਲਾਈਨਾਂ ਵਿੱਚ ਲੱਗੇ ਸੀ, ਜਦੋਂ ਉਹ ਢਾਈ-ਤਿੰਨ ਫੁੱਟ ਦੇ ਪਰਦੇ ਵਿੱਚ ਬਟਨ ਦੱਬਣ ਲੱਗੇ ਤਾਂ ਜੋ ਆਸਾਂ, ਉਮੀਦਾਂ ਸੀ, ਉਹ ਪੂਰੀਆਂ ਕੀਤੀਆਂ। ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਜੀ। ਉਸ ਦੇ ਨਾਲ ਸਵੇਰੇ ਗੱਲ ਚੱਲ ਰਹੀ ਸੀ, ਹੁਣ ਤਾਂ ਸਾਥੀ ਨਹੀਂ ਰਹੇ, ਚਲੇ ਗਏ ਜੀ, ਇੱਕ-ਦੋ ਹੀ ਬੈਠੇ ਹਨ। ਮੁਹੱਲਾ ਕਲੀਨਿਕ ਦਾ ਰੌਲਾ ਪਾ ਰਹੇ ਸੀ, ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਦਿੱਲੀ ਦੇ ਮੁਹੱਲਾ ਕਲੀਨਿਕ ਜਿਸ ਦੀ ਸਟੱਡੀ ਅਮਰੀਕਾ ਨੇ ਕੀਤੀ, ਉਹ ਕੰਸੈਂਪਟ ਕੀ ਹੈ? ਉਨ੍ਹਾਂ ਨੇ ਉਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਹ ਸਵੇਰੇ ਇੱਧਰੋਂ ਵੀ ਆਵਾਜ਼ ਆਈ ਸੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਿ ਉਸ ਵਿੱਚ ਫਸਟ-ਏਡ ਹੀ ਹੋਣੀ ਹੈ। ਮੈਂ ਵਿੱਤ ਮੰਤਰੀ ਜੀ ਤੇ ਭਗਵੰਤ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੁਹੱਲਾ ਕਲੀਨਿਕ ਇਕੱਲਾ ਮੁਹੱਲਾ ਕਲੀਨਿਕ ਹੀ ਨਹੀਂ ਹੈ ਕਿ ਹਰੇਕ ਮੁਹੱਲੇ ਵਿੱਚ ਹੋਵੇਗੀ, ਇਹ ਪਿੰਡ ਕਲੀਨਿਕ ਪੰਜਾਬ ਦੇ ਵਿੱਚ ਨਾਂ ਦਿੱਤਾ ਗਿਆ ਹੈ। ਇਕੱਲੇ-ਇਕੱਲੇ ਪਿੰਡ ਵਿੱਚ ਇਹ ਕਲੀਨਿਕ ਖੁੱਲ੍ਹੇਗੀ ਅਤੇ ਉਸ ਵਿੱਚ ਸਾਰੇ ਟੈਸਟ, ਸਾਰੀਆਂ ਦਵਾਈਆਂ ਹੋਣੀਆਂ ਤੇ ਡਾਕਟਰ ਵਿੱਚ ਬੈਠੇਗਾ ਜਿਸ ਨਾਲ ਪੰਜਾਬ ਦੇ ਆਮ ਲੋਕਾਂ ਨੂੰ ਸਹੂਲਤ ਮਿਲੇਗੀ ਕਿਉਂਕਿ ਜਦੋਂ ਕਰੋਨਾ ਹੋਇਆ ਸੀ ਤਾਂ ਪਤਾ ਲੱਗਿਆ ਕਿ ਸਾਰੇ ਪ੍ਰਾਈਵੇਟ ਅਦਾਰੇ ਬੰਦ ਹੋ ਗਏ ਪਰ ਪਿੰਡ ਵਿੱਚ ਜਿਹੜਾ ਡਾਕਟਰ ਬੈਠਾ ਸੀ, ਉਸ ਨੇ ਹੀ ਸਾਥ ਦਿੱਤਾ ਸੀ। ਪਿੰਡ ਵਿੱਚ ਪਿਛਲੇ ਸਮੇਂ ਤੋਂ ਡਿਸਪੈਂਸਰੀਆਂ ਬੰਦ ਪਈਆਂ ਹਨ, ਖੰਡਰ ਬਣੇ ਪਏ ਹਨ, ਉੱਥੇ ਅੰਦਰ ਪਸ਼ੂ ਬੈਠੇ ਹਨ, ਜਾਨਵਰਾਂ ਨੇ ਜਾ ਕੇ ਆਲ੍ਹਣੇ ਪਾ ਲਏ ਹਨ। ਉਹ ਮੁਹੱਲਾ ਕਲੀਨਿਕ ਹਰੇਕ ਪਿੰਡ ਵਿੱਚ ਅਤੇ ਸ਼ਹਿਰ ਵਿੱਚ ਵਾਰਡ ਕਲੀਨਿਕ ਔਰ ਇਸ ਦੀ ਸ਼ੁਰੂਆਤ 75ਵੇਂ ਆਜ਼ਾਦੀ ਦਿਵਸ ਉੱਤੇ ਕੀਤੀ ਹੈ, 75 ਮੁਹੱਲਾ ਕਲੀਨਿਕ ਜਾਂ 117 ਮੁਹੱਲਾ ਕਲੀਨਿਕ ਬਣਾ ਕੇ ਦੇਣੇ ਹਨ, ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਜੀ।

ਜਿਵੇਂ ਮੈਂ ਪਹਿਲਾਂ ਗੱਲ ਕਹੀ ਹੈ ਕਿ ਢਾਈ ਫੁੱਟ ਦੇ ਪਰਦੇ ਪਿੱਛੇ ਜਦੋਂ ਲੋਕਾਂ ਨੇ ਵੋਟਾਂ ਪਾਈਆਂ ਤਾਂ ਉਨ੍ਹਾਂ ਦੇ ਮਨ ਵਿੱਚ ਆਸ, ਉਮੀਦ ਸੀ। ਇਹ ਸਾਡੀ ਕੈਬਨਿਟ ਬੈਠੀ ਹੈ। ਤੁਸੀਂ ਇਕੱਲੇ-ਇਕੱਲੇ ਮੰਤਰੀ ਦੇ

ਅੰਕੜੇ ਕੱਢ ਦੇ ਵੇਖ ਲਵੋ ਜੀ, ਟਰਾਂਸਪੋਰਟ ਦਾ ਵੇਖ ਲਵੋ ਜੀ, ਰੈਵੇਨਿਊ ਦਾ ਵੇਖ ਲਵੋ ਜੀ, ਤੁਸੀਂ ਸਾਡੇ ਐਜੂਕੇਸ਼ਨ ਮਨਿਸਟਰ ਦਾ ਕੰਮ-ਕਾਰ ਵੇਖ ਲਵੋ ਜੀ। ਇਨ੍ਹਾਂ ਦੇ ਨਾਲ ਧਾਲੀਵਾਲ ਸਾਹਿਬ ਬੈਠੇ ਹਨ (ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਵੱਲ ਇਸ਼ਾਰਾ)। ਮੈਂ ਕਹਿੰਦਾ ਹਾਂ ਜੀ ਕਿ ਰਿਕਾਰਡ ਤੋੜ ਵਾਧਾ ਰੈਵੇਨਿਊ ਵਿੱਚ, ਰਿਕਾਰਡ ਤੋੜ ਵਾਧਾ ਟਰਾਂਸਪੋਰਟ ਦੇ ਵਿੱਚ ਔਰ ਐਜੂਕੇਸ਼ਨ ਦੇ ਵਿੱਚ ਅਸੀਂ ਜਾਗ੍ਰਿਤੀ ਲੈ ਕੇ ਆ ਰਹੇ ਹਾਂ। ਸਵੇਰੇ ਇੱਥੋਂ ਗੱਲ ਕਰ ਰਹੇ ਸੀ ਕਿ ਚਮਤਕਾਰ, ਇਹ ਕੋਈ ਚਮਤਕਾਰ ਤੋਂ ਘੱਟ ਨਹੀਂ ਕੀਤਾ ਜੀ।

**ਗ.ਕੌ./ਸ.ਜ./7.55/28.06.2022**

ਸਾਡੇ ਵਣ ਮੰਤਰੀ ਸਾਹਿਬ ਬੈਠੇ ਹਨ। ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਜਿਹੜਾ ਸਵੇਰੇ ਤਿੰਨ ਵਜੇ ਚਮਤਕਾਰ ਹੁੰਦਾ ਹੈ ਮੈਨੂ ਲੱਗਦਾ ਇਨ੍ਹਾਂ ਨੂੰ ਪਤਾ ਨਹੀਂ ਲੱਗਿਆ। ਇੱਕ ਹੁੰਦੀ ਚੋਰੀ ਅਤੇ ਇੱਕ ਹੁੰਦੀ ਸੀਨਾ ਜੋਰੀ, ਇੱਕ ਹੁੰਦਾ ਡਾਕੂ, ਨਾਮ ਰੱਖ ਕੇ ਸੰਤਾਂ ਵਾਲਾ ਕੋਈ ਸਾਧ ਨਹੀਂ ਬਣ ਜਾਂਦਾ। ਜੇਕਰ ਡਾਕੂ ਨੂੰ ਫੜਨਾ ਹੋਵੇ ਤਾਂ ਫਿਰ ਸਾਡੀ ਸਰਕਾਰ ਨੇ ਸਵੇਰੇ ਤਿੰਨ ਵਜੇ ਜੋ ਚਮਤਕਾਰ ਕੀਤਾ ਉਹ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਕੀਤੇ ਜਾਣਗੇ। ਇਸ ਗੱਲ ਲਈ ਵੀ ਮੈਂ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਸਰ, ਇਸ ਵਿੱਚ ਸੱਚਾਈ ਹੈ ਕਿ ਜਿਹੜੀ ਪੰਜਾਬੀਆਂ ਦੀ ਫਿਤਰਤ ਹੈ ਜਿਹੜਾ ਪੰਜਾਬੀਆਂ ਦਾ ਲਹਿਜ਼ਾ ਹੈ, ਜਿਹੜਾ ਪੰਜਾਬੀਆਂ ਦਾ ਆਪਣਾ ਸੁਭਾਅ ਹੈ, ਜੇਕਰ ਕੋਈ ਪਿੰਡ ਵਿੱਚ ਰਾਹ ਪੁੱਛ ਲਵੇ ਕਿ ਫਲਾਣੇ ਦਾ ਘਰ ਕਿੱਥੇ ਹੈ ਤਾਂ ਪੰਜਾਬੀ ਉਸ ਨੂੰ ਘਰ ਤੱਕ ਛੱਡ ਕੇ ਆਉਂਦੇ ਹਨ। ਜੇਕਰ ਸੜਕ ਤੇ ਕਿਸੇ ਦਾ ਐਕਸੀਡੈਂਟ ਹੋ ਜਾਵੇ ਕਿਤੇ ਸੱਟ ਚੋਟ ਲੱਗ ਜਾਵੇ, ਪੰਜਾਬੀ ਭਾਈ ਘਨੱਈਆ ਜੀ ਦੇ ਵਾਰਿਸ ਹਨ ਤਾਂ ਉਹ ਚੁੱਕ ਕੇ ਹਸਪਤਾਲ ਤੱਕ ਲੈ ਕੇ ਜਾਂਦੇ ਹਨ। ਮਨ ਵਿੱਚ ਡਰ ਬਹੁਤ ਰਹਿੰਦਾ ਸੀ ਕਿ ਪੁਲਿਸ ਫੜ ਕੇ ਅੰਦਰ ਦੇ ਦੇਵੇਗੀ। ਪੁਲਿਸ ਕਹੇਗੀ ਕਿ ਤੂੰ ਹੀ ਮਾਰਿਆ ਹੈ। ਆਮ ਆਦਮੀ ਪਾਰਟੀ ਨੇ ਸ਼ੁਰੂਆਤ ਕੀਤੀ। ਇਏ ਫਰਿਸ਼ਤੇ ਬਣ ਕੇ ਆਏ ਹਨ। ਫਰਿਸ਼ਤੇ ਬਣ ਕੇ ਜਿਹੜੀ ਦਿੱਲੀ ਵਿੱਚ ਸਕੀਮ ਸ਼ੁਰੂ ਕੀਤੀ ਸੀ ਉਹ ਪੰਜਾਬ ਵਿੱਚ ਵੀ ਲਾਗੂ ਕੀਤੀ ਹੈ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਇਸ ਗੱਲ ਦਾ ਵੀ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ। ਆਪੋਜ਼ੀਸ਼ਨ ਵਾਲੇ ਗੱਲ ਕਰਦੇ ਹਨ ਕਿ ਪੈਸੇ ਕਿੱਥੋਂ ਆਉਣਗੇ? ਤੁਸੀਂ ਤਾਂ ਏਨੇ ਦਾ ਬਜਟ ਰੱਖ ਦਿੱਤਾ ਇਸ ਦੇ ਲਈ ਪੈਸੇ ਕਿੱਥੋਂ ਆਉਣਗੇ? ਸਾਲ 2015 ਵਿੱਚ ਜਦੋਂ ਆਮ ਆਦਮੀ ਪਾਰਟੀ ਦੀ ਸ਼ੁਰੂਆਤ ਹੋਈ ਅਤੇ ਪਹਿਲਾ ਬਜਟ ਪੇਸ਼ ਹੋਇਆ ਤਾਂ ਸਪੀਕਰ ਸਾਹਿਬ ਉਹ ਬਜਟ 26 ਹਜ਼ਾਰ ਕਰੋੜ ਦਾ ਬਜਟ ਪੇਸ਼ ਕੀਤਾ। ਦਿੱਲੀ ਸਰਕਾਰ ਦੀ ਗੱਲ ਕਰਦੇ ਹਨ ਜਿਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਦਿੱਲੀ ਮਾਡਲ ਕਿਉਂ ਬੋਲਦੇ ਹੋ। ਜੇਕਰ ਅਸੀਂ ਅੱਜ ਦੀ ਗੱਲ ਕਰ ਲਈਏ 78 ਹਜ਼ਾਰ ਕਰੋੜ ਦਾ ਬਜਟ ਆਮ ਆਦਮੀ ਪਾਰਟੀ ਦੀ ਕੱਟੜ ਇਮਾਨਦਾਰ ਸਰਕਾਰ ਨੇ ਦਿੱਲੀ ਵਿੱਚ ਪੇਸ਼ ਕੀਤਾ। ਜਿਹੜੇ ਬਜਟ ਸੈਸ਼ਨ

ਆਉਣਗੇ ਇਸ ਦੇ ਸਿੱਟੇ ਵੀ ਦੱਸ ਦੇਣਗੇ। ਭਾਵੇਂ ਇੱਧਰ ਬੈਠੇ ਹਨ ਭਾਵੇਂ ਉੱਧਰ ਬੈਠੇ ਹਨ ਜਿਹੜਾ ਬੰਦਾ ਲੋਕਾਂ ਵੱਲੋਂ ਚੁਣਿਆ ਜਾਂਦਾ ਹੈ ਜਾਂ ਪਿੰਡ ਵਿੱਚ ਕਿਸੇ ਨੂੰ ਕਿਸੇ ਕੋਲੋਂ ਆਸ ਹੁੰਦੀ ਹੈ ਤਾਂ ਬੰਦਾ ਉਸ ਕੋਲ ਹੀ ਕੰਮ ਨੂੰ ਜਾਂਦਾ ਹੈ। ਜਦੋਂ ਉਹ ਮੂਹਰੇ ਲਾਚਾਰ ਦਿਖਦਾ ਹੈ ਕਿ ਮੈਂ ਬੇਵੱਸ ਹਾਂ ਕਿਉਂਕਿ ਘਰ ਵਿੱਚ ਕੋਈ ਵੀ ਕਿਸੇ ਵੀ ਤਰ੍ਹਾਂ ਦੀ ਦਿੱਕਤ ਆ ਜਾਵੇ ਤਾਂ ਬੰਦਾ ਔਖਾ ਸੌਖਾ ਕੱਟ ਲੈਂਦਾ ਹੈ। ਕਿਸੇ ਦੇ ਪੁਰਾਣੇ ਕੱਪੜੇ ਲੈ ਕੇ ਪਹਿਨ ਲੈਂਦਾ ਹੈ। ਰੋਟੀ ਵੀ ਗੁਰਦੁਆਰੇ ਜਾਂ ਮੰਦਿਰ ਜਾ ਕੇ ਖਾ ਲੈਂਦਾ ਹੈ ਪਰ ਘਰ ਵਿੱਚ ਜਦੋਂ ਮਾਂ ਪਿਓ ਬਿਮਾਰ ਹੁੰਦੇ ਹਨ ਤਾਂ ਉਸ ਟਾਈਮ ਉਸ ਬੰਦੇ ਤੇ ਕੀ ਬੀਤਦੀ ਹੈ ਇਹ ਉਸ ਨੂੰ ਹੀ ਪਤਾ ਹੁੰਦਾ ਹੈ। ਘਰ ਤੇ ਝੰਡਾ ਜਿਹੜੀ ਮਰਜ਼ੀ ਪਾਰਟੀ ਦਾ ਲੱਗਾ ਹੋਵੇ ਜਦੋਂ ਪ੍ਰਾਈਵੇਟ ਹਸਪਤਾਲ ਵਾਲਾ ਕਹਿੰਦਾ ਕਿ ਲੱਖ ਰੁਪਿਆ ਜਮ੍ਹਾਂ ਕਰਵਾ। ਤਾਂ ਉਸ ਟਾਈਮ ਹੀ ਪਤਾ ਲੱਗਦਾ ਹੈ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਅੱਜ ਤੱਕ ਪੰਜਾਬ ਦੇ 75 ਸਾਲਾਂ ਦੇ ਵਿੱਚ 9 ਮੈਡੀਕਲ ਕਾਲਜ ਹਨ। 9 ਵਿੱਚੋਂ 6 ਕਾਲਜ ਪ੍ਰਾਈਵੇਟ ਹਨ। ਤਿੰਨ ਸਰਕਾਰੀ ਕਾਲਜ ਹਨ। 75 ਸਾਲਾਂ ਵਿੱਚ ਸਿਰਫ ਤਿੰਨ ਮੈਡੀਕਲ ਕਾਲਜ ਬਣੇ ਹਨ। ਇਹ ਸਮਝ ਹੀ ਨਹੀਂ ਆਉਂਦੀ ਕਿ 75 ਸਾਲਾਂ ਵਿੱਚ ਸਰਕਾਰਾਂ ਕੀ ਕਰਦੀਆਂ ਰਹੀਆਂ ਹਨ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਹਰ ਜ਼ਿਲ੍ਹੇ ਵਿੱਚ ਇੱਕ ਮਿੰਨੀ PGI ਟਾਈਪ 16 ਹੋਰ ਮੈਡੀਕਲ ਕਾਲਜ ਪੰਜ ਸਾਲਾਂ ਵਿੱਚ ਬਣਾਉਣ ਦਾ ਵਾਅਦਾ ਕੀਤਾ। ਜੋ ਕੁਝ 75 ਸਾਲਾਂ ਵਿੱਚ ਨਹੀਂ ਹੋਇਆ ਉਹ ਹੁਣ ਪੰਜ ਸਾਲਾਂ ਵਿੱਚ ਹੋਵੇਗਾ। ਇਸ ਲਈ ਇਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ, ਮਾਨ ਸਾਹਿਬ ਦੀ ਕੱਟੜ ਇਮਾਨਦਾਰ ਸਰਕਾਰ ਕਹਿੰਦੇ ਹਨ। ਜਦੋਂ ਘਰ ਵਿੱਚ ਇਹੋ ਜਿਹੇ ਹਾਲਾਤ ਹੋ ਜਾਣ ਕਿ ਅਸੀਂ ਬੁੱਢੇ ਮਾਂ ਪਿਓ ਦਾ ਇਲਾਜ ਨਾ ਕਰਵਾ ਸਕੀਏ। ਅਸੀਂ ਪ੍ਰਾਈਵੇਟ ਖੇਤਰਾਂ ਵਿੱਚ ਜਾ ਕੇ ਵੀਡੀਓ ਪਾਈਏ ਕਿ ਫਲਾਣਾ ਬੰਦਾ ਬਿਮਾਰ ਪਿਆ ਹੈ। ਇਸ ਦੀ ਕਿਡਨੀ ਬਦਲੀ ਜਾਣੀ ਹੈ। ਇਸ ਦਾ ਡਾਇਲਸਿਸ ਹੋਣਾ ਹੈ। ਇਸ ਦਾ ਇਲਾਜ ਸਾਡੀਆਂ ਸੰਸਥਾਵਾਂ ਕਰਨ ਤਾਂ ਫਿਰ ਸਰਕਾਰਾਂ ਕਿਸ ਲਈ ਚੁਣੀਆਂ ਜਾਂਦੀਆਂ ਹਨ। ਕਿਸ ਗੱਲ ਦੀਆਂ ਵੋਟਾਂ ਪਾਈਆਂ ਜਾਣੀਆਂ ਹਨ। ਐਜੂਕੇਸ਼ਨ ਵਿੱਚ ਕਿਹੜੇ ਰਿਕਾਰਡ ਬਣਾਏ ਗਏ ਹਨ। ਬਜਟ ਵਿੱਚ 16% ਵਾਧਾ, ਟੈਕਨੀਕਲ ਐਜੂਕੇਸ਼ਨ ਵਿੱਚ 47% ਵਾਧਾ, ਮੈਡੀਕਲ ਐਜੂਕੇਸ਼ਨ ਵਿੱਚ 56% ਵਾਧਾ ਕੀਤਾ ਗਿਆ ਹੈ। ਮੈਂ ਇਸ ਗੱਲ ਦਾ ਵੀ ਆਪਣੀ ਸਰਕਾਰ ਦਾ ਅਤੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਮੈਂ ਅਖੀਰ ਵਿੱਚ ਬੇਨਤੀ ਕਰਨ ਲੱਗਾ ਹਾਂ। ਹੋ ਸਕਦਾ ਹੈ ਕਿ ਮੇਰੇ ਅਤੇ ਮੇਰੇ ਸਾਥੀ ਜਿਹੜੇ ਨਵੇਂ ਚੁਣ ਕੇ ਆਏ ਹਨ ਉਨ੍ਹਾਂ ਦੇ ਨੈਣ ਨਕਸ਼ ਵਧੀਆ ਨਾ ਹੋਣ। ਹੋ ਸਕਦਾ ਹੈ ਕਿ ਅਸੀਂ ** ** ਵਰਗੇ ਹੋਈਏ। ਜਿਹੜੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਕਾਫੀ ਖੂਬਸੂਰਤ ਹਨ। ਉਨ੍ਹਾਂ ਨੂੰ ਪ੍ਰਮਾਤਮਾ ਨੇ ਕਾਫੀ ਰੰਗ ਰੂਪ ਦਿੱਤਾ ਹੈ। ਉਹ ਸੋਹਣੇ ਵੀ ਹਨ। ਅਸੀਂ ਬੇਸ਼ਕਲਾਂ ਵਾਲੇ ਹੋ ਸਕਦੇ ਹਾਂ। ** ਵੀ ਹੋ ਸਕਦੇ ਹਾਂ।

**ਮਾਨਯੋਗ ਸਪੀਕਰ:** ** ਸ਼ਬਦ ਕੱਟ ਦਿੱਤਾ ਜਾਵੇ।

ਸਦਨ ਬੁੱਧਵਾਰ ਮਿਤੀ 29 ਜੂਨ, 2022 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

***8.00 ਵਜੇ ਰਾਤ)** **(ਇਸ *ਸਮੇਂ ਸਦਨ ਬੁੱਧਵਾਰ, ਮਿਤੀ 29 ਜੂਨ, 2022 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ ।)**

-----